Space for Available
for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 274, ਮਿਤੀ : 18 ਅਕਤੂਬਰ ਤੋਂ 24 ਅਕਤੂਬਰ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਜਥੇਦਾਰ ਹਰਪ੍ਰੀਤ ਸਿੰਘ ਦਾ ਅਸਤੀਫ਼ਾ ਸਿੱਖ ਕੌਮ ਤੇ ਜਥੇਦਾਰਾਂ ਦੀ ਸਥਿਤੀ ਬਾਰੇ ਕੀ ਸੰਕੇਤ ਦਿੰਦਾ ਹੈ ? ਸਿੱਖ ਸਿਆਸਤ 'ਚ ਕੀ ਬਦਲਾਅ ਆ ਰਹੇ ਹਨ ?



## ਕੀ ਜਥੇਦਾਰਾਂ ਨੇ ਅਕਾਲੀ ਦਲ ਦੀ ਲੀਡਰਸ਼ਿਪ ਖ਼ਿਲਾਫ਼ ਨਵਾਂ ਮੋਰਚਾ ਖੋਲ੍ਹਿਆ ਹੈ

ਸਵਾਲ ਉੱਠ ਰਹੇ ਹਨ ਕਿ ਕੀ ਸਿੱਖ ਪੰਥ ਦੇ ਜਥੇਦਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿਰੁੱਧ ਮੋਰਚਾ ਖੋਲ੍ਹਿਆ ਹੈ ? ਸਿੱਖ ਮਾਮਲਿਆਂ ਦੇ ਮਾਹਰ ਪ੍ਰੋ.ਫ਼ੈਸਰ ਗੁਰਦਰਸ਼ਨ ਸਿੰਘ ਢਿੱਲੋਂ ਕਹਿੰਦੇ ਹਨ ਕਿ ਇਹ ਸਾਰਾ ਘਟਨਾਕ੍ਰਮ ਕਿਸੇ ਵੀ ਰੂਪ ਵਿੱਚ ਅਕਾਲੀ ਦਲ ਖ਼ਿਲਾ.ਫ ਨਹੀਂ ਹੈ ਸਗੋਂ ਅਕਾਲੀ ਦਲ ਤਾਂ ਇੱਕ ਸਮਾਜਿਕ-ਰਾਜਨੀਤਿਕ ਸੰਸਥਾ ਹੈ। ਗੁਰਦਰਸ਼ਨ ਸਿੰਘ ਮੁਤਾਬਕ, ਕਦੇ ਵੀ ਕਿਸੇ ਮੁਕੰਮਲ ਸੰਸਥਾ ਨੂੰ ਕਸੂਰਵਾਰ ਨਹੀਂ ਕਿਹਾ ਜਾ ਸਕਦਾ। ਹਾਂ, ਕਿਸੇ ਵਿਅਕਤੀ ਵਿਸ਼ੇਸ਼ ਨੂੰ ਜ਼ਰੂਰ ਕਿਹਾ ਜਾ ਸਕਦਾ ਹੈ। ਇਸ ਗੱਲ ਨਾਲ ਪੰਥਕ ਮਾਮਲਿਆਂ ਦੇ ਮਾਹਰ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਵੀ ਇਤਫ਼ਾਕ ਰੱਖਦੇ ਹਨ। ਉਹ ਕਹਿੰਦੇ ਹਨ ਕਿ ਇਸ ਨੂੰ ਅਕਾਲੀ ਦਲ ਖ਼ਿਲਾ.ਫ ਮੋਰਚਾ ਕਹਿਣਾ ਠੀਕ ਨਹੀਂ ਹੈ। ਇਸ ਸਾਰੇ ਵਰਤਾਰੇ ਨਾਲ ਜਥੇਦਾਰਾਂ ਦੀ ਧਾਰਮਿਕ ਹਸਤੀ ਨੂੰ ਜ਼ਰੂਰ ਠੇਸ ਲੱਗੀ ਹੈ। ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਅਕਾਲੀ ਦਲ ਵਿੱਚੋਂ ਅਸਤੀ.ਫ਼ਾ ਦੇ ਕੇ ਬਾਹਰ ਹੋਏ ਵਿਰਸਾ ਸਿੰਘ ਵਲਟੋਹਾ ਨੇ ਜੋ ਕੁਝ ਵੀ ਕਿਹਾ ਉਹ ਸੁਖਬੀਰ ਬਾਦਲ ਦੀ ਸਹਿਮਤੀ ਤੋਂ ਬਿਨ੍ਹਾਂ ਹੋਇਆ ਹੋਵੇ ਅਜਿਹਾ ਨਹੀਂ ਹੋ ਸਕਦਾ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਭਾਵੁਕ ਵੀਡੀਓ ਪਾਉਣ ਅਤੇ ਅਸਤੀ.ਫ਼ਾ ਦੇਣ ਤੋਂ ਬਾਅਦ ਉਨ੍ਹਾਂ ਦੇ ਪੱਖ ਵਿੱਚ ਪੰਥਕ ਹਲਕਿਆਂ ਵੱਲੋਂ 'ਇਸ ਔਖੀ ਘੜੀ' ਵਿੱਚ ਨਾਲ ਖੜੇ ਹੋਣ ਦੀ ਗੱਲ ਆਖੀ ਜਾ ਰਹੀ ਹੈ। ਹਾਲਾਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਹਰਪ੍ਰੀਤ ਸਿੰਘ ਦਾ ਅਸਤੀ.ਫ਼ਾ ਰੱਦ ਕਰ ਦਿੱਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਬੁੱਧਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਆਗੂ ਵਿਰਸਾ ਸਿੰਘ ਵਲਟੋਹਾ ਵਲੋਂ ਕੀਤੀ ਬਿਆਨਬਾਜ਼ੀ ਨੂੰ ਕਾਰਨ ਦੱਸਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਅਸਤੀ.ਫ਼ਾ ਦੇ ਦਿੱਤਾ ਸੀ। ਹਰਪ੍ਰੀਤ ਸਿੰਘ ਨੇ ਇਲਜ਼ਾਮ ਲਗਾਇਆ ਸੀ ਕਿ ਉਨ੍ਹਾਂ ਦੀ ਜਾਤ ਅਤੇ ਧੀਆਂ ਬਾਰੇ ਬੋਲਿਆ ਜਾ ਰਿਹਾ ਹੈ। ਇਸੇ ਦੌਰਾਨ ਹਰਪ੍ਰੀਤ ਸਿੰਘ ਦੀ ਹਮਾਇਤ ਉੱਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੀ ਸਾਹਮਣੇ ਆ ਗਏ ਸਨ। ਕਿਸੇ ਤਖ਼ਤ ਦੇ ਜਥੇਦਾਰ ਵਲੋਂ ਮਜ਼ਬੂਰੀ ਜਾਂ .ਗੈਰ-ਸੁਰੱਖਿਅਤ ਸਥਿਤੀ ਦਾ ਹਵਾਲਾ ਦੇ ਕੇ ਅਸਤੀ.ਫ਼ਾ ਦੇਣਾ ਅਕਾਲ ਤਖ਼ਤ ਅਤੇ ਉਸ ਦੇ ਸਰਵਉੱਚ ਅਹੁਦੇ ਦੇ ਰੁਤਬੇ ਦੀ ਮੌਜੂਦਾ ਸਥਿਤੀ ਉੱਤੇ ਵੀ ਸਵਾਲ ਖੜੇ ਕਰਦਾ ਹੈ। ਇਸ ਘਟਨਾਕ੍ਰਮ ਨਾਲ ਤਖ਼ਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਪਨਪਦਾ ਟਕਰਾਅ ਵੀ ਉਭਰ ਕੇ ਸਾਹਮਣੇ ਆਇਆ ਹੈ।

**'ਜਥੇਦਾਰ ਦੇ ਰੁਤਬੇ ਨੂੰ ਢਾਹ ਲੱਗੀ'**

ਅਕਾਲ ਤਖ਼ਤ ਦੀ ਪੰਜਾਬੀਆਂ ਲਈ ਖ਼ਾਸਕਰ ਸਿੱਖ ਭਾਈਚਾਰੇ ਲਈ ਖ਼ਾਸ ਅਹਿਮੀਅਤ ਹੈ। ਐੱਸਜੀਪੀਸੀ ਨੂੰ ਸਿੱਖਾਂ ਦੀ ਪਾਰਲੀਮੈਂਟ ਕਿਹਾ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੀ ਹੈ।

ਮੌਜੂਦਾ ਸਥਿਤੀ ਵਿੱਚ ਹੋਈਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਲੋਕਾਂ ਨੇ ਸਿਆਸੀ ਤੌਰ ਉੱਤੇ ਨਕਾਰਇਆ ਪਰ ਅਕਾਲ ਤਖ਼ਤ ਅਤੇ ਐੱਸਜੀਪੀਸੀ ਦੀ ਅਹਿਮੀਅਤ ਸਿੱਖਾਂ ਦੇ ਮਨਾਂ ਵਿੱਚ ਮੌਜੂਦ ਹੈ।

ਪਰ ਸਿਆਸੀ ਘਟਨਾਕ੍ਰਮ ਦੇ ਪ੍ਰਤੀਕਰਮ ਵਿੱਚ ਕਿਸੇ ਤਖ਼ਤ ਦੇ ਜਥੇਦਾਰ ਦਾ ਅਸਤੀ.ਫ਼ਾ ਦੇਣਾ ਕਈ ਸਵਾਲ ਖੜੇ ਕਰਦਾ ਹੈ। ਇਹਨਾਂ ਵਿੱਚ ਅਹਿਮ ਹੈ ਕਿ ਕੀ ਅਕਾਲ ਤਖ਼ਤ ਸਣੇ ਦੂਜੀਆਂ ਸਿੱਖ ਸੰਸਥਾਵਾਂ ਦਾ ਰੁਤਬਾ ਘੱਟਿਆ ਹੈ ?

ਜਦੋਂ ਇਸ ਬਾਰੇ ਗੁਰਦਰਸ਼ਨ ਸਿੰਘ ਢਿੱਲੋਂ ਨੂੰ ਪੁੱਛਿਆ ਕਿ ਅਕਾਲ ਤਖ਼ਤ ਸਿੱਖਾਂ ਦੀ ਸਰਬਉੱਚ ਸੰਸਥਾ ਹੈ ਅਤੇ ਉਸ ਦਾ ਜਥੇਦਾਰ ਹੋਣਾ ਅਧਿਕਾਰ ਭਰਿਆ ਰੁਤਬਾ ਹੈ, ਜਥੇਦਾਰ ਦੇ ਕਹੇ ਬੋਲਾਂ ਨੂੰ ਸਾਰੇ ਸਵਿਕਾਰਦੇ ਹਨ ਪਰ ਫ਼ਿਰ ਵੀ ਜੇ ਕਿਸੇ ਤਖਤ ਦਾ ਜਥੇਦਾਰ ਕਿਸੇ ਮਸਲੇ ਉੱਤੇ ਇਹ ਕਹੇ ਕਿ ਉਹ ਇਸ ਅਹੁਦੇ ਉੱਤੇ ਕੰਮ ਨਹੀਂ ਕਰ ਸਕਦਾ ਤਾਂ ਕੀ ਮੰਨਿਆ ਜਾਵੇ ਕਿ ਹੁਣ ਉਸ ਦੇ ਅਹੁਦੇ ਦੀ ਅਹਿਮੀਅਤ ਘੱਟ ਗਈ ਹੈ?

ਗੁਰਦਰਸ਼ਨ ਕਹਿੰਦੇ ਹਨ, ਇਹ ਉਸੇ ਤਰ੍ਹਾਂ ਹੈ ਜਿਵੇਂ ਸੁਪਰੀਮ ਕੋਰਟ ਦਾ ਜੱਜ ਕਹੇ ਕਿ ਮੈਂ ਕਿਸੇ ਮਾਮਲੇ ਵਿੱਚ .ਫ਼ੈਸਲਾ ਨਹੀਂ ਲੈ ਸਕਦਾ। ਆਪਣੀ ਜ਼ਿੰਮੇਵਾਰੀ ਤੋਂ ਕਿਨਾਰਾ ਕਰੇ ਤਾਂ ਇਹ ਬੇਸ਼ੱਕ ਮਾੜਾ ਵਰਤਾਰਾ ਹੈ।

ਉਹ ਕਹਿੰਦੇ ਹਨ, ਗਿਆਨੀ ਹਰਪ੍ਰੀਤ ਸਿੰਘ ਨੇ ਇਲਜ਼ਾਮ ਲਾਇਆ ਹੈ ਕਿ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਹ ਤਖ਼ਤ ਦੇ ਜਥੇਦਾਰ ਹੋਣ ਦੇ ਨਾਲ-ਨਾਲ ਧੀਆਂ ਦੇ ਪਿਤਾ ਵੀ ਹਨ।

ਗੁਰਦਰਸ਼ਨ ਕਹਿੰਦੇ ਹਨ, ਅਜਿਹੀ ਸਥਿਤੀ ਵਿੱਚ ਇਹ ਸਮਝਣਾ ਚਾਹੀਦਾ ਹੈ ਕਿ ਧੀਆਂ ਖ਼ਿਲਾ.ਫ ਕਿਸੇ ਵੀ ਕਿਸਮ ਦਾ ਰਵੱਈਆ ਮਨੁੱਖਤਾ ਨਹੀਂ ਸਵਿਕਾਰਿਆ ਜਾਂਦਾ। ਮੈਂ ਸਮਝਦਾ ਹਾਂ ਕਿ ਇਹ ਅਸਤੀ.ਫ਼ਾ ਜਥੇਦਾਰ ਨਹੀਂ ਬਲਕਿ ਬੇਬੱਸੀ ਵਿੱਚ ਇੱਕ ਪਿਤਾ ਨੇ ਦਿੱਤਾ ਹੈ।

ਇਸੇ ਤਰ੍ਹਾਂ ਹਰਪ੍ਰੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਜਾਤ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ। ਜੋ ਕਿ ਬਹੁਤ ਮੰਦਭਾਗਾ ਹੈ। ਸਿੱਖ ਧਰਮ ਵਿੱਚ ਇਹ ਵਰਤਾਰਾ ਮਨਜ਼ੂਰ ਨਹੀਂ ਕੀਤੀ ਜਾ ਸਕਦਾ।

ਜਸਪਾਲ ਸਿੰਘ ਵੀ ਕਹਿੰਦੇ ਹਨ ਕਿ ਪਰਿਵਾਰਕ ਪੱਧਰ ਉੱਤੇ ਜਾਂ ਇੱਥੋਂ ਤੱਕ ਕਿ ਮਨੁੱਖਤਾ ਦੇ ਪੱਧਰ ਉੱਤੇ ਕਿਸੇ ਵੀ ਵਿਅਕਤੀ ਦੇ ਪਰਿਵਾਰ ਨੂੰ ਤੰਗ-ਪਰੇਸ਼ਾਨ ਕਰਨਾ ਸਵਿਕਾਰਿਆ ਨਹੀਂ ਜਾ ਸਕਦਾ।

ਜਥੇਦਾਰ ਹਰਪ੍ਰੀਤ ਸਿੰਘ ਦੇ ਅਸਤੀ.ਫ਼ੇ ਬਾਰੇ ਉਹ ਕਹਿੰਦੇ ਹਨ, ਜਥੇਦਾਰ ਸਾਹਿਬਾਨ ਨੂੰ ਅਜਿਹੇ ਵਰਤਾਰੇ (ਅਸਤੀ.ਫ਼ੇ) ਲਈ ਮਜ਼ਬੂਰ ਕੀਤਾ ਗਿਆ ਹੈ ਅਤੇ ਇਹ ਸਭ ਸਿਆਸਤ ਤੋਂ ਪ੍ਰੇਰਿਤ ਹੈ। ਪਰ ਇਸ ਨਾਲ ਸਿੱਖਾਂ ਦੇ ਜ਼ਿਹਨ ਵਿੱਚ ਜੋ ਜਥੇਦਾਰਾਂ ਦੀ ਹਸਤੀ ਸੀ ਉਸ ਨੂੰ ਖੋਰਾ ਲੱਗਿਆ ਹੈ।

ਇਸ ਘਟਨਾਕ੍ਰਮ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਅਕਾਲੀ ਦਲ ਸਾਹਮਣੇ ਜਥੇਦਾਰਾਂ ਦੀ ਕੀ ਹੈਸੀਅਤ ਹੈ।

ਜਸਪਾਲ ਸਿੰਘ ਮੁਤਾਬਕ, ਅਸਲ ਵਿੱਚ ਜਥੇਦਾਰ ਐੱਸਜੀਪੀਸੀ ਦੇ ਮੁਲਾਜ਼ਮ ਹੁੰਦੇ ਹਨ ਤੇ ਐੱਸਜੀਪੀਸੀ ਅਕਾਲੀ ਦਲ ਦੇ ਕੰਟਰੋਲ ਅਧੀਨ ਹੀ ਹੈ। ਇਸ ਤਰ੍ਹਾਂ ਅੰਤ ਨੂੰ ਜਥੇਦਾਰਾਂ ਨੂੰ ਅਕਾਲੀ ਦਲ ਦੇ ਆਗੂਆਂ ਜਾਂ ਕਹਿ ਲਵੋ ਬਾਦਲ ਪਰਿਵਾਰ ਦੀ ਅਧੀਨਗੀ ਮੰਨਣੀ ਪੈਂਦੀ ਹੈ। ਇਸੇ ਲਈ ਉਨ੍ਹਾਂ ਦਾ ਰੁਤਬਾ ਘਟਿਆ ਹੈ।

**ਅਕਾਲ ਤਖ਼ਤ ਤੇ ਅਕਾਲੀ ਦਲ ਵਿਚਕਾਰ ਟਕਰਾਅ ਦਾ ਅਸਰ**

ਅਕਾਲੀ ਦਲ ਦੇ ਸੱਤਾ ਵਿਚਲੇ ਸਮੇਂ ਹੋਈਆਂ ਕਥਿਤ ਭੁੱਲਾਂ ਲਈ ਸੁਖਬੀਰ ਬਾਦਲ ਸਣੇ ਕਈ ਅਕਾਲੀ ਆਗੂ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋ ਚੁੱਕੇ ਹਨ ਅਤੇ ਦਾਅਵਾ ਕੀਤਾ ਹੈ ਕਿ ਅਕਾਲ ਤਖ਼ਤ ਵਲੋਂ ਦਿੱਤੇ ਜਾਣ ਵਾਲੇ ਕਿਸੇ ਵੀ ਹੁਕਮ ਦੀ ਪਾਲਣਾ ਕਰਨ ਨੂੰ ਰਾਜ਼ੀ ਹਨ। ਪਰ ਹੁਣ ਜੋ ਸਾਬਕਾ ਅਕਾਲੀ ਆਗੂ ਅਤੇ ਜਥੇਦਾਰਾਂ ਦਰਮਿਆਨ ਟਕਰਾਅ ਸਾਹਮਣੇ ਆਇਆ ਹੈ ਉਸ ਦਾ ਅਕਾਲੀ ਦਲ ਉੱਤੇ ਕੀ ਅਸਰ ਪਵੇਗਾ ? ਇਸ ਦੇ ਜਵਾਬ ਵਿੱਚ ਗੁਰਦਰਸ਼ਨ ਸਿੰਘ ਕਹਿੰਦੇ ਹਨ ਕਿ ਅਕਾਲੀ ਦਲ ਸਿੱਖਾਂ ਦੀ ਸਮਾਜਿਕ-ਸਿਆਸੀ ਸੰਸਥਾ ਹੋਣ ਨਾਤੇ ਅਕਾਲ ਤਖ਼ਤ ਅਧੀਨ ਹੈ।

ਉਹ ਕਹਿੰਦੇ ਹਨ ਕਿ ਅਕਾਲੀ ਦਲ ਵਿੱਚ ਕਿਸ ਕਿਸਮ ਦੇ ਲੋਕ ਆਉਂਦੇ ਹਨ। ਇਹ ਜ਼ਰੂਰ .ਫ਼ਰਕ ਪਾਏਗਾ। ਹਾਂ, ਅਕਾਲੀ ਦਲ ਨੂੰ ਇੱਕ ਸੰਸਥਾ ਦੇ ਰੂਪ ਵਿੱਚ ਢਾਹ ਨਹੀਂ ਲੱਗੇਗੀ ਪਰ ਸਿਆਸੀ ਆਗੂਆਂ ਨੂੰ ਜ਼ਰੂਰ ਲੱਗ ਸਕਦੀ ਹੈ।ਜਸਪਾਲ ਸਿੰਘ ਕਹਿੰਦੇ ਹਨ, ਸੁਖਬੀਰ ਬਾਦਲ ਦਾ ਅਕਾਲ ਤਖ਼ਤ ਉੱਤੇ ਜਾਣਾ ਮਹਿਜ਼ ਸਿੱਖਾਂ ਨੂੰ ਦਿਖਾਉਣਾ ਹੈ ਕਿ ਉਹ ਤਖ਼ਤ ਦੀ ਸਰਵ-ਉੱਚਤਾ ਨੂੰ ਸਵਿਕਾਰਦੇ ਹਨ।

ਪਰ ਅਸਲ ਵਿੱਚ ਤਾਂ ਉਹ ਅਕਾਲੀ ਦਲ ਵਿੱਚ ਬਿਹਤਰੀ ਲਈ ਲੋੜੀਂਦੇ ਮੂਲ ਬਦਲਾਵਾਂ ਲਈ ਵੀ ਤਿਆਰ ਨਹੀਂ ਹਨ।

**ਭਵਿੱਖ ਦੀਆਂ ਕੀ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ**

ਗੁਰਦਰਸ਼ਨ ਕਹਿੰਦੇ ਹਨ, ਮੈਂ ਭਵਿੱਖ ਲਈ ਆਸਵੰਦ ਹਾਂ। ਸਿੱਖ ਧਰਮ ਹਮੇਸ਼ਾਂ ਪਹਿਲਾਂ ਨਾਲੋਂ ਮਜ਼ਬੂਤ ਹੀ ਹੋਇਆ ਹੈ। ਹਾਲ ਦੇ ਸਾਲਾਂ ਵਿੱਚ ਵੀ ਸਿੱਖ ਧਰਮ ਵਿਕਸਿਤ ਹੀ ਹੋਇਆ ਹੈ। ਸਿੱਖ ਪਛਾਣ ਦੇ ਮੁੱਦੇ ਉੱਤੇ ਵੀ ਸਿੱਖਾਂ ਨੇ ਮਜ਼ਬੂਤੀ ਨਾਲ ਪਹਿਰਾ ਦਿੱਤਾ ਹੈ। ਜਸਪਾਲ ਸਿੰਘ ਭਵਿੱਖ ਬਾਰੇ ਕਹਿੰਦੇ ਹਨ ਕਿ, ਜਿਸ ਸਮੇਂ ਇਹ ਸੰਸਥਾਵਾਂ (ਅਕਾਲ ਤਖ਼ਤ, ਐੱਸਜੀਪੀਸੀ) ਹੋਂਦ ਵਿੱਚ ਆਈਆਂ ਸਨ, ਹੁਣ ਉਸ ਨਾਲੋਂ ਪ੍ਰਸਥਿਤੀਆਂ ਬਿਲਕੁਲ ਬਦਲ ਚੁੱਕੀਆਂ ਹਨ। ਬਦਲਾਅ ਮਨੁੱਖੀ ਸੱਭਿਅਤਾ ਦਾ ਨਿਯਮ ਹੈ ਅਤੇ ਇਹ ਨਿਰੰਤਰ ਚੱਲਣ ਵਾਲਾ ਵਰਤਾਰਾ ਹੈ।

ਹੁਣ ਦੀ ਸਥਿਤੀ ਵਿੱਚ ਜਥੇਦਾਰ ਦੀ ਕੋਈ ਬੁਕਤ ਨਹੀਂ ਹੈ ਤੇ ਭਵਿੱਖ ਵਿੱਚ ਹਾਲਾਤ ਹੋਰ ਮਾੜੇ ਹੀ ਹੋਣੇ ਹਨ।

## ਅਕਾਲ ਤਖ਼ਤ ਦੇ ਜਥੇਦਾਰ ਦੇ ਅਸਤੀ.ਫ਼ੇ ਦੇ ਕੀ ਮਾਅਨੇ ਹਨ

ਗੁਰਦਰਸ਼ਨ ਸਿੰਘ ਢਿੱਲੋਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਅਸਤੀ.ਫ਼ਾ ਦੇਣ ਵਰਗਾ ਸਖ਼ਤ .ਫ਼ੈਸਲਾ ਲੈਣ ਨੂੰ ਮੰਦਭਾਗਾ ਦੱਸਿਆ। ਇਸ ਮਸਲੇ ਉੱਤੇ ਗੁਰਦਰਸ਼ਨ ਕਹਿੰਦੇ ਹਨ ਕਿ ਸਿੱਖ ਭਾਈਚਾਰੇ ਲਈ ਜਥੇਦਾਰ ਇੱਕ ਅਧਿਆਤਮਿਕ ਇਖ਼ਤਿਆਰ ਵਾਲਾ ਅਹੁਦਾ ਹੈ ਤੇ ਇਹ ਅਧਿਆਤਮਕ ਅਧਿਕਾਰ ਗੁਰੂਆਂ ਵਲੋਂ ਦਿੱਤਾ ਗਿਆ ਹੈ। ਸਿਆਸੀ ਆਗੂ ਵਿਰਸਾ ਸਿੰਘ ਵਲਟੋਹਾ ਵਲੋਂ ਗਿਆਨੀ ਹਰਪ੍ਰੀਤ ਸਿੰਘ ਖ਼ਿਲਾ.ਫ਼ ਲਾਏ ਇਲਜ਼ਾਮਾਂ ਵੱਲ ਇਸ਼ਾਰਾ ਕਰਦਿਆਂ ਗੁਰਦਰਸ਼ਨ ਕਹਿੰਦੇ ਹਨ ਕਿ ਤਖ਼ਤ ਦੇ ਜਥੇਦਾਰ ਬਾਰੇ .ਗਲਤ ਬਿਆਨਬਾਜ਼ੀ ਕਰਨਾ ਚੰਗੀ ਗੱਲ ਨਹੀਂ ਹੈ ਅਤੇ ਇਹ ਸਿੱਖੀ ਰਵਾਇਤ ਵੀ ਨਹੀਂ ਹੈ। ਉਹ ਕਹਿੰਦੇ ਹਨ, ਜੋ ਮੌਜੂਦਾ ਸਥਿਤੀ ਬਣੀ ਹੈ ਉਹ ਬੇਹੱਦ ਮੰਦਭਾਗੀ ਹੈ। ਇਸ ਹੱਦ ਤੱਕ ਜਥੇਦਾਰ ਸਾਹਿਬਾਨ ਨੂੰ ਮਜ਼ਬੂਰ ਨਹੀਂ ਕਰਨਾ ਚਾਹੀਦਾ ਸੀ ਕਿ ਉਹ ਇਸ ਕਿਸਮ ਦਾ ਸਖ਼ਤ ਕਦਮ ਚੁੱਕਣ। ਸਦੀਆਂ ਦੇ ਸਿੱਖ ਇਤਿਹਾਸ ਵਿੱਚ ਹੁਣ ਤੱਕ ਕਦੇ ਵੀ ਅਜਿਹੇ ਹਾਲਾਤ ਪੈਦਾ ਨਹੀਂ ਹੋਏ। ਹੁਣ ਜਥੇਦਾਰ ਸਾਹਿਬਾਨ ਦੇ ਪੱਧਰ ਉੱਤੇ ਗੁਰੂਆਂ ਦੀ ਵਿਰਾਸਤ ਨੂੰ ਜ਼ਹਿਨ ਵਿੱਚ ਰੱਖਕੇ ਇਸ ਸਥਿਤੀ ਨੂੰ ਸੁਚੱਜੇ ਢੰਗ ਨਾਲ ਨਜਿੱਠਣ ਦੀ ਲੋੜ ਹੈ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 274

Website: www.preetnama.com Email preetnamausa@gmail.com

18 OCT TO 24 OCT , 2024






**DISCOVER THE MAGIC OF MOROCCO: FROM DESERT DUNES TO VIBRANT SOUKS!**

**INCLUSIONS**

- 07 NIGHTS PREMIUM 4 STAR HOTEL ACCOMODATION
- DAILY BREAKFAST IN HOTEL
- SIGHTSEEING AND ENTRY TICKETS
- PRIVATE LUXURY TRANSPORT THROUGH OUT THE TRIP
- PRIVATE GUIDED TOURS
- PRIVATE AIRPORT TRANSFER

**CITIES**

- CASABLANCA
- FES
- MERZOUGA
- DADES
- MARRAKECH
- RABAT
- MIDELT
- ERRACHIDIA
- ARFOUD
- GORGES TODRA
- TINEGHIR
- OUARZAZATE
- KASBAH AIT BENHADDOU
- TIZI N'TICHKA

**VALID IN 2025**
**(CHOOSE YOUR OWN DATES)**
**MINIMUM 10 PASSENGER**

SUNRISE
TOURS AND TRAVEL

22 W MARIE ST,
HICKSVILLE, NY 11801

516-216-4433
516-690-1257

# ਅਕਾਲ ਤਖ਼ਤ ਜਥੇਦਾਰ ਬੋਲੇ, ਜੇ ਹਰਪ੍ਰੀਤ ਸਿੰਘ ਦਾ ਅਸਤੀਫਾ ਪਰਵਾਨ ਕੀਤਾ ਤਾਂ ਅਸੀਂ ਸਾਰੇ ਹੀ ਅਸਤੀਫਾ ਦੇਣ ਲਈ ਮਜਬੂਰ ਹੋਵਾਂਗੇ...

ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਅਸਤੀਫ਼ਾ ਦੇ ਦਿੱਤਾ ਹੈ।ਉਨ੍ਹਾਂ ਨੇ ਇੱਕ ਬੇਹੱਦ ਭਾਵੁਕ ਵੀਡੀਓ ਜਾਰੀ ਕਰਦਿਆਂ ਆਪਣੇ ਅਸਤੀਫ਼ੇ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ।ਉਨ੍ਹਾਂ ਨੇ ਵੀਡੀਓ ਵਿੱਚ ਵਿਰਸਾ ਸਿੰਘ ਵਲਟੋਹਾ ਵੱਲੋਂ ਕੀਤੀ ਜਾ ਰਹੀ ਦੀ ਬਿਆਨਬਾਜ਼ੀ ਨੂੰ ਅਸਤੀਫ਼ੇ ਦਾ ਕਾਰਨ ਦੱਸਿਆ ਹੈ।ਦਰਅਸਲ ਵਿਰਸਾ ਸਿੰਘ ਵਲਟੋਹਾ ਵੱਲੋਂ ਫੇਸਬੁੱਕ ਪੋਸਟ ਰਾਹੀਂ ਕੁਝ ਇਲਜ਼ਾਮ ਲਗਾਏ ਗਏ ਸਨ, ਇਸ ਮਗਰੋਂ ਜਥੇਦਾਰ ਵੱਲੋਂ ਵਲਟੋਹਾ ਨੂੰ ਸਬੂਤਾਂ ਸਮੇਤ ਪੇਸ਼ ਹੋ ਕੇ ਇਨ੍ਹਾਂ ਇਲਜ਼ਾਮਾਂ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ।ਹਾਲਾਂਕਿ, ਵਿਰਸਾ ਸਿੰਘ ਨੇ ਲਿਖਤੀ ਰੂਪ ਵਿੱਚ ਆਪਣਾ ਸਪੱਸ਼ਟੀਕਰਨ ਜੱਥੇਦਾਰਾਂ ਸਾਹਮਣੇ ਪੇਸ਼ ਵੀ ਕਰ ਦਿੱਤਾ ਹੈ।





**ਜਥੇਦਾਰ ਨੇ ਵੀਡੀਓ ਵਿੱਚ ਕੀ ਕਿਹਾ**

ਅੱਜ ਜੇਥਦਾਰ ਵੱਲੋਂ ਜਾਰੀ ਕੀਤੀ ਵੀਡੀਓ ਵਿੱਚ ਉਹ ਬੇਹੱਦ ਭਾਵੁਕ ਨਜ਼ਰ ਆ ਰਹੇ ਹਨ ਅਤੇ ਆਪਣੇ ਅਸਤੀਫ਼ੇ ਦੇ ਨਾਲ-ਨਾਲ, ਆਪਣੀ ਸਕਿਓਰਿਟੀ ਵੀ ਸਰਕਾਰ ਨੂੰ ਵਾਪਸ ਕਰਨ ਬਾਰੇ ਦੱਸ ਰਹੇ ਹਨ।ਵੀਡੀਓ ਵਿੱਚ ਉਹ ਕਹਿ ਰਹੇ ਹਨ, ਮੈਂ ਕੌਮ ਨੂੰ, ਆਪਣੇ ਪੰਥ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਵਿਰਸਾ ਸਿੰਘ ਵਲਟੋਹਾ, ਜੋ ਲਗਤਾਰ ਸਿੰਘ ਸਾਹਿਬਾਨ ਦੀ ਕਿਰਦਾਰਕੁਸ਼ੀ ਕਰ ਰਿਹਾ ਹੈ, ਉਸ ਬਾਰੇ ਕੱਲ੍ਹ ਸ੍ਰੀ ਅਕਾਲ ਤਖ਼ਤ ਤੋਂ ਫ਼ੈਸਲਾ ਸੁਣਾਇਆ ਗਿਆ ਸੀ। ਪਰ ਫਿਰ ਵੀ ਲਗਾਤਾਰ ਹਰ ਘੰਟੇ ਕਿਰਦਾਰਕੁਸ਼ੀ ਕਰ ਰਿਹਾ ਹੈ।ਖ਼ਾਸ ਤੌਰ ਤੇ ਮੈਨੂੰ ਨਿਸ਼ਾਨਾ ਬਣਾ ਕੇ, ਪਰ ਹੁਣ ਉਸ ਵੱਲੋਂ ਨਿੱਜਤਾ ਦੀਆਂ ਹੱਦਾਂ ਪਾਰ ਦਿੱਤੀਆਂ ਗਈਆਂ ਹਨ। ਸੁਨੇਹੇ ਭੇਜੇ ਜਾ ਰਹੇ ਹਨ।ਜਥੇਦਾਰ ਨੇ ਅੱਗੇ ਕਿਹਾ ਕਿ ਮੇਰੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਸਭ ਤੋਂ ਵੱਡੀ ਗੱਲ ਉਸ ਦੀ ਪੁਸ਼ਤਪਨਾਹੀ ਸ਼੍ਰੋਮਣੀ ਅਕਾਲੀ ਦਲ ਦਾ ਸੋਸ਼ਲ ਮੀਡੀਆ ਕਰ ਰਿਹਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਉਹ ਲੀਡਰ, ਜਿਨ੍ਹਾਂ ਨੂੰ ਪਰੰਪਰਾਵਾਂ ਅਤੇ ਮਰਿਯਾਦਾਵਾਂ ਦਾ ਕੋਈ ਗਿਆਨ ਨਹੀਂ, ਉਹ ਉਸ ਦੀ ਪੁਸ਼ਤਪਨਾਹੀ ਕਰ ਰਿਹਾ ਹੈ।ਵਿਰਸਾ ਵਲਟੋਹੇ ਤੋਂ ਅਸੀਂ ਡਰਨ ਵਾਲੇ ਨਹੀਂ, ਪਰ ਸ਼੍ਰੋਮਣੀ ਅਕਾਲੀ ਦਲ ਦੇ ਥਰਡ ਕਲਾਸ ਨੇਤਾਵਾਂ ਦਾ ਤੇ ਸੋਸ਼ਲ ਮੀਡੀਆ ਵੱਲੋਂ ਉਸ ਦੀ ਪੁਸ਼ਤਪਨਾਹੀ ਕਰਨਾ, ਇਹ ਮਨ ਨੂੰ ਬਹੁਤ ਦੁਖੀ ਕਰਦਾ ਹੈ।ਮੇਰੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਮਾਮਲੇ ਵਿੱਚ ਖ਼ਾਮੋਸ਼ ਹੈ। ਇਹੋ ਜਿਹੇ ਹਾਲਾਤ ਵਿੱਚ ਅਸੀਂ, ਖ਼ਾਸ ਤੌਰ ਤੇ ਮੈਂ ਤਖ਼ਤ ਸਾਹਿਬ ਦੀ ਸੇਵਾ ਨਹੀਂ ਕਰ ਸਕਦਾ।ਉਨ੍ਹਾਂ ਨੇ ਭਾਵੁਕਤਾ ਭਰੇ ਸ਼ਬਦਾਂ ਨਾਲ ਅੱਗੇ ਕਿਹਾ, ਜਿੱਥੇ ਮੈਂ ਜਥੇਦਾਰ ਹਾਂ, ਉੱਥੇ ਮੈਂ ਧੀਆਂ ਦਾ ਪਿਉ ਵੀ ਹਾਂ। ਇਸ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਆਪਣਾ ਅਸਤੀਫ਼ਾ ਦੇ ਰਿਹਾ ਹਾਂ।ਮੇਰੀ ਜਾਤ ਤੱਕ ਪਰਖੀ ਜਾ ਰਹੀ ਹੈ, ਮੈਨੂੰ ਧਮਕੀ ਦਿੱਤੀ ਜਾ ਰਹੀ ਹੈ, ਗ਼ਲਤ-ਗੰਦੇ ਸੁਨੇਹੇ ਭਜਵਾਏ ਜਾ ਰਹੇ ਹਨ ਅਤੇ ਇਹ ਨਿੱਜਤਾ ਦੀਆਂ ਹੱਦਾਂ ਪਾਰ ਕਰਨੀਆਂ ਹਨ।

**ਸਿਕਿਓਰਿਟੀ ਵੀ ਮੋੜੀ**

ਉਨ੍ਹਾਂ ਨੇ ਸਿੱਖ ਸੰਪ੍ਰਦਾਵਾਂ, ਜਥੇਬੰਦੀਆਂ ਅਤੇ ਧਾਰਮਿਕ ਸੰਸਥਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਰੱਖੀ ਪੱਗ ਨੂੰ ਉਨ੍ਹਾਂ ਨੇ ਦਾਗ਼ ਨਹੀਂ ਲੱਗਣ ਦਿੱਤਾ।ਜਦੋਂ ਮੇਰੇ ਤੇ ਭਾਜਪਾ ਅਤੇ ਆਰਐੱਸਐੱਸ ਨਾਲ ਜੋੜਨ ਦੀਆਂ ਨਾਪਾਕ ਹਰਕਤਾਂ ਅਸਫ਼ਲ ਰਹੀਆਂ ਤਾਂ ਉਹ ਹੁਣ ਘਟੀਆਂ ਹਰਕਤਾਂ ਕਰ ਰਿਹਾ ਹੈ।ਇਸ ਦੌਰਾਨ ਉਨ੍ਹਾਂ ਨੇ ਸੇਵਾਵਾਂ ਦੌਰਾਨ ਹੋਈਆਂ ਗ਼ਲਤੀਆਂ ਲਈ ਕੌਮ ਕੋਲੋਂ ਮੁਆਫ਼ੀ ਮੰਗੀ।ਉਨ੍ਹਾਂ ਵੀਡੀਓ ਵਿੱਚ ਇਹ ਵੀ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ ਹੁਣ ਨਿਮਾਣੇ ਸਿੱਖ ਵਜੋਂ ਵਿਚਰਨਾ ਹੈ ਅਤੇ ਭਾਰਤ ਸਰਕਾਰ ਅਤੇ ਪੰਜਾਬ ਆਪਣੀ ਸਿਕਿਓਰਿਟੀ ਵਾਪਸ ਲੈ ਲਏ।ਉਨ੍ਹਾਂ ਨੇ ਕਿਹਾ ਕਿ ਉਹ ਹੁਣ ਇਸ ਸਕਿਓਰਿਟੀ ਨੂੰ ਨਹੀਂ ਰੱਖ ਸਕਦੇ।

**ਅਸਤੀਫ਼ੇ ਤੇ ਪ੍ਰਤੀਕਿਰਿਆਵਾਂ**

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅੱਜ ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਰਾਹੀਂ ਮਿਲੀ ਜਾਣਕਾਰੀ ਕਾਰਨ ਮਨ ਬੇਹੱਦ ਦੁਖੀ ਹੋਇਆ ਹੈ।ਉਨ੍ਹਾਂ ਨੇ ਇੱਕ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਆਪਣੇ ਬੱਚਿਆਂ ਅਤੇ ਪਰਿਵਾਰ ਲਈ ਮਾੜੀ ਸ਼ਬਦਾਵਲੀ ਵਰਤੀ ਗਈ, ਜਿਸ ਤੋਂ ਬਾਅਦ ਉਨ੍ਹਾਂ ਨੇ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।ਉਨ੍ਹਾਂ ਨੇ ਆਪਣਾ ਅਸਤੀਫ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਭੇਜਿਆ ਹੈ।ਉਨ੍ਹਾਂ ਨੇ ਅੱਗੇ ਕਿਹਾ,ਅਸੀਂ ਕੱਲ੍ਹ ਦੀ ਪ੍ਰੈੱਸ ਕਾਨਫਰੰਸ ਵਿੱਚ ਵੀ ਕਿਹਾ ਸੀ ਕਿ ਵਿਦੇਸ਼ਾਂ ਵਿੱਚ ਮੇਰੇ ਬੱਚਿਆਂ ਦੀ ਵੀ ਰੇਕੀ ਕੀਤੀ ਗਈ ਕਿ ਉਹ ਕਿੱਥੇ ਰਹਿੰਦੇ ਹਨ, ਕੀ ਕਰਦੇ ਹਨ, ਉਨ੍ਹਾਂ ਕੋਲ ਕੀ-ਕੀ ਹੈ।ਵਿਰਸਾ ਸਿੰਘ ਵਲਟੋਹਾ ਵੱਲੋਂ ਪੋਸਟਾਂ ਪਾ ਕੇ ਸਿੰਘ ਸਾਹਿਬਾਨ ਨੂੰ ਜ਼ਲੀਲ ਕਰਨ ਦਾ ਯਤਨ, ਬਾਦਸਤੂਰ ਜਾਰੀ ਹੈ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕਰਦਾ ਹਾਂ ਕਿ ਉਨ੍ਹਾਂ ਦਾ ਅਸਤੀਫ਼ਾ ਨਾ ਮਨਜ਼ੂਰ ਕੀਤਾ ਜਾਵੇ।ਮੈਂ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਆਪਣੇ ਦਿੱਤੇ ਅਸਤੀਫ਼ੇ ਤੇ ਮੁੜ ਵਿਚਾਰ ਜ਼ਰੂਰ ਕਰਨ। ਜੇਕਰ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਕੀਤਾ ਜਾਂਦਾ ਹੈ ਤਾਂ ਅਸੀਂ ਸਾਰੇ, ਮੈਂ ਵੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਅਸਤੀਫ਼ਾ ਦੇਣ ਲਈ ਮਜਬੂਰ ਹੋ ਜਾਵਾਂਗਾ।ਉਨ੍ਹਾਂ ਨੇ ਕਿਹਾ, ਪੰਥ ਵਿੱਚ ਅਜਿਹਾ ਘਟਨਾਕ੍ਰਮ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਵਾਪਰਿਆ ਹੈ ਕਿ ਕਿਸੇ ਜਥੇਦਾਰ ਦੇ ਪਰਿਵਾਰ ਉੱਤੇ ਵੱਡੀ ਇਲਜ਼ਾਮਤਰਾਸ਼ੀ ਕੀਤੀ ਗਈ ਹੈ। ਕਿਸੇ ਪਰਿਵਾਰ ਤੇ ਕਿਸੇ ਦੀਆਂ ਧੀਆਂ ਤੇ ਅਜਿਹੀਆਂ ਮਾੜੀਆਂ ਟਿੱਪਣੀਆਂ ਕਰਨੀਆਂ ਸਿੱਖ ਲਈ ਸ਼ੋਭਾ ਨਹੀਂ ਦਿੰਦੀਆਂ।ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸਰਪ੍ਰਸਤ ਸਰਦਾਰ ਸੁਖਦੇਵ ਸਿੰਘ ਢੀਡਸਾ ਨੇ ਕਿਹਾ ਹੈ ਕਿ ਅੱਜ ਦਾ ਦਿਨ ਬੜਾ ਮੰਦਭਾਗਾ ਹੈ ਅਤੇ ਮਨ ਨੂੰ ਡੂੰਘੀ ਠੇਸ ਪਹੁੰਚੀ ਹੈ।ਉਨ੍ਹਾਂ ਨੇ ਕਿਹਾ, ਅਸੀਂ ਹੀ ਨਹੀਂ, ਸਮੁੱਚੀ ਕੌਮ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨਾਲ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਵੀ ਅਪੀਲ ਕਰਦਾ ਹਾਂ ਕਿ ਅਜਿਹੇ ਫ਼ੈਸਲੇ ਨਾ ਕਰੋ, ਅਜਿਹੀਆਂ ਪਿਰਤਾਂ ਨਾ ਪਾਓ ਜਿਸ ਨਾਲ ਸਾਡੇ ਤਖ਼ਤ ਸਾਹਿਬਾਨਾਂ ਦੀ ਸਰਬਉਚਤਾ ਨੂੰ ਠੇਸ ਪਹੁੰਚੇ।ਅਜਿਹੇ ਕਾਰਨਾਮਿਆਂ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹਾਸ਼ੀਏ ਤੇ ਆਇਆ ਹੈ। ਸੋ ਪੰਥ ਦੇ ਵਡੇਰੇ ਹਿਤਾਂ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹੀ ਕੋਈ ਚੰਗਾ ਹੱਲ ਕੱਢਣ ਤੇ ਅਸਤੀਫ਼ਾ ਨਾ ਮਨਜ਼ੂਰ ਕਰਨ।ਉਧਰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ ਅਤੇ ਸੁੱਚਾ ਸਿੰਘ ਛੋਟੇਪੁੱਰ ਨੇ ਸਾਂਝੇ ਤੌਰ ਤੇ ਬਿਆਨ ਜਾਰੀ ਕੀਤਾ।ਉਨ੍ਹਾਂ ਨੇ ਵੀ ਇਸ ਬਿਆਨ ਵਿੱਚ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਉਹ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫ਼ਾ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਾ ਕਰਨ ਕਿਉਂਕਿ ਅਜਿਹਾ ਕਰਨਾ ਸਿੱਖ ਕੌਮ ਨਾਲ ਬੇਇਨਸਾਫ਼ੀ ਹੋਵੇਗੀ।ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਅਸਤੀਫ਼ੇ ਨੂੰ ਸਿੱਖ ਕੌਮ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ।ਇਸ ਦੇ ਨਾਲ ਹੀ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਹੋਏ ਜੱਥੇਦਾਰ ਸਾਹਿਬ ਆਪਣੇ ਅਸਤੀਫ਼ੇ ਤੇ ਮੁੜ ਗੌਰ ਫ਼ੁਰਮਾਉਣਗੇ।

## ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਤੋਂ ਕੱਢਣ ਦਾ ਆਦੇਸ਼

ਦਰਅਸਲ ਵਿਰਸਾ ਸਿੰਘ ਵਲਟੋਹਾ ਨੇ 12 ਅਕਤੂਬਰ ਨੂੰ ਸੁਖਬੀਰ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ ਐਲਾਨੇ ਜਾਣ ਮਗਰੋਂ ਸਜ਼ਾ ਸੁਣਾਉਣ ਵਿੱਚ ਕੀਤੀ ਜਾ ਰਹੀ ਦੇਰੀ ਦੇ ਸੰਦਰਭ ਵਿੱਚ ਫੇਸਬੁੱਕ ਪੋਸਟ ਸਾਂਝੀ ਕੀਤੀ ਗਈ ਸੀ।ਉਨ੍ਹਾਂ ਨੇ ਲਿਖਿਆ ਕਿ ਜਥੇਦਾਰ ਸਾਹਿਬਾਨ ਉੱਤੇ ਅੰਦਰਖ਼ਾਤੇ ਬਹੁਤ ਦਬਾਅ ਪਾਇਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਦੰਡ ਦੀ ਸਜ਼ਾ ਸੁਣਾਉਣ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਆਗੂਹੀਣ ਵੀ ਕਰਨਾ ਹੈ।ਵਲਟੋਹਾ ਨੇ ਅੱਗੇ ਲਿਖਿਆ ਸੀ ਕਿ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਬਾਰੇ ਦਬਾਅ ਪਾਉਣ ਵਾਲਿਆਂ ਵਿੱਚ ਕੇਂਦਰੀ ਹਕੂਮਤ ਭਾਜਪਾ ਤੇ ਆਰਐੱਸਐੱਸ ਦੇ ਨਾਲ-ਨਾਲ ਦੇਸ਼ ਵਿਦੇਸ਼ ਚ ਬੈਠੇ ਸਿੱਖੀ ਸਰੂਪ ਵਾਲੇ ਉਹ ਲੋਕ ਵੀ ਸ਼ਾਮਲ ਹਨ ਜੋ ਹਮੇਸ਼ਾ ਹੀ ਅਕਾਲੀ ਦਲ ਦੇ ਵਿਰੋਧੀ ਰਹੇ ਹਨ।ਇਸ ਮਗਰੋਂ ਜਥੇਦਾਰ ਵੱਲੋਂ ਵਲਟੋਹਾ ਨੂੰ ਸਬੂਤਾਂ ਸਮੇਤ ਪੇਸ਼ ਹੋ ਕੇ ਇਨ੍ਹਾਂ ਇਲਜ਼ਾਮਾਂ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ। ਵਿਰਸਾ ਸਿੰਘ ਨੇ ਲਿਖਤੀ ਰੂਪ ਵਿੱਚ ਆਪਣਾ ਸਪੱਸ਼ਟੀਕਰਨ ਜੱਥੇਦਾਰਾਂ ਸਾਹਮਣੇ ਪੇਸ਼ ਵੀ ਕੀਤਾ।ਇਸ ਤੋਂ ਬਾਅਦ, ਤਖ਼ਤ ਸਾਹਿਬ ਤੋਂ ਪੰਜ ਸਿੰਘ ਸਹਿਬਾਨਾਂ ਨੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ, ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਪਾਰਟੀ ਵਿੱਚੋਂ ਕੱਢਣ ਦਾ ਆਦੇਸ਼ ਦਿੱਤਾ ਸੀ।ਜਥੇਦਾਰਾਂ ਵੱਲੋਂ ਕਿਹਾ ਗਿਆ ਸੀ ਕਿ ਵਿਰਸਾ ਸਿੰਘ ਵਲਟੋਹਾ ਨੂੰ ਅਹੁਦਿਆਂ ਤੋਂ ਬਰਖ਼ਾਸਤ ਕਰ ਕੇ ਅਗਲੇ 10 ਸਾਲਾਂ ਲਈ ਪਾਰਟੀ ਵਿੱਚੋਂ ਕੱਢ ਦਿੱਤਾ ਜਾਏ।ਅਕਾਲੀ ਦਲ ਦੇ ਨੇਤਾ ਵਿਰਸਾ ਸਿੰਘ ਵਲਟੋਹਾ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਸੀ ਕਿ ਵਲਟੋਹਾ ਤੇ ਜਥੇਦਾਰਾਂ ਦੀ ਕਿਰਦਾਰਕੁਸ਼ੀ ਅਤੇ ਵਿਸ਼ਵਾਸਘਾਤ ਕੀਤਾ ਗਿਆ ਅਤੇ ਹਾਜ਼ਰੀ ਮੌਕੇ ਉਨ੍ਹਾਂ ਵੱਲੋਂ ਕੋਈ ਵੀ ਸਬੂਤ ਪੇਸ਼ ਨਹੀ ਕੀਤੇ ਗਏ।ਹਾਲਾਂਕਿ, ਵਿਰਸਾ ਸਿੰਘ ਵਲਟੋਹਾ ਨੇ ਆਪਣਾ ਸਪੱਸ਼ਟੀਕਰਨ ਕਿਹਾ ਸੀ, ਮੈਂ ਕਿਸੇ ਵੀ ਜਥੇਦਾਰ ਸਾਹਿਬਾਨ ਦਾ ਜਾਤੀ ਤੌਰ ਤੇ ਬਤੌਰ ਇੱਕ ਨਿਮਾਣਾ ਸਿੱਖ ਨਿਰਾਦਰ ਕਰਨ ਬਾਰੇ ਸੋਚ ਵੀ ਨਹੀਂ ਸਕਦਾ।ਜੋ ਕੁਝ ਮੀਡੀਆ ਵਿੱਚ ਬਿਆਨ ਕਰਦਿਆਂ ਮੈਥੋਂ ਫਲੌਅ ਵਿੱਚ ਬੋਲਦਿਆਂ ਹੋਇਆਂ ਜਥੇਦਾਰ ਅਕਾਲ ਤਖ਼ਤ ਸਾਹਬ ਬਾਰੇ ਸ਼ਬਦ ਵਰਤੇ ਗਏ ਹਨ ਉਸ ਦੀ ਮੈਂ ਹੱਥ ਜੋੜ ਕੇ ਮਾਫੀ ਮੰਗਦਾ ਹਾਂ। ਗੁਰੂ ਦਾ ਸਿੱਖ ਭੁੱਲਣਹਾਰ ਹੈ। ਮੈਂ ਇਸ ਵਰਤਾਰੇ ਦੀ ਸਾਰੇ ਜਥੇਦਾਰ ਸਾਹਿਬਾਨਾਂ ਅਤੇ ਸਿੰਘ ਸਹਿਬਾਨਾਂ ਤੋਂ ਮਾਫੀ ਮੰਗਦਾ ਹਾਂ।

# ਨਿਹੰਗ ਸਿੰਘਾਂ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਮਹੱਲਾ ਸਜਾਇਆ



ਅੰਮ੍ਰਿਤਸਰ- ਗੁਰੂ ਗੋਬਿੰਦ ਸਿੰਘ ਦੇ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਇਤਿਹਾਸਕ ਗੁਰਦੁਆਰਾ ਨਗੀਨਾ ਘਾਟ ਤੋਂ ਗੁਰਦੁਆਰਾ ਬਾਉਲੀ ਸਾਹਿਬ ਦੇ ਮੈਦਾਨ ਤੱਕ ਦਸਮ ਪਾਤਸ਼ਾਹ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਦਲਾਂ ਵੱਲੋਂ ਸਾਂਝੇ ਤੌਰ ’ਤੇ ਦਸਮ ਪਿਤਾ ਵੱਲੋਂ ਬਖਸ਼ਿਸ਼ ਨਿਸ਼ਾਨ ਸਾਹਿਬ ਤੇ ਨਗਾਰਿਆਂ ਦੀ ਛਤਰਛਾਇਆ ਹੇਠ ਮਹੱਲਾ ਸਜਾਇਆ ਗਿਆ।ਪੁਰਾਤਨ ਰਵਾਇਤ ਮੁਤਾਬਕ ਮਹੱਲੇ ਦੀ ਅਗਵਾਈ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਨੇ ਕੀਤੀ। ਇਸ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਵੱਲੋਂ ਬਾਬਾ ਜੱਸਾ ਸਿੰਘ ਦੀ ਅਗਵਾਈ ਵਿੱਚ ਭੇਜਿਆ ਬੁੱਢਾ ਦਲ ਨਿਹੰਗ ਸਿੰਘਾਂ ਦਾ ਜਥਾ ਸ਼ਾਮਲ ਹੋਇਆ। ਇਸ ਮੌਕੇ ਤਰਨਾ ਦਲ ਸ਼ਹੀਦ ਮਿਸਲ ਬਾਬਾ ਦੀਪ ਸਿੰਘ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਬਿਧੀਚੰਦ ਤਰਨਾ ਦਲ ਸੁਰਸਿੰਘ ਵੱਲੋਂ ਬਾਬਾ ਗੁਰਦੇਵ ਸਿੰਘ, ਬਾਬਾ ਬਿਧੀਚੰਦ ਤਰਨਾ ਦਲ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ, ਬਾਬਾ ਨਰਿੰਦਰ ਸਿੰਘ ਗੁਰਦੁਆਰਾ ਲੰਗਰ ਸਾਹਿਬ ਕਾਰਸੇਵਾ ਵਾਲੇ, ਦਸਮੇਸ਼ ਤਰਨਾ ਦਲ ਬਾਬਾ ਮੇਜਰ ਸਿੰਘ, ਤਰਨਾ ਦਲ ਬਾਬਾ ਜੀਵਨ ਵੱਲਾ ਦੇ ਮੁਖੀ ਬਾਬਾ ਬਲਦੇਵ ਸਿੰਘ ਅਤੇ ਵਿਸ਼ੇਸ਼ ਤੌਰ ’ਤੇ ਨਿਹੰਗ ਦਲਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਨਗੀਨਾ ਘਾਟ ਤੋਂ ਮਹੱਲੇ ਵਿੱਚ ਆਰੰਭਤਾ ਉਪਰੰਤ ਸਮੁੱਚੀਆਂ ਨਿਹੰਗ ਸਿੰਘਾਂ ਫੌਜਾਂ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਤਮਸਤਕ ਹੋਈਆਂ।

ਸੁੰਦਰ ਦੁਮਾਲਿਆਂ ਤੇ ਲੱਕ ’ਤੇ ਢਾਲਾਂ ਖੰਡੇ ਸਜਾਏ ਹੱਥਾਂ ਵਿੱਚ ਨੇਜੇ ਫੜੀਂ, ਨੀਲੇ, ਕੇਸਰੀ ਬਾਣਿਆਂ ਵਿੱਚ ਨਿਹੰਗ ਸਿੰਘ ਖਾਲਸਈ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਇਹ ਖਾਲਸਈ ਮਹੱਲਾ ਗੁਰਦੁਆਰਾ ਬਾਉਲੀ ਸਾਹਿਬ ਦੇ ਖੁੱਲ੍ਹੇ ਮੈਦਾਨ ਵਿੱਚ ਪੁੱਜਣ ਉਪਰੰਤ ਸੰਪੂਰਨ ਹੋਇਆ। ਇਸ ਦੌਰਾਨ ਨਿਹੰਗ ਸਿੰਘਾਂ ਨੇ ਘੋੜਿਆਂ ’ਤੇ ਕਰਤੱਬ ਦਿਖਾਏ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਮਗਰੋਂ ਨਿਹੰਗ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ।

**ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਘੋੜ ਦੌੜ ਕਰਵਾਈ**

ਦਸਹਿਰੇ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਸ੍ਰੀ ਰਣਜੀਤਗੜ੍ਹ ਸਾਹਿਬ ਤੋਂ ਨਗਾਰਿਆਂ ਦੀ ਛਤਰ- ਛਾਇਆ ਹੇਠ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਮਹੱਲੇ ਦੀ ਆਰੰਭਤਾ ਹੋਈ। ਇਸ ਤੋਂ ਪਹਿਲਾਂ ਗੁਰਦੁਆਰਾ ਰਣਜੀਤਗੜ੍ਹ ਸਾਹਿਬ ਵਿਖੇ ਅਖੰਡ ਪਾਠਾਂ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਂਦੀ ਮਰਿਆਦਾ ਅਨੁਸਾਰ ਪਾਏ ਗਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਅਤੇ ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

# ਭਾਰਤ-ਕੈਨੇਡਾ ਤਣਾਅ: ਕੀ ਭਾਰਤ ਦੀ ਅਮਰੀਕਾ ਤੇ ਪੱਛਮੀ ਦੇਸ਼ਾਂ ਨਾਲ ਵੀ ਵਿਗੜ ਸਕਦੀ ਹੈ, ਕਿੱਥੇ-ਕਿੱਥੇ ਪੈ ਸਕਦਾ ਅਸਰ



ਕੈਨੇਡਾ ਅਤੇ ਭਾਰਤ ਦੇ ਆਪਸੀ ਰਿਸ਼ਤੇ 14 ਅਕਤੂਬਰ ਨੂੰ ਹੁਣ ਤੱਕ ਦੇ ਆਪਣੇ ਸਭ ਤੋਂ ਮੁਸ਼ਕਲ ਦੌਰ ਵਿੱਚ ਪਹੁੰਚ ਗਏ ਹਨ।ਇਕ ਪਾਸੇ ਭਾਰਤ ਨੇ ਕਿਹਾ ਕਿ ਕੈਨੇਡਾ ਸਰਕਾਰ ਦੀ ਕਾਨੂੰਨ ਵਿਵਸਥਾ ’ਤੇ ਭਰੋਸਾ ਨਾ ਹੋਣ ਦੇ ਕਾਰਨ ਉਹ ਆਪਣੇ ਕੂਟਨੀਤਿਕਾਂ ਨੂੰ ਵਾਪਸ ਬੁਲਾ ਰਿਹਾ ਹੈ, ਉਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਨੇ ਭਾਰਤ ਦੇ ਛੇ ਕੂਟਨੀਤਿਕਾਂ ਨੂੰ ਕੈਨੇਡਾ ਛੱਡਣ ਲਈ ਕਿਹਾ ਹੈ।ਇਸ ਦੇ ਜਵਾਬ ਵਿੱਚ ਭਾਰਤ ਨੇ ਵੀ ਕੈਨੇਡਾ ਦੇ ਛੇ ਕੂਟਨੀਤਿਕਾਂ ਨੂੰ ਵੀ ਦੇਸ਼ ਤੋਂ ਵਾਪਸ ਭੇਜ ਦਿੱਤਾ।ਇਹ ਮਾਮਲਾ ਕੈਨੇਡਾ ਦੇ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਪਿਛਲੇ ਸਾਲ ਹੋਈ ਹੱਤਿਆ ਤੋਂ ਸ਼ੁਰੂ ਹੋਇਆ ਸੀ, ਜਿਸ ’ਚ ਕੈਨੇਡਾ ਨੇ ਭਾਰਤ ਦੀ ਭੂਮਿਕਾ ’ਤੇ ਜਨਤਕ ਤੌਰ ’ਤੇ ਸਵਾਲ ਚੁੱਕੇ ਸਨ।ਤੇਜ਼ੀ ਨਾਲ ਬਦਲਦੇ ਇਨ੍ਹਾਂ ਹਾਲਾਤਾਂ ਦਾ ਭਾਰਤ ’ਤੇ ਕਿਸ ਪ੍ਰਕਾਰ ਦਾ ਪ੍ਰਭਾਵ ਪਵੇਗਾ ? ਕੀ ਕੈਨੇਡਾ ਨਾਲ ਵਿਗੜਦੇ ਸਬੰਧਾਂ ਕਾਰਨ ਭਾਰਤ ਅਤੇ ਅਮਰੀਕਾ ਦੇਰਿਸ਼ਤਿਆਂ ’ਚ ਵੀ ਉਲਝਣਾਂ ਪੈਦਾ ਹੋ ਸਕਦੀਆਂ ਹਨ ? ਇਨ੍ਹਾਂ ਸਵਾਲਾਂ ਦੇ ਜਵਾਬਾਂ ਲਈ ਅਸੀਂ ਕੁਝ ਅੰਕੜਿਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਕਈ ਮਾਹਿਰਾਂ ਨਾਲ ਗੱਲਬਾਤ ਕੀਤੀ ਹੈ।

**ਕੈਨੇਡਾ ਵਿੱਚ ਕਿੰਨਾ ਵੱਡਾ ਹੈ ‘ਭਾਰਤੀ ਭਾਈਚਾਰਾ’**

ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਦਾ ਦਾਇਰਾ ਕਈ ਖੇਤਰਿਆਂ ਵਿੱਚ ਫੈਲਿਆ ਹੋਇਆ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਸਬੰਧਾਂ ’ਚ ਆਈ ਖਟਾਸ ਦਾ ਅਸਰ ਇਨ੍ਹਾਂ ਖੇਤਰਿਆਂ ’ਤੇ ਵੀ ਪੈ ਸਕਦਾ ਹੈ।ਭਾਰਤ ਦੇ ਵਿਦੇਸ਼ ਮੰਤਰਾਲਾ ਅਨੁਸਾਰ ਲਗਭਗ 4,27,000 ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਾਈ ਕਰ ਰਹੇ ਹਨ।ਹੋਰਾਂ ਦੇਸ਼ਾਂ ਦੀ ਤੁਲਨਾ ’ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਕੈਨੇਡਾ ਵਿੱਚ ਸਭ ਤੋਂ ਵੱਧ ਹੈ। ਦਰਅਸਲ ਪਿਛਲੇ ਤਿੰਨ ਸਾਲਾਂ ’ਚ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ ਨਹੀਂ ਹੈ, ਬਲਕਿ ਸਰਕਾਰੀ ਅੰਕਰੇ ਦੱਸਦੇ ਹਨ ਕਿ ਇਸ ਵਿੱਚ ਵਾਧਾ ਹੋਇਆ ਹੈ।ਕੈਨੇਡਾ ’ਚ ਲਗਭਗ 30 ਲੱਖ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ, ਜਿਸ ਨਾਲ ਇਹ ਪਰਵਾਸੀ ਭਾਰਤੀਆਂ ਲਈ ਇੱਕ ਵੱਡਾ ਟਿਕਾਣਾ ਬਣ ਗਿਆ ਹੈ।ਆਰਥਿਕ ਸਬੰਧਾਂ ਦੀ ਗੱਲ ਕਰੀਏ ਤਾਂ ਕੈਨੇਡਾ ਦੇ ਪੈਨਸ਼ਨ ਫੰਡਾਂ ਨੇ ਭਾਰਤ ’ਚ ਵੱਡੇ ਪੈਮਾਨੇ ’ਤੇ ਨਿਵੇਸ਼ ਕੀਤਾ ਹੈ।ਅੰਕੜੇ ਦੱਸਦੇ ਹਨ ਕਿ ਪੈਨਸ਼ਨ ਫੰਡਾਂ ਨਾਲ ਭਾਰਤ ’ਚ ਲਗਭਗ 75 ਅਰਬ ਕੈਨੇਡੀਅਨ ਡਾਲਰ ਦਾ ਨਿਵੇਸ਼ ਕੀਤਾ ਗਿਆ ਹੈ। ਭਾਰਤ ’ਚ 600 ਤੋਂ ਵੱਧ ਕੈਨੇਡੀਅਨ ਕੰਪਨੀਆਂ ਕੰਮ ਕਰ ਰਹੀਆਂ ਹਨ, ਜਦੋਂਕਿ 1,000 ਤੋਂ ਵੱਧ ਕੰਪਨੀਆਂ ਭਾਰਤੀ ਬਾਜ਼ਾਰਾਂ ਵਿੱਚ ਵਪਾਰ ਕਰਦੀਆਂ ਹਨ।ਸਰਕਾਰੀ ਅੰਕੜਿਆਂ ਅਨੁਸਾਰ 2023 ’ਚ ਭਾਰਤ ਤੇ ਕੈਨੇਡਾ ਵਿਚਾਲੇ ਵਪਾਰ ’ਚ ਪਿਛਲੇ ਸਾਲ ਦੀ ਤੁਲਨਾ ’ਚ ਲਗਭਗ 19 ਫ਼ੀਸਦੀ ਵਾਧਾ ਦੇਖਿਆ ਗਿਆ।ਇਸ ਤੋਂ ਇਲਾਵਾ ਕੈਨੇਡਾ ਤੋਂ ਭਾਰਤ ਦੇ ਬਰਾਮਦ ਦੀ ਦਰ ਵਿੱਚ ਵੀ ਨੌਂ ਫ਼ੀਸਦੀ ਦਾ ਵਾਧਾ ਹੋਇਆ ਹੈ।

**ਕੈਨੇਡਾ ਦਾ ਇਲਜ਼ਾਮ ਅਤੇ ਰਿਸ਼ਤਿਆਂ ’ਚ ਤਲਖ਼ੀ**

ਪਿਛਲੇ ਸਾਲ ਸਤੰਬਰ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਥੋਂ ਦੀ ਸੰਸਦ ’ਚ ਬਿਆਨ ਦਿੰਦੇ ਹੋਏ ਕਿਹਾ ਸੀ ਕਿ ਕੈਨੇਡਾ ਦੇ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ’ਚ ਭਾਰਤ ਸਰਕਾਰ ਦੇ ਏਜੰਟਾਂ ਦੇ ਸ਼ਾਮਲ ਹੋਣ ਦੇ ਸਬੂਤ ਸਾਹਮਣੇ ਆਏ ਹਨ।ਹਾਲਾਂਕਿ ਭਾਰਤ ਨੇ ਇਨ੍ਹਾਂ ਇਲਜ਼ਾਮਾਂ ਨੂੰ ਖਾਰਜ ਕਰ ਦਿੱਤਾ ਸੀ ਅਤੇ ਕੈਨੇਡਾ ਨੂੰ ਭਾਰਤ-ਵਿਰੋਧੀ ਸ਼ਕਤੀਆਂ ਨੂੰ ਸ਼ਰਣ ਨਾ ਦੇਣ ਦੀ ਸਲਾਹ ਦਿੱਤੀ ਸੀ।ਕੁਝ ਹੀ ਦਿਨਾਂ ਬਾਅਦ ਭਾਰਤ ਨੇ ਕੈਨੇਡਾ ਦੇ ਨਾਗਰਿਕਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਮੁਅੱਤਲ ਕਰ ਦਿੱਤਾ ਸੀ।ਪਿਛਲੇ ਸਾਲ ਅਕਤੂਬਰ ’ਚ ਕੈਨੇਡਾ ਨੇ ਕਿਹਾ ਸੀ ਕਿ ਉਨ੍ਹਾਂ ਦੇ ਕੂਟਨੀਤਿਕਾਂ ਨੂੰ ਕੱਢਣ ਕਾਰਨ ਭਾਰਤ ਨਾਲ ਵੀਜ਼ਾ ਪ੍ਰਕਿਰਿਆ ਵਿੱਚ ਰੁਕਾਵਟ ਆ ਰਹੀ ਹੈ।ਹਾਲਾਂਕਿ ਭਾਰਤ ਨੇ ਅਗਲੇ ਮਹੀਨੇ ਕੈਨੇਡਾ ਦੇ ਨਾਗਰਿਕਾਂ ਲਈ ਚੋਣਵੀਂ ਈ-ਵੀਜ਼ਾ ਸਹੂਲਤ ਫਿਰ ਤੋਂ ਸ਼ੁਰੂ ਕਰ ਦਿੱਤੀ ਸੀ।ਹੁਣ ਸਵਾਲ ਇਹ ਹੈ ਕਿ ਕੀ ਮੌਜੂਦਾ ਪ੍ਰਸਥਿਤੀਆਂ ਹੋਰ ਵੀ ਡੂੰਘੇ ਬਦਲਾਅ ਲੈ ਕੇ ਆਉਣਗੀਆਂ ? ਅਤੇ ਕੀ ਇਨ੍ਹਾਂ ਦਾ ਅਸਰ ਭਾਰਤ-ਅਮਰੀਕਾ ਦੇ ਰਿਸ਼ਤਿਆਂ ’ਤੇ ਵੀ ਪਵੇਗਾ ?

**ਭਾਰਤ-ਅਮਰੀਕਾ ਦੇ ਰਿਸ਼ਤਿਆਂ ’ਤੇ ਅਸਰ**

ਮੀਰਾ ਸ਼ੰਕਰ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਰਹਿ ਚੁੱਕੇ ਹਨ।ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਮੇਂ ਭਾਰਤ ਅਤੇ ਪੱਛਮੀ ਦੇਸ਼ਾਂ ਨੂੰ ਆਪਸ ਵਿੱਚ ਗੱਲਬਾਤ ਕਰਨ ਦੀ ਜ਼ਰੂਰਤ ਹੈ। ਉਹ ਕਹਿੰਦੇ ਹਨ, ਮੇਗਾਫੋਨ ਡਿਪਲੋਮੇਸੀ ਦਾ ਨਹੀਂ ਹੈ। ਪਹਿਲਾਂ ਠੰਢੇ ਦਿਮਾਗ ਨਾਲ ਮਾਮਲਿਆਂ ਨੂੰ ਸੁਲਝਾਉਣ ਦੀ ਜ਼ਰੂਰਤ ਹੈ। ਹੁਣ ਤੱਕ ਭਾਰਤ ਤੇ ਕੈਨੇਡਾ ਨੇ ਸਾਰੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਆਪਣੇ ਆਰਥਿਕ ਰਿਸ਼ਤਿਆਂ ਨੂੰ ਸੰਭਾਲ ਕੇ ਰੱਖਿਆ ਹੈ ਅਤੇ ਮੈਂ ਉਮੀਦ ਕਰਦੀ ਹਾਂ ਕਿ ਅੱਗੇ ਵੀ ਅਜਿਹਾ ਹੀ ਹੋਵੇਗਾ। ਕੂਟਨੀਤੀ ਨੂੰ ਨੇੜੇ ਤੋਂ ਜਾਣਨ ਵਾਲੇ ਭਾਰਤ ਦੇ ਸਾਬਕਾ ਰਾਜਦੂਤ ਰਾਜੀਵ ਡੋਗਰਾ ਦਾ ਮੰਨਣਾ ਹੈ ਕਿ ਵਿਦੇਸ਼ ’ਚ ਭਾਰਤ ਦੇ ਖ਼ਿਲਾਫ਼ ਬਿਆਨ ਦੇਣ ਵਾਲੇ ਲੋਕਾਂ ’ਤੇ ਕਾਰਵਾਈ ਦੀ ਗੱਲ ਕਰਨਾ ਗਲਤ ਨਹੀਂ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਕੈਨੇਡਾ ਜਾਂ ਕਿਸੇ ਵੀ ਦੇਸ਼ ਤੋਂ ਅਜਿਹੀ ਕਾਰਵਾਈ ਦੀ ਉਮੀਦ ਰੱਖ ਸਕਦਾ ਹੈ। ਵਿਦੇਸ਼ ਵਿੱਚ ਆਪਣੇ ਕਾਰਜਕਾਲ ਦੌਰਾਨ ਮੈਂ ਦੇਖਿਆ ਹੈ ਕਿ ਭਾਰਤ ਨੂੰ ਦੁਸ਼ਮਣ ਮੰਨਣ ਵਾਲੇ ਦੇਸ਼ ਸ਼ਰੇਆਮ ਵੱਖਵਾਦੀ ਲੋਕਾਂ ਨੂੰ ਸਾਡੇ ਖ਼ਿਲਾਫ਼ ਭੜਕਾਉਂਦੇ ਹਨ। ਡੋਗਰਾ ਦਾ ਮੰਨਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਦਾ ਇੱਕ ਵਰਗ ਹਾਲੇ ਵੀ ਭਾਰਤ ਦੇ ਨਾਲ ਚੰਗੇ ਸਬੰਧ ਨਹੀਂ ਚਾਹੁੰਦਾ ਅਤੇ ਇਹੀ ਵਰਗ ਵਿਵਾਦ ਦੀ ਵਜ੍ਹਾ ਹੈ। ਮੈਨੂੰ ਇਸ ਗੱਲ ਦੀ ਚਿੰਤਾ ਹੈ ਕਿ ਸਾਡੇ ਰਿਸ਼ਤੇ ਚਾਹੇ ਭਾਰਤ-ਕੈਨੇਡਾ ਹੋਵੇ ਜਾਂ ਭਾਰਤ-ਅਮਰੀਕਾ ਤੇ ਪੱਛਮੀ ਦੇਸ਼ਾਂ ਨਾਲ, ਸਹੀ ਦਿਸ਼ਾ ਵਿੱਚ ਨਹੀਂ ਜਾ ਰਹੇ। ਇਸ ਮਾਮਲੇ ’ਚ ਅਮਰੀਕਾ ਨੇ ਭਾਰਤ ਦਾ ਸਾਥ ਦੇਣ ਦੀ ਵਜ੍ਹਾ ਕੈਨੇਡਾ ਦਾ ਸਮਰਥਨ ਕੀਤਾ ਹੈ। ਅਮਰੀਕਾ ਵਿੱਚ ਵੀ ਹਰ ਦਿਨ ਵੱਖਵਾਦੀ ਲੋਕ ਬਿਆਨ ਦਿੰਦੇ ਰਹਿੰਦੇ ਹਨ, ਅਤੇ ਅਜਿਹਾ ਕਿਉਂ ਹੋ ਰਿਹਾ ਹੈ, ਇਹ ਸਮਝਣਾ ਮੁਸ਼ਕਲ ਹੈ। ਭਾਰਤ ਨੇ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਇਲਜ਼ਾਮਾਂ ’ਤੇ ਆਪਣਾ ਪੱਖ ਸਾਫ਼ ਕਰੇ, ਪਰ ਇਸ ਦਾ ਕੋਈ ਖਾਸ ਨਤੀਜਾ ਨਹੀਂ ਦਿਖ ਰਿਹਾ।ਡੋਗਰਾ ਦਾ ਕਹਿਣਾ ਹੈ ਕਿ ਜੇ ਅਜਿਹਾ ਹੀ ਚੱਲਦਾ ਰਿਹਾ ਤਾਂ ਇਸ ਵਿਵਾਦ ਦਾ ਅਸਰ ਹੋਰ ਮੁੱਦਿਆਂ ’ਤੇ ਵੀ ਜਲਦ ਹੀ ਦਿਖਾਈ ਦੇਣ ਲੱਗੇਗਾ। ਉਨ੍ਹਾਂ ਕਿਹਾ, ਇਹ ਜ਼ਿੰਮੇਵਾਰੀ ਅਮਰੀਕਾ ਅਤੇ ਕੈਨੇਡਾ ’ਤੇ ਵੀ ਹੈ ਕਿ ਉਹ ਭਾਰਤ ’ਤੇ ਬੇਬੁਨਿਆਦ ਇਲਜ਼ਾਮ ਲਗਾਉਣਾ ਬੰਦ ਕਰੇ। ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲਿਬਨ ਨੇ ਅਗਸਤ ਵਿੱਚ ਕੈਨੇਡਾ ’ਚ ਇੱਕ ਬਿਆਨ ਦਿੱਤਾ ਸੀ, ਜਿਸ ’ਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਕੈਨੇਡਾ ਦੇ ਨਾਲ ਹਰ ਪੱਧਰ ’ਤੇ ਸਹਿਯੋਗ ਕਰ ਰਿਹਾ ਹੈ। ਤਾਂਕਿ ਨਿੱਝਰ ਹੱਤਿਆਕਾਂਡ ਮਾਮਲੇ ਦੀ ਤਹਿ ਤੱਕ ਪਹੁੰਚਿਆ ਜਾ ਸਕੇ। ਉਨ੍ਹਾਂ ਨੇ ਨਿੱਝਰ ਦੀ ਹੱਤਿਆ ਨੂੰ ਇੱਕ ਤਰਾਸਦੀ ਦੱਸਿਆ ਸੀ। ਇਸ ਤੋਂ ਪਹਿਲਾ ਭਾਰਤ ਨੇ ਨਿੱਝਰ ਨੂੰ ਇੱਕ ਅਤਿਵਾਦੀ ਐਲਾਨ ਦਿੱਤਾ ਹੈ।ਹਾਲਾਂਕਿ ਇਸ ਮੁੱਦੇ ਦਾ ਦੂਜਾ ਪੱਖ ਵੀ ਹੈ।

**ਦੂਜਾ ਨਜ਼ਰੀਆ**

ਅਨਿਲ ਤ੍ਰਿਗੁਣਾਯ ਭਾਰਤ ਦੇ ਰਾਜਦੂਤ ਰਹਿ ਚੁੱਕੇ ਹਨ ਅਤੇ ਅਮਰੀਕਾ ’ਚ ਵੀ ਕੰਮ ਕਰ ਚੁੱਕੇ ਹਨ, ਉਨ੍ਹਾਂ ਦਾ ਮੰਨਣਾ ਹੈ ਕਿ ਕੈਨੇਡਾ ਦੇ ਨਾਲ ਰਿਸ਼ਤੇ ਚਾਹੇ ਜਿਵੇਂ ਦੇ ਵੀ ਹੋਣ, ਇਸ ਦਾ ਭਾਰਤ ਦੇ ਪੱਛਮੀ ਦੇਸ਼ਾਂ ਨਾਲ ਸਬੰਧਾਂ ’ਤੇ ਅਸਰ ਸ਼ਾਇਦ ਹੀ ਪਵੇਗਾ।ਉਹ ਕਹਿੰਦੇ ਹਨ, ਹੋਰਾਂ ਦੇਸ਼ਾਂ ਨਾਲ ਸਾਡੇ ਰਿਸ਼ਤੇ ਮਜ਼ਬੂਤ ਹਨ। ਮੇਰੀ ਉਮੀਦ ਹੈ ਕਿ ਆਪਸੀ ਸਨਮਾਨ ਅਤੇ ਸੰਵੇਦਨਸ਼ੀਲਤਾ ਦੇ ਨਾਲ ਚੱਲੀਏ ਤਾਂ ਰਿਸ਼ਤੇ ਬਣੇ ਰਹਿਣਗੇ। ਫਿਲਹਾਲ ਜੋ ਸਮੱਸਿਆ ਹੈ, ਉਹ ਭਾਰਤ ਤੇ ਕੈਨੇਡਾ ਦੀ ਮੌਜੂਦਾ ਲੀਡਰਸ਼ਿਪ ਦੇ ਵਿਚਾਲੇ ਦੀ ਹੈ। ਉਥੋਂ ਦੀ ਲੀਡਰਸ਼ਿਪ ਵਾਰ-ਵਾਰ ਭਾਰਤ ਨੂੰ ਉਕਸਾਉਣ ਦਾ ਕੰਮ ਕਰ ਰਹੀ ਹੈ। ਬੀਬੀਸੀ ਨਾਲ ਗੱਲ ਕਰਦੇ ਹੋਏ ਇੱਕ ਮਾਹਿਰ ਨੇ ਨਾਮ ਨਾ ਦੱਸਣ ਦੀ ਸ਼ਰਤ ’ਤੇ ਦੱਸਿਆ ਕਿ ਭਾਰਤ ਅਤੇ ਕੈਨੇਡਾ ਵਿਚਾਲੇ ਵਧਦੇ ਤਣਾਅ ਦੇ ਕਾਰਨ ਭਾਰਤ ਅਤੇ ਪੱਛਮੀ ਦੇਸ਼ਾਂ ਵਿੱਚ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦੇ ਹਰ ਕਦਮ ’ਤੇ ਰੁਕਾਵਟ ਆ ਸਕਦੀ ਹੈ। ਕੈਨੇਡਾ ਫਾਈਵ ਆਈਜ਼ ਗੱਠਜੋੜ ਦਾ ਮੈਂਬਰ ਹੈ, ਜਿਸ ’ਚ ਅਮਰੀਕਾ, ਯੂਨਾਈਟਿਡ ਕਿੰਗਡਮ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵੀ ਸ਼ਾਮਲ ਹੈ। ਉਥੇ ਉਹ ਭਾਰਤ ਦੇ ਹੋਰਾਂ ਦੇਸ਼ਾਂ ਨਾਲ ਰਿਸ਼ਤੇ ਵਿਗਾੜਨ ਦੀ ਕੋਸ਼ਿਸ਼ ਕਰ ਸਕਦਾ ਹੈ। ਉਨ੍ਹਾਂ ਕਿਹਾ, ਹੋ ਸਕਦਾ ਹੈ ਕਿ ਅੱਗੇ ਜਾ ਕੇ ਕੈਨੇਡਾ ਭਾਰਤ ਵਿੱਚ ਨਿਵੇਸ਼ ਘੱਟ ਕਰ ਦੇਵੇ ਜਾਂ ਭਾਰਤੀ ਵਿਦਿਆਰਥੀਆਂ ਦਾ ਉਥੇ ਆਉਣਾ ਘਟਾ ਦੇਵੇ। ਇਸ ਤੋਂ ਇਲਾਵਾ ਦੋਵੇਂ ਦੇਸ਼ ਅਸਲ ਵਿੱਚ ਇੱਕ-ਦੂਜੇ ਦੇ ਰਣਨੀਤਿਕ ਸਮੀਕਰਨ ਵਿੱਚ ਸ਼ਾਮਲ ਨਹੀਂ ਹਨ। ਭਾਰਤ ਦੇ ਸਬੰਧ ਹੋਰ ਪੱਛਮੀ ਸ਼ਕਤੀਆਂ, ਖਾਸ ਕਰਕੇ ਇੰਡੋ-ਪੈਸੀਫਿਕ ਵਿੱਚ ਸਾਂਝੇ ਰਣਨੀਤਿਕ ਹਿੱਤਾਂ ਵਾਲੇ ਦੇਸ਼ਾਂ ਨਾਲ ਆਪਣੇ ਪੈਰਾਂ ਤੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਟਰੂਡੋ ਵਿਚਾਲੇ ਸਬੰਧਾਂ ’ਤੇ ਸਵਾਲ ਕਰਦੇ ਹੋਏ ਅਨਿਲ ਤ੍ਰਿਗੁਣਾਯ ਨੇ ਕਿਹਾ ਕਿ ਦੋਵਾਂ ਵਿਚਾਲੇ ਕੋਈ ਖਾਸ ਕੈਮਿਸਟਰੀ ਨਹੀਂ ਦਿਖਦੀ।ਉਨ੍ਹਾਂ ਕਿਹਾ, ਜਿਸ ਤਰ੍ਹਾਂ ਨਾਲ ਪ੍ਰਧਾਨ ਮੰਤਰੀ ਟਰੂਡੋ ਵਾਰ-ਵਾਰ ਭਾਰਤ ’ਤੇ ਜਨਤਕ ਰੂਪ ਨਾਲ ਇਲਜ਼ਾਮ ਲਗਾ ਰਹੇ ਹਨ, ਮੈਨੂੰ ਨਹੀਂ ਲੱਗਦਾ ਸਬੰਧ ਸੁਧਰਨਗੇ। ਦੋਵੇਂ ਆਗੂ ਆਪਸ ਵਿੱਚ ਸ਼ਿਸ਼ਟਾਚਾਰ ਨਾਲ ਪੇਸ਼ ਆਉਂਦੇ ਹਨ ਪਰ ਉਸ ਤੋਂ ਵੱਧ ਕੁਝ ਨਹੀਂ ਹੈ। ਫਿਲਹਾਲ ਉਨ੍ਹਾਂ ਦੇ ਪੱਧਰ ’ਤੇ ਕਿਸੇ ਦਖਲ ਦੀ ਉਮੀਦ ਨਹੀਂ ਹੈ। ਹਾਂ, ਸ਼ਾਇਦ ਕੈਨੇਡਾ ’ਚ ਚੋਣਾਂ ਤੋਂ ਬਾਅਦ ਬਦਲਾਅ ਹੋਵੇ, ਉਦੋਂ ਚੀਜ਼ਾਂ ਬਦਲ ਸਕਦੀਆਂ ਹਨ। ਇਹ ਵੀ ਦੇਖਣਾ ਪਵੇਗਾ। ਮੀਰਾ ਸ਼ੰਕਰ ਵੀ ਮੰਨਦੇ ਹਨ ਕਿ ਦੋਵੇਂ ਲੀਡਰਾਂ ਨੂੰ ਇਕੱਠੇ ਲਿਆਉਣ ਲਈ ਅਧਿਕਾਰੀਆਂ ਨੂੰ ਜ਼ਮੀਨੀ ਪੱਧਰ ’ਤੇ ਕੰਮ ਕਰਨਾ ਹੋਵੇਗਾ।ਉਨ੍ਹਾਂ ਨੇ ਕਿਹਾ, ਇਹ ਸੋਚਣਾ ਕਿ ਦੋਵੇਂ ਆਗੂ ਆਪਸ ਵਿੱਚ ਗੱਲਬਾਤ ਕਰ ਕੇ ਮਸਲਾ ਸੁਲਝਾ ਲੈਣਗੇ, ਸ਼ਾਇਦ ਉੱਚਿਤ ਨਾ ਹੋਵੇ। ਉਹ ਉਦੋਂ ਹੀ ਜਨਤਕ ਰੂਪ ’ਚ ਮਿਲਣਗੇ, ਜਦੋਂ ਇਸ ਰਿਸਤੇ ਵਿੱਚ ਆਈ ਦਰਾਰ ਨੂੰ ਭਰ ਦਿੱਤਾ ਜਾਵੇਗਾ।

# ਪੰਨੂ ਦੇ ‘ਕਤਲ ਦੀ ਸਾਜ਼ਿਸ਼’ ਮਾਮਲਾ: ਭਾਰਤੀ ਜਾਂਚ ਟੀਮ ਅਮਰੀਕਾ ਪੁੱਜੀ, ਹੁਣ ਤੱਕ ਕੀ-ਕੀ ਹੋਇਆ



ਖ਼ਾਲਿਸਤਾਨ ਪੱਖੀ ਗੁਰਪਤਵੰਤ ਪੰਨੂ ਦੇ ‘ਕਤਲ ਦੀ ਨਾਕਾਮ ਕੋਸ਼ਿਸ਼’ ਦੇ ਮਾਮਲੇ ਵਿੱਚ ਉੱਚ ਪੱਧਰੀ ਭਾਰਤੀ ਜਾਂਚ ਟੀਮ 15 ਅਕਤੂਬਰ ਤੋਂ ਅਮਰੀਕਾ ਦੇ ਦੌਰੇ ’ਤੇ ਹੈ। ਯੂਐੱਸ ਸਟੇਟ ਡਿਪਾਰਟਮੈਂਟ ਵੱਲੋਂ 14 ਅਕਤੂਬਰ ਨੂੰ ਜਾਰੀ ਕੀਤੇ ਇੱਕ ਬਿਆਨ ਅਨੁਸਾਰ ਅਮਰੀਕਾ ਦੇ ਇੱਕ ਨਾਗਰਿਕ ਦੇ ‘ਕਤਲ ਦੀ ਨਾਕਾਮ ਕੋਸ਼ਿਸ਼’ ਦੇ ਮਾਮਲੇ ਦੀ ਜਾਂਚ ਕਰ ਰਹੀ ਉੱਚ ਪੱਧਰੀ ਭਾਰਤੀ ਜਾਂਚ ਟੀਮ 15 ਅਕਤੂਬਰ ਨੂੰ ਵਾਸ਼ਿੰਗਟਨ ਡੀਸੀ ਦਾ ਦੌਰਾ ਕਰੇਗੀ।ਇਸ ਦੌਰਾਨ ਉਨ੍ਹਾਂ ਦੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ ਟੀਮ ਅਮਰੀਕਾ ਦੇ ਅਧਿਕਾਰੀਆਂ ਤੋਂ ਹੁਣ ਤੱਕ ਦੀ ਕੀਤੀ ਗਈ ਜਾਂਚ ਦੇ ਨਾਲ ਹੋਰ ਜਾਣਕਾਰੀ ਹਾਸਲ ਕਰੇਗੀ।ਇਸ ਭਾਰਤੀ ਜਾਂਚ ਟੀਮ ਨੂੰ ਕੁਝ ਸੰਗਠਿਤ ਅਪਰਾਧੀਆਂ ਦੀਆਂ ਗਤੀਵਿਧੀਆਂ ਦੀ ਜਾਂਚ ਕਰਨ ਲਈ ਸਥਾਪਤ ਕੀਤਾ ਗਿਆ ਹੈ।ਅਮਰੀਕਾ ਵੱਲੋਂ 2023 ਦੇ ਅਖ਼ੀਰ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇੱਕ ਭਾਰਤੀ ਅਧਿਕਾਰੀ ਵੱਲੋਂ ਨਿਖਿਲ ਗੁਪਤਾ ਨੂੰ ਅਮਰੀਕਾ ਵਿੱਚ ਰਹਿੰਦੇ ਸਿੱਖ ਵੱਖਵਾਦੀ ਆਗੂ ਨੂੰ ਮਾਰਨ ਦਾ ਠੇਕਾ ਦਿੱਤਾ ਗਿਆ ਸੀ।ਇਸ ਮਗਰੋਂ ਭਾਰਤ ਨੇ ਇਨ੍ਹਾਂ ਇਲਜ਼ਾਮਾਂ ਦੀ ਜਾਂਚ ਲਈ ਇੱਕ ਜਾਂਚ ਕਮੇਟੀ ਗਠਨ ਕਰਨ ਦੀ ਗੱਲ ਕੀਤੀ ਸੀ।ਯੂਐੱਸ ਸਟੇਟ ਡਿਪਾਰਟਮੈਂਟ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਪਿਛਲੇ ਸਾਲ ਨਿਆਂ ਵਿਭਾਗ ਨੇ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਦੀ ਪਛਾਣ ਕੀਤੀ ਸੀ, ਜਿਸ ਵੱਲੋਂ ਨਿਊਯਾਰਕ ਸਿਟੀ ਵਿੱਚ ਇੱਕ ਅਮਰੀਕੀ ਨਾਗਰਿਕ ਦੇ ਕਤਲ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਸੀ।ਯੂਐੱਸ ਸਟੇਟ ਡਿਪਾਰਟਮੈਂਟ ਨੇ ਦੱਸਿਆ ਕਿ ਭਾਰਤੀ ਟੀਮ ਨੇ ਅਮਰੀਕਾ ਨੂੰ ਸੂਚਿਤ ਕੀਤਾ ਹੈ ਕਿ ਉਹ ਸਾਬਕਾ ਸਰਕਾਰੀ ਕਰਮਚਾਰੀ ਦੇ ਹੋਰ ਸਬੰਧਾਂ ਦੀ ਜਾਂਚ ਕਰਨ ਲਈ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਲੋੜ ਪੈਣ ’ਤੇ ਅਗਲੇਰੇ ਕਦਮ ਚੁੱਕਣਗੇ।

**ਨਿਖਿਲ ਗੁਪਤਾ ਕੌਣ ਹੈ**

ਅਮਰੀਕੀ ਅਦਾਲਤ ’ਚ ਦਾਇਰ ਇਲਜ਼ਾਮਾਂ @ਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਤੇ ਇੱਕ ਲੱਖ ਡਾਲਰ (ਤਕਰੀਬਨ 83 ਲੱਖ ਰੁਪਏ) ਦੀ ਨਕਦੀ ਬਦਲੇ ਅਮਰੀਕੀ ਨਾਗਰਿਕ ਦੇ ਕਤਲ ਦਾ ਠੇਕਾ ਦੇਣ ਦੇ ਇਲਜ਼ਾਮ ਲਗਾਏ ਗਏ ਸਨ।ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਨਿਖਿਲ ਗੁਪਤਾ ਨੇ ਭਾਰਤ ਸਰਕਾਰ ਲਈ ਕੰਮ ਕਰਨ ਵਾਲੇ ਇੱਕ ਅਧਿਕਾਰੀ ਦੇ ਨਿਰਦੇਸ਼ਾਂ ਤੇ ਅਮਰੀਕਾ ਵਿੱਚ ਇੱਕ ਹਿੱਟਮੈਨ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਇੱਕ ਸਿੱਖ ਵੱਖਵਾਦੀ ਨੇਤਾ ਨੂੰ ਮਾਰਨ ਦਾ ਠੇਕਾ ਦਿੱਤਾ।ਇਲਜ਼ਾਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇੱਕ ਭਾਰਤੀ ਅਧਿਕਾਰੀ ਨਾਲ ਗੱਲਬਾਤ ਦੌਰਾਨ ਨਿਖਿਲ ਗੁਪਤਾ ਨੇ ਦੱਸਿਆ ਸੀ ਕਿ ਉਹ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਕੌਮਾਂਤਰੀ ਤਸਕਰੀ ਵਿੱਚ ਸ਼ਾਮਲ ਸੀ।ਦਸਤਾਵੇਜ਼ ਦੇ ਅਨੁਸਾਰ, ਜਿਸ ਹਿੱਟਮੈਨ ਨਾਲ ਨਿਖਿਲ ਗੁਪਤਾ ਨੇ ਸੰਪਰਕ ਕੀਤਾ, ਉਹ ਅਮਰੀਕੀ ਖ਼ੁਫ਼ੀਆ ਵਿਭਾਗ ਦਾ ਇੱਕ ਅੰਡਰਕਵਰ ਏਜੰਟ ਸੀ।ਇਸ ਏਜੰਟ ਨੇ ਨਿਖਿਲ ਗੁਪਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਗੱਲਬਾਤ ਰਿਕਾਰਡ ਕੀਤੀ ਅਤੇ ਇਸੇ ਆਧਾਰ ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ।ਮਈ 2024 ਵਿੱਚ ਨਿਖਿਲ ਗੁਪਤਾ ਦੀ ਅਮਰੀਕਾ ਨੂੰ ਹਵਾਲਗੀ ਦੇਣ ਨੂੰ ਚੈੱਕ ਗਣਰਾਜ ਦੀ ਅਦਾਲਤ ਨੇ ਮਨਜ਼ੂਰੀ ਦੇ ਦਿੱਤੀ ਸੀ।ਚੈੱਕ ਗਣਰਾਜ ਦੀਆਂ ਸੁਰੱਖਿਆ ਏਜੰਸੀਆਂ ਨੇ ਨਿਖਿਲ ਗੁਪਤਾ ਨੂੰ 16 ਜੂਨ ਨੂੰ ਅਮਰੀਕਾ ਹਵਾਲੇ ਕੀਤਾ ਸੀ।ਇਸ ਮਾਮਲੇ ਵਿੱਚ 17 ਜੂਨ ਨੂੰ ਨਿਖਿਲ ਗੁਪਤਾ ਨੂੰ ਮੈਨਹਟਨ ਦੀ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਗਿਆ।ਅਮਰੀਕਾ ਦੇ ਸੰਘੀ ਵਕੀਲਾਂ ਦਾ ਇਲਜ਼ਾਮ ਸੀ ਕਿ ਨਿਖਿਲ ਗੁਪਤਾ ਅਮਰੀਕੀ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪਨੂੰ ਦੇ ਕਤਲ ਦੀ ਨਾਕਾਮ ਸਾਜ਼ਿਸ਼ ਵਿੱਚ ਸ਼ਾਮਲ ਸੀ।

**ਗੁਰਪਤਵੰਤ ਪੰਨੂ ਦੇ ਇਲਜ਼ਾਮ ਤੇ ਭਾਰਤ ਸਰਕਾਰ ਦੀ ਪ੍ਰਤੀਕਿਰਿਆ**

ਖ਼ਾਲਿਸਤਾਨੀ ਹਮਾਇਤੀ ਗੁਰਵਤਵੰਤ ਸਿੰਘ ਪੰਨੂ ਨੇ ਅਮਰੀਕਾ ਦੀ ਇੱਕ ਅਦਾਲਤ ਵਿੱਚ ਮੁਕੱਦਮਾ ਦਾਇਰ ਕਰਦਿਆਂ ਇਲਜ਼ਾਮ ਲਗਾਇਆ ਸੀ ਕਿ ਅਮਰੀਕਾ ਵਿੱਚ ਉਸ ਦਾ ਕਤਲ ਕਰਨ ਦੀ ਸਾਜ਼ਿਸ਼ ਰਚੀ ਗਈ ਸੀ।ਇਸ ਮਾਮਲੇ ਵਿੱਚ ਸਤੰਬਰ ਮਹੀਨੇ ਅਮਰੀਕਾ ਦੀ ਇੱਕ ਅਦਾਲਤ ਨੇ ਭਾਰਤ ਸਰਕਾਰ ਨੂੰ ਸੰਮਨ ਜਾਰੀ ਕੀਤਾ ਸੀ।ਇਹ ਸੰਮਨ ਨਿਊ ਯਾਰਕ ਦੇ ਦੱਖਣੀ ਜ਼ਿਲ੍ਹੇ ਦੀ ਅਦਾਲਤ ਵੱਲੋਂ ਜਾਰੀ ਕੀਤੇ ਗਏ ਸਨ।

# ਕੈਨੇਡਾ ਪੁਲਿਸ ਨੇ 'ਭਾਰਤ ਸਰਕਾਰ ਦੇ ਏਜੰਟਾਂ ਨਾਲ ਬਿਸ਼ਨੋਈ ਗੈਂਗ ਦੇ ਸਬੰਧਾਂ ਬਾਰੇ ਕੀ ਦਾਅਵਾ ਕੀਤਾ, ਫਾਜ਼ਿਲਕਾ ਦਾ ਸਤਵਿੰਦਰ ਕਿਵੇਂ ਬਣਿਆ ਲਾਰੈਂਸ



## ਵਿਦਿਆਰਥੀ ਆਗੂ ਤੋਂ 'ਏ ਗਰੇਡ' ਅਪਰਾਧੀ ਤੱਕ

ਬਿਸ਼ਨੋਈ ਬਾਰੇ ਉਪਲਬਧ ਮੀਡੀਆ ਰਿਪੋਰਟਾਂ ਮੁਤਾਬਕ ਲਾਰੈਂਸ ਬਿਸ਼ਨੋਈ ਦਾ ਜਨਮ ਸਾਲ 1992-1993 ਦਾ ਹੈ।ਬੀਬੀਸੀ ਸਹਿਯੋਗੀ ਸੁਰਿੰਦਰ ਮਾਨ ਨੂੰ ਬਿਸ਼ਨੋਈ ਦੇ ਪਿੰਡ ਵਾਸੀਆਂ ਨੇ ਦੱਸਿਆ ਸੀ ਕਿ ਲਾਰੈਂਸ ਦੇ ਪਰਿਵਾਰ ਕੋਲ ਕਰੀਬ 110 ਕਿੱਲੇ ਜ਼ਮੀਨ ਹੈ।ਉਨ੍ਹਾਂ ਨੇ ਇਹ ਵੀ ਦੱਸਿਆ ਸੀ ਕਿ ਬਿਸ਼ਨੋਈ ਪਰਿਵਾਰ ਧਾਰਮਿਕ ਬਿਰਤੀ ਵਾਲਾ ਪਰਿਵਾਰ ਹੈ।ਲਾਰੈਂਸ ਬਿਸ਼ਨੋਈ ਦੇ ਪਿਤਾ ਲਵਿੰਦਰ ਸਿੰਘ ਹਰਿਆਣਾ ਪੁਲਿਸ ਵਿੱਚ ਸਿਪਾਹੀ ਸਨ।ਲਾਰੈਂਸ ਨੇ ਸਾਲ 2011 ਵਿੱਚ ਡੀਏਵੀ ਕਾਲ ਚੰਡੀਗੜ੍ਹ ਵਿੱਚ ਦਾਖ਼ਲਾ ਲਿਆ ਸੀ ਜਿੱਥੇ ਉਸ ਨੇ ਵਿਦਿਆਥੀ ਸਿਆਸਤ ਤੋਂ ਸ਼ੁਰੂਆਤ ਕੀਤੀ।ਲਾਰੈਂਸ ਵਿਦਿਆਰਥੀ ਜਥੇਬੰਦੀ 'ਸੋਪੂ' ਦਾ ਸਰਗਰਮ ਆਗੁ ਰਿਹਾ।ਪੁਲਿਸ ਰਿਕਾਰਡ ਮੁਤਾਬਕ ਲਾਰੈਂਸ 'ਏ' ਸ਼੍ਰੇਣੀ ਦਾ ਗੈਂਗਸਟਰ ਹੈ।ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ ਦੀ ਸ਼੍ਰੇਣੀ ਬਣਾਈ ਗਈ ਹੈ। 'ਏ' ਸ਼੍ਰੇਣੀ ਵਿੱਚ ਉਹ ਗੈਂਗਸਟਰ ਹੁੰਦੇ ਜੋ ਵੱਧ ਸੰਗੀਨ ਅਪਰਾਧਾਂ ਵਿੱਚ ਕਥਿਤ 'ਤੌਰ' ਉੱਤੇ ਸ਼ਾਮਲ ਹਨ।ਲਾਰੈਂਸ ਬਿਸ਼ਨੋਈ ਪਹਿਲੀ ਵਾਰ ਸਾਲ 2014 ਵਿੱਚ ਜੇਲ੍ਹ ਗਏ ਸਨ।2022 ਵਿੱਚ ਹੋਏ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਦੇ ਕਤਲ ਤੋਂ ਪਹਿਲਾਂ ਲਾਰੈਂਸ ਬਿਸ਼ਨੋਈ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਸਨ।ਲਾਰੈਂਸ ਬਿਸ਼ਨੋਈ ਗੁਜਰਾਤ ਦੀ ਜੇਲ੍ਹ ਵਿੱਚ ਕਿਸ ਨਿਯਮ ਤਹਿਤ ਹਨ ਲਾਰੈਂਸ ਬਿਸ਼ਨੋਈ ਅਪ੍ਰੈਲ 2023 ਤੋਂ ਅਹਿਮਦਾਬਾਦ ਦੀ ਸਾਬਰਮਤੀ ਜੇਲ੍ਹ ਵਿੱਚ ਇੱਕ ਹਾਈ ਪ੍ਰੋਫਾਈਲ ਕੈਦੀ ਦੇ ਤੌਰ ਉੱਤੇ ਬੰਦ ਹਨ।ਬੀਬੀਸੀ ਪੱਤਰਕਾਰ ਰੌਕਸੀ ਗਾਗਡੇਕਰ ਦੀ ਰਿਪੋਰਟ ਦੇ ਮੁਤਾਬਕ ਮੀਡੀਆ ਰਿਪੋਰਟਾਂ ਦੇ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ ਉੱਤੇ ਸੀਆਰਪੀਸੀ ਦੀ ਧਾਰਾ 268 ਦੇ ਤਹਿਤ ਅਹਿਮਦਾਬਾਦ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਦੀ ਟ੍ਰਾਂਸਫਰ ਉੱਤੇ ਰੋਕ ਲਾ ਦਿੱਤੀ ਸੀ।ਇਸ ਰੋਕ ਨੂੰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐੱਨਐੱਸਐੱਸ) 2023 ਦੀ ਧਾਰਾ 303 ਦੇ ਤਹਿਤ ਇੱਕ ਸਾਲ ਦੇ ਲਈ ਵਧਾ ਦਿੱਤਾ ਗਿਆ ਸੀ।

ਭਾਰਤ-ਕੈਨੇਡਾ ਦੇ ਕੂਟਨੀਤਕ ਸੰਬੰਧਾਂ ਵਿੱਚ ਆਏ ਇਤਿਹਾਸਕ ਨਿਘਾਰ ਦੇ ਵਿਚਕਾਰ ਗੁਜਰਾਤ ਦੀ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਦਾ ਨਾਮ ਵੀ ਇਸ ਸਭ ਦੇ ਕੇਂਦਰ ਵਿੱਚ ਆ ਗਿਆ ਹੈ।ਸੋਮਵਾਰ ਨੂੰ 'ਭਾਰਤ ਸਰਕਾਰ ਦੇ ਏਜੰਟਾਂ' ਨਾਲ ਜੁੜੀ ਕੈਨੇਡਾ ਵਿੱਚ ਕਥਿਤ ਹਿੰਸਕ ਅਪਰਾਧਕ ਗਤੀਵਿਧੀ ਬਾਰੇ ਆਰਸੀਐੱਮਪੀ (ਰੌਇਲ ਕੈਨੇਡੀਅਨ ਮਾਊਂਟਡ ਪੁਲਿਸ) ਨੇ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਲਾਰੈਂਸ ਬਿਸ਼ਨੋਈ ਗਰੁੱਪ ਦਾ ਨਾਮ ਲਿਆ।ਆਰਸੀਐੱਮਪੀ ਦੇ ਬੁਲਾਰਿਆਂ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਗਰੁੱਪ ਦੀ ਕੈਨੇਡਾ ਵਿਚਲੀ ਕਥਿਤ ਅਪਰਾਧਕ ਗਤੀਵਿਧੀ ਵਿੱਚ ਪ੍ਰਮੁੱਖ ਭੂਮਿਕਾ ਹੈ।ਆਰਸੀਐੱਮਪੀ ਨੇ ਬਿਸ਼ਨੋਈ ਗਰੁੱਪ ਦੇ ਭਾਰਤ ਸਰਕਾਰ ਦੇ ਏਜੰਟਾਂ ਨਾਲ ਕਥਿਤ ਸਬੰਧ ਹੋਣ ਦਾ ਵੀ ਇਲਜ਼ਾਮ ਲਾਇਆ।ਆਰਸੀਐੱਮਪੀ ਬੁਲਾਰੇ ਬ੍ਰਿਗਿਟੇ ਗਾਓਵਿਨ, ਅਸਿਸਟੈਂਟ ਕਮਿਸ਼ਨਰ, ਫੈਡਰਲ ਪੁਲਿਸਿੰਗ, ਕੌਮੀ ਸੁਰੱਖਿਆ(ਆਰਸੀਐੱਮਪੀ) ਨੇ ਕਿਹਾ, ਇਸ ਵੱਲੋਂ ਕੈਨੇਡਾ ਵਿਚਲੇ ਦੱਖਣੀ ਏਸ਼ੀਆਈ ਭਾਈਚਾਰੇ ਖਾਸ ਕਰਕੇ ਖਾਲਿਸਤਾਨ ਪੱਖੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸੀਂ ਆਰਸੀਐੱਮਪੀ ਦੇ ਨਜ਼ਰੀਏ ਤੋਂ ਦੇਖਿਆ ਹੈ ਕਿ ਉਹ ਸੰਗਠਿਤ ਅਪਰਾਧ ਦੀ ਵਰਤੋਂ ਕਰਦੇ ਹਨ। ਇਸ ਨੂੰ ਜਨਤਕ ਤੌਰ ਉੱਤੇ ਇੱਕ ਅਪਰਾਧਕ ਸਮੂਹ ਨਾਲ ਜੋੜਿਆ ਜਾ ਚੁੱਕਿਆ ਹੈ ਅਤੇ ਇਸ ਅਪਰਾਧਕ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਵੀ ਲਈ ਹੈ। ਬਿਸ਼ਨੋਈ ਗਰੁੱਪ.. ਅਸੀਂ ਮੰਨਦੇ ਹਾਂ ਇਹ ਗਰੁੱਪ ਭਾਰਤ ਸਰਕਾਰ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ। ਇਸ ਮਗਰੋਂ ਅਪਰਾਧਕ ਸੰਗਠਨਾਂ ਦੀ ਭੂਮਿਕਾ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਆਰਸੀਐੱਮਪੀ ਨੇ ਲਾਰੈਂਸ ਬਿਸ਼ਨੋਈ ਗੈਂਗ ਦਾ ਨਾਮ ਮੁੜ ਦੁਹਰਾਇਆ।ਆਰਸੀਐੱਮਪੀ ਬੁਲਾਰੇ ਨੇ ਕਿਹਾ, ਲਾਰੈਂਸ ਬਿਸ਼ਨੋਈ ਗੈਂਗ ਭਾਰਤ ਤੋਂ ਪੈਦਾ ਹੋਣ ਵਾਲੇ ਫ਼ਿਰੌਤੀ ਮੰਗਣ ਅਤੇ ਨਸ਼ੇ ਨਾਲ ਜੁੜੇ ਅਪਰਾਧ ਨਾਲ ਜੁੜਿਆ ਹੈ। ਉਸ ਸਮੂਹ ਨੇ ਕਈ ਗਤੀਵਿਧੀਆਂ ਦੀ ਜ਼ਿੰਮੇਵਾਰੀ ਵੀ ਲਈ ਹੈ ਜਿਨ੍ਹਾਂ ਦੀ ਜਾਣਕਾਰੀ ਜਨਤਕ ਹੈ। ਪਰ ਹੋਰ ਵੀ ਅਜਿਹੇ ਸਮੂਹ ਹਨ ਜਿਨ੍ਹਾਂ ਦਾ ਮੈਂ ਨਾਮ ਨਹੀਂ ਲੈਣਾ ਚਾਹਾਂਗੀ। ਇਸ ਤੋਂ ਇਲਾਵਾ ਆਰਸੀਐੱਮਪੀ ਨੇ ਕਿਹਾ, ਕੈਨੇਡਾ ਵਿੱਚ ਕਤਲ ਦੇ ਕੇਸਾਂ ਵਿੱਚ ਕਰੀਬ 8 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਇਸ ਤੋਂ ਇਲਾਵਾ ਕਰੀਬ 22 ਮੁਲਜ਼ਮਾਂ ਨੂੰ ਫ਼ਿਰੌਤੀ ਮੰਗਣ ਦੇ ਕੇਸਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸੋਮਵਾਰ ਨੂੰ ਭਾਰਤ ਅਤੇ ਕੈਨੇਡਾ ਦੋਵਾਂ ਨੇ ਇੱਕ ਦੂਜੇ ਦੇ 6-6 ਕੂਟਨੀਤਿਕਾਂ ਨੂੰ ਮੁਲਕ ਛੱਡਣ ਲ਼ਈ ਕਹਿ ਦਿੱਤਾ।ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੀ ਧਰਤੀ ਤੇ ਕੈਨੇਡੀਆਈ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਬਾਰੇ 'ਭਰੋਸੇਯੋਗ ਸਬੂਤ' ਹੋਣ ਦੀ ਗੱਲ ਕਹੀ।ਇਸ ਤੋਂ ਪਹਿਲਾਂ ਆਰਸੀਐੱਮਪੀ ਨੇ ਇਸ ਮਾਮਲੇ ਵਿੱਚ ਜਾਂਚ ਬਾਰੇ ਜਾਣਕਾਰੀ ਸਾਂਝੀ ਕੀਤੀ।ਦਰਅਸਲ ਕੈਨੇਡਾ ਵੱਲੋਂ ਭਾਰਤ ਨੂੰ ਇੱਕ ਕੂਟਨੀਤਕ ਸੁਨੇਹੇ ਵਿੱਚ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਤੇ ਹੋਰ ਕੂਟਨੀਤਕਾਂ ਨੂੰ ਪਰਸਨਜ਼ ਆਫ ਇੰਟਰਸਟ ਭਾਵ ਜਾਂਚ ਵਿੱਚ ਲੋੜੀਂਦੇ ਕਿਹਾ ਗਿਆ ਸੀ।ਇਸ ਮਗਰੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਸਖ਼ਤ ਸ਼ਬਦਾਂ ਵਿੱਚ ਇਸ ਦਾ ਜਵਾਬ ਦਿੱਤਾ ਤੇ ਕੈਨੇਡਾ ਦੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ।ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਹਿੰਸਾ ਅਤੇ ਕੱਟੜਪੰਥ ਦੇ ਮਾਹੌਲ ਵਿੱਚ ਟਰੂਡੋ ਸਰਕਾਰ ਦੀਆਂ ਕਾਰਵਾਈਆਂ ਨੇ ਭਾਰਤੀ ਹਾਈ ਕਮਿਸ਼ਨਰ ਅਤੇ ਕੂਟਨੀਤਕਾਂ ਦੀ ਸੁਰੱਖਿਆਂ ਨੂੰ ਖਤਰੇ ਵਿੱਚ ਪਾਇਆ ਹੈ।ਸਰਕਾਰ ਨੇ ਬਿਆਨ ਦਿੱਤਾ ਕਿ ਉਨ੍ਹਾਂ ਨੂੰ ਮੌਜੂਦਾ ਕੈਨੇਡੀਆਈ ਸਰਕਾਰ ਉੱਤੇ ਭਰੋਸਾ ਨਹੀਂ ਹੈ ਕਿ ਉਹ ਕੂਟਨੀਤਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਗੇ।ਇਸ ਤੋਂ ਪਹਿਲਾਂ ਭਾਰਤ ਨੇ ਕੈਨੇਡੀਆਈ ਨੁਮਾਇੰਦੇ ਸਟੀਵਰਟ ਵ੍ਹੀਲਰ ਨੂੰ ਸੰਮਨ ਕੀਤਾ ਸੀ।ਕੈਨੇਡੀਆਈ ਕੂਟਨੀਤਕ ਸਟੀਵਰਟ ਵ੍ਹੀਲਰ ਨੇ ਭਾਰਤੀ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਕਿਹਾ ਸੀ ਕਿ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਭਾਰਤ ਸਰਕਾਰ ਦੇ ਏਜੰਟਾਂ ਦੇ ਕੈਨੇਡੀਆਈ ਨਾਗਰਿਕ ਦੇ ਕਤਲ ਵਿੱਚ ਸ਼ਮੂਲੀਅਤ ਦੇ ਸਬੂਤ ਦਿੱਤੇ ਸਨ।

### ਫ਼ਾਜ਼ਿਕਲਾ ਤੋਂ ਕੌਮਾਂਤਰੀ ਅਪਰਾਧ ਤੱਕ

ਆਰਸੀਐੱਮਪੀ ਵੱਲੋਂ ਦਿੱਤੀ ਜਾਣਕਾਰੀ ਨੇ ਲਾਰੈਂਸ ਬਿਸ਼ਨੋਈ ਗੈਂਗ ਦੀਆਂ ਅਪਰਾਧ ਦੀ ਦੁਨੀਆਂ ਵਿੱਚ ਡੂੰਘੀਆਂ ਜੜ੍ਹਾਂ ਬਾਰੇ ਚਰਚਾ ਛੇੜ ਦਿੱਤੀ ਹੈ।ਲਾਰੈਂਸ ਬਿਸ਼ਨੋਈ ਦਾ ਜਨਮ ਪੰਜਾਬ ਦੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਦੂਤਰਾਂ ਵਾਲੀ ਵਿੱਚ ਹੋਇਆ ਸੀ।ਪੁਲਿਸ ਰਿਕਾਰਡ ਮੁਤਾਬਕ ਲਾਰੈਂਸ ਬਿਸ਼ਨੋਈ ਦਾ ਅਸਲੀ ਨਾਮ ਸਤਵਿੰਦਰ ਸਿੰਘ ਹੈ।ਕਈ ਮੀਡੀਆ ਰਿਪੋਰਟਾਂ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਕਿਉਂਕਿ ਲਾਰੈਂਸ ਬਚਪਨ ਵਿੱਚ ਬਹੁਤ ਗੋਰਾ ਚਿੱਟਾ ਸੀ, ਇਸ ਲਈ ਉਸ ਦੇ ਪਰਿਵਾਰ ਨੇ ਉਸ ਨੂੰ ਪਿਆਰ ਨਾਲ ਲਾਰੈਂਸ ਕਹਿਣਾ ਸ਼ੁਰੂ ਕਰ ਦਿੱਤਾ, ਜੋ ਬਾਅਦ ਵਿੱਚ ਉਸਦੇ ਅਸਲੀ ਨਾਮ ਨਾਲੋਂ ਵੀ ਵੱਧ ਮਸ਼ਹੂਰ ਹੋ ਗਿਆ।ਹਾਲਾਂਕਿ ਲਾਰੈਂਸ ਵੱਖ-ਵੱਖ ਅਪਰਾਧਕ ਮਾਮਲਿਆਂ ਦੇ ਚੱਲਦਿਆਂ ਬੀਤੇ ਕਈ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ ਪਰ ਉਨ੍ਹਾਂ ਦਾ ਨਾਮ ਕਈ 'ਹਾਈ ਪ੍ਰੋਫਾਈਲ' ਅਪਰਾਧਕ ਕਾਰਵਾਈਆਂ ਨਾਲ ਵਾਰ-ਵਾਰ ਜੁੜਦਾ ਰਿਹਾ ਹੈ।ਇਨ੍ਹਾਂ ਕੇਸਾਂ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਕਤਲ ਵੀ ਸ਼ਾਮਲ ਹੈ।ਸਿੱਧੂ ਮੂਸੇਵਾਲਾ ਨੂੰ ਮਈ 2022 ਵਿੱਚ ਮਾਨਸਾ ਦੇ ਪਿੰਡ ਜਵਾਹਰ ਕੇ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਅਤੇ ਵਿਦੇਸ਼ ਵਿੱਚ ਰਹਿੰਦੇ ਮੰਨੇ ਜਾਂਦੇ ਉਨ੍ਹਾਂ ਦੇ ਹੀ ਸਾਥੀ ਗੋਲਡੀ ਬਰਾੜ ਵੱਲੋਂ ਲਈ ਗਈ ਸੀ।ਇਸ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਧਮਕੀਆਂ ਦਿੱਤੇ ਜਾਣ ਦੇ ਮਾਮਲੇ ਵਿੱਚ ਵੀ ਉਨ੍ਹਾਂ ਦਾ ਨਾਮ ਸਾਹਮਣੇ ਆਉਂਦਾ ਹੈ।ਅਪ੍ਰੈਲ 2024 ਵਿੱਚ ਸਲਮਾਨ ਖਾਨ ਦੇ ਘਰ ਦੇ ਬਾਹਰ ਹੋਈ ਫਾਇਰਿੰਗ ਦੇ ਕੇਸ ਵਿੱਚ ਵੀ ਲਾਰੈਂਸ ਬਿਸ਼ਨੋਈ ਦਾ ਨਾਮ ਸਾਹਮਣੇ ਆਇਆ ਸੀ।ਹਾਲ ਹੀ ਵਿੱਚ ਹੋਏ ਮਹਾਰਾਸ਼ਟਰ ਦੇ ਸਿਆਸਤਦਾਨ ਬਾਬਾ ਸਿੱਦੀਕੀ ਦੇ ਕਤਲ ਦੇ ਮਾਮਲੇ ਵਿੱਚ ਵੀ ਪੁਲਿਸ ਵੱਲੋਂ ਲਾਰੈਂਸ ਬਿਸ਼ਨੋਈ ਗੈਂਗ ਦੀ ਭੂਮਿਕਾ ਬਾਰੇ ਜਾਂਚ ਕਰਨ ਦੀ ਗੱਲ ਕਹੀ ਗਈ ਹੈ।

### ਐੱਨਆਈਏ ਨੇ ਦਾਇਰ ਕੀਤੀ ਚਾਰਜਸ਼ੀਟ

ਮਾਰਚ 2023 ਵਿੱਚ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਤੇ 12 ਹੋਰ ਜਣਿਆਂ ਦੇ ਬੱਬਰ ਖਾਲਸਾ ਇੰਟਰਨੈਸ਼ਨਲ ਜਿਹੀਆਂ ਜਥੇਬੰਦੀਆਂ ਨਾਲ ਸਬੰਧਾਂ ਬਾਰੇ ਕੇਸ ਵਿੱਚ ਚਾਰਜਸ਼ੀਟ ਦਾਇਰ ਕੀਤੀ ਸੀ।ਐੱਨਆਈਏ ਨੇ ਆਪਣੀ ਪ੍ਰੈੱਸ ਰਿਲੀਜ਼ ਵਿੱਚ ਕਿਹਾ ਸੀ, ਸਾਲ 2015 ਤੋਂ ਪੁਲਿਸ ਹਿਰਾਸਤ ਵਿੱਚ ਕੈਦ ਲਾਰੈਂਸ ਬਿਸ਼ਨੋਈ ਵੱਖ-ਵੱਖ ਜੇਲ੍ਹਾਂ ਵਿੱਚੋਂ ਕੈਨੇਡਾ ਵਿਚਲੇ ਗੋਲਡੀ ਬਰਾੜ ਨਾਲ ਰਲ ਕੇ 'ਟੈਰਰ-ਕ੍ਰਾਈਮ ਸਿੰਡੀਕੇਟ' ਚਲਾ ਰਿਹਾ ਹੈ। ਗੋਲਡੀ ਬਰਾੜ ਫਰੀਦਕੋਟ ਵਿੱਚ ਨਵੰਬਰ 2022 ਵਿੱਚ ਡੇਰਾ ਸੱਚਾ ਸੌਦਾ ਨਾਲ ਜੁੜੇ ਪ੍ਰਦੀਪ ਕੁਮਾਰ ਦੇ ਕਤਲ ਵਿੱਚ ਮੁਲਜ਼ਮ ਹੈ। ਇਸ ਪ੍ਰੈੱਸ ਰਿਲੀਜ਼ ਵਿੱਚ ਅੱਗੇ ਕਿਹਾ ਗਿਆ ਸੀ ਕਿ ਲਾਰੈਂਸ ਬਿਸ਼ਨੋਈ 'ਟੈਰਰ-ਕ੍ਰਾਈਮ-ਐਕਸਟਰੌਸ਼ਨ ਸਿੰਡੀਕੇਟ' ਦੀ ਮੋਹਾਲੀ ਵਿਚਲੇ ਪੰਜਾਬ ਸਟੇਟ ਇੰਟੈਲਿਜੈਂਸ ਹੈੱਡਕੁਆਰਟਰ ਉੱਤੇ ਹੋਏ ਆਰਪੀਜੀ ਹਮਲੇ ਵਿੱਚ ਵੀ ਭੂਮਿਕਾ ਸੀ।ਜਨਵਰੀ 2024 ਵਿੱਚ ਜਾਰੀ ਕੀਤੀ ਗਈ ਪ੍ਰੈੱਸ ਰਿਲੀਜ਼ ਵਿੱਚ ਏਜੰਸੀ ਨੇ ਕਿਹਾ ਸੀ, ਐੱਨਆਈਏ ਨੇ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਸਾਥੀਆਂ ਦੇ ਸੰਗਠਤ ਅਪਰਾਧਕ ਸਿੰਡੀਕੇਟ ਦੇ ਖਿਲਾਫ਼ ਯੂਏਪੀਏ ਦੇ ਤਹਿਤ ਅਗਸਤ 2022 ਵਿੱਚ ਕੇਸ ਦਰਜ ਕੀਤਾ ਸੀ। ਐੱਨਆਈਏ ਨੇ ਕਿਹਾ ਸੀ ਕਿ ਇਹ ਨੈੱਟਵਰਕ ਵਪਾਰੀਆਂ ਅਤੇ ਪੇਸ਼ੇਵਰਾਂ ਕੋਲੋਂ ਵੱਡੇ ਪੱਧਰ ਉੱਤੇ ਫ਼ਿਰੌਤੀਆਂ ਲੈਣ ਵਿੱਚ ਸ਼ਾਮਲ ਸੀ।ਲਾਰੈਂਸ ਬਿਸ਼ਨੋਈ ਪੰਜਾਬ ਦੀ ਬਠਿੰਡਾ ਜੇਲ੍ਹ ਤੇ ਦਿੱਲੀ ਦੀ ਤਿਹਾੜ ਜੇਲ੍ਹ ਸਣੇ ਵੱਖ-ਵੱਖ ਜੇਲ੍ਹਾਂ ਵਿੱਚ ਕੈਦ ਰਹੇ ਹਨ।ਫ਼ਿਲਹਾਲ ਉਹ ਭਾਰਤ ਦੇ ਗੁਜਰਾਤ ਸੂਬੇ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਹਨ।ਵੱਖ-ਵੱਖ ਮੌਕਿਆਂ ਉੱਤੇ ਸਿਆਸੀ ਆਗੂਆਂ ਤੇ ਕਾਰਕੁਨਾਂ ਵੱਲੋਂ ਇਹ ਸਵਾਲ ਖੜ੍ਹਾ ਕੀਤਾ ਜਾਂਦਾ ਰਿਹਾ ਹੈ ਕਿ 'ਆਖ਼ਰ ਜੇਲ੍ਹ ਵਿੱਚ ਬੰਦ ਇੱਕ ਅਪਰਾਧੀ ਜੇਲ੍ਹ ਤੋਂ ਬਾਹਰ ਹੁੰਦੀਆਂ ਅਜਿਹੀਆਂ ਅਪਰਾਧਕ ਗਤੀਵਿਧੀਆਂ 'ਚ ਸਰਗਰਮ ਭੂਮਿਕਾ ਕਿਵੇਂ ਨਿਭਾਅ ਸਕਦਾ ਹੈ।'

### ਲਾਰੈਂਸ ਦੇ ਜੇਲ੍ਹ ਵਿੱਚੋਂ ਦਿੱਤੇ ਗਏ ਇੰਟਰਵਿਊਜ਼ ਬਾਰੇ ਸਵਾਲ

ਲਾਰੈਂਸ ਬਿਸ਼ਨੋਈ ਦੀ ਚਰਚਾ ਦਾ ਕਾਰਨ ਉਨ੍ਹਾਂ ਦਾ ਅਪਰਾਧਕ ਕਾਰਵਾਈਆਂ ਵਿੱਚ ਨਾਮ ਆਉਣਾ ਹੀ ਨਹੀਂ ਹੈ ਸਗੋਂ ਉਹ ਜੇਲ੍ਹ ਵਿੱਚੋਂ ਮੀਡੀਆ ਨੂੰ ਇੰਟਰਵਿਊਜ਼ ਵੀ ਦੇ ਚੁੱਕੇ ਹਨ।ਮਾਰਚ 2023 ਵਿੱਚ ਇੱਕ ਨਿੱਜੀ ਖ਼ਬਰ ਅਦਾਰੇ ਨੇ ਲਾਰੈਂਸ ਬਿਸ਼ਨੋਈ ਦੇ ਦੋ ਇੰਟਰਵਿਊਜ਼ ਪ੍ਰਸਾਰਿਤ ਕੀਤੇ ਗਏ ਸਨ।ਇਨ੍ਹਾਂ ਇੰਟਰਵਿਊਜ਼ ਵਿੱਚ ਲਾਰੈਂਸ ਵੱਲੋਂ ਆਪਣੀਆਂ ਅਪਰਾਧਕ ਕਾਰਵਾਈਆਂ ਨੂੰ ਜਾਇਜ਼ ਠਹਿਰਾਇਆ ਗਿਆ ਸੀ।ਲਾਰੈਂਸ ਬਿਸ਼ਨੋਈ ਦੀਆਂ ਇੰਟਰਵਿਊਜ਼ ਬਾਰੇ ਪੰਜਾਬ ਸਰਕਾਰ ਵੱਲੋਂ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ।ਇਸ ਟੀਮ ਵੱਲੋਂ ਜੁਲਾਈ 2023 ਵਿੱਚ ਆਪਣੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦਿੱਤੀ ਗਈ ਸੀ।ਰਿਪੋਰਟ ਵਿੱਚ ਇਹ ਸਾਹਮਣੇ ਆਇਆ ਸੀ ਕਿ ਕਿ ਦੋ ਇੰਟਰਵਿਊਜ਼ ਵਿੱਚੋਂ ਪਹਿਲਾ ਇੰਟਰਵਿਊ ਪੰਜਾਬ ਦੇ ਖਰੜ ਵਿਚਲੀ ਸੀਆਈਏ ਦੇ ਦਫ਼ਤਰ ਵਿੱਚ ਦਿੱਤਾ ਗਿਆ ਸੀ।ਜਦਕਿ ਦੂਜੀ ਇੰਟਰਵਿਊ ਰਾਜਸਥਾਨ ਵਿੱਚ ਸ਼ੂਟ ਕੀਤੀ ਗਈ ਸੀ।ਅਦਾਲਤ ਨੇ ਆਪਣੇ ਹੁਕਮਾਂ ਵਿੱਚ ਕਿਹਾ ਸੀ ਕਿ ਇਹ ਵੀ ਸਾਹਮਣੇ ਆਇਆ ਸੀ ਕਿ ਇਹ ਇੰਟਰਵਿਊਜ਼ ਪ੍ਰਸਾਰਿਤ ਕੀਤੇ ਜਾਣ ਤੋਂ ਕੁਝ ਮਹੀਨੇ ਪਹਿਲਾਂ ਸ਼ੂਟ ਕੀਤੇ ਗਏ ਸਨ।ਅਦਾਲਤ ਨੇ ਅੱਗੇ ਕਿਹਾ ਸੀ, ਜਿਸ ਵਿਅਕਤੀ ਦੀ ਇੰਟਰਵਿਊ ਲਈ ਗਈ ਹੈ ਉਸ ਖ਼ਿਲਾਫ਼ ਪੰਜਾਬ ਵਿੱਚ 71 ਮਾਮਲੇ ਚੱਲ ਰਹੇ ਹਨ ਅਤੇ ਉਸ ਨੂੰ 4 ਕੇਸਾਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਜਿਨ੍ਹਾਂ ਵਿੱਚ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1967, 302 ਆਈਪੀਸੀ ਦੇ ਅਧੀਨ ਅਪਰਾਧ ਸ਼ਾਮਲ ਹਨ। ਇੰਟਰਵਿਊ ਦੇਣ ਵਾਲਾ ਟਾਰਗਿਟ ਕਿਲਿੰਗ ਅਤੇ ਆਪਣੀਆਂ ਅਪਰਾਧਿਕ ਗਤੀਵਿਧੀਆਂ ਨੂੰ ਜਾਇਜ਼ ਠਹਿਰਾ ਰਿਹਾ ਹੈ। ਉਸ ਨੇ ਇੱਕ ਫਿਲਮ ਅਦਾਕਾਰ ਨੂੰ ਧਮਕੀ ਦਿੱਤੀ ਗਈ ਧਮਕੀ ਨੂੰ ਦੁਹਰਾਇਆ ਅਤੇ ਜਾਇਜ਼ ਠਹਿਰਾਇਆ ਹੈ। ਲਾਰੈਂਸ ਬਿਸ਼ਨੋਈ ਦੇ ਇੰਟਰਵਿਊਜ਼ ਬਾਰੇ ਉਸ ਵੇਲੇ ਸੀਨੀਅਰ ਪੱਤਰਕਾਰ ਸਰਬਜੀਤ ਧਾਲੀਵਾਲ ਨੇ ਬੀਬੀਸੀ ਨਾਲ ਗੱਲ ਕੀਤੀ ਸੀ।ਉਨ੍ਹਾਂ ਨੇ ਕਿਹਾ ਸੀ ਕਿ ਲਾਰੈਂਸ ਦੀ ਇੰਟਰਵਿਊ ਵਿੱਚ ਉਸ ਨੇ ਆਪਣੇ ਆਪ ਨੂੰ 'ਖਾਲਿਸਤਾਨ ਅਤੇ ਪਾਕਿਸਤਾਨ' ਵਿਰੋਧੀ ਦੱਸਿਆ ਸੀ।ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਰਾਸ਼ਟਰਵਾਦੀ ਵੀ ਕਰਾਰ ਦਿੱਤਾ ਸੀ।



# ਅਮਰੀਕਾ ਅਤੇ ਕੈਨੇਡਾ ਨੇ ਮੱਧ ਪੂਰਬ ਦੇ ਵਧਦੇ ਸੰਘਰਸ਼ ਦੇ ਵਿਚਕਾਰ ਪਾਬੰਦੀਆਂ ਲਗਾਈਆਂ

ਟੋਰਾਂਟੋ : ਸੰਯੁਕਤ ਰਾਜ ਅਤੇ ਕੈਨੇਡਾ ਨੇ ਮੰਗਲਵਾਰ ਨੂੰ ਸੰਯੁਕਤ ਤੌਰ ’ਤੇ ਪਾਬੰਦੀਆਂ ਲਗਾਈਆਂ, ਸਮੀਦੌਨ ਫਲਸਤੀਨੀ ਕੈਦੀ ਸੋਲੀਡੈਰਿਟੀ ਨੈਟਵਰਕ ਨੂੰ ਨਿਸ਼ਾਨਾ ਬਣਾਉਂਦੇ ਹੋਏ, ਇੱਕ ਸੰਗਠਨ ਜਿਸ ’ਤੇ ਇੱਕ ਮਨੋਨੀਤ ਅੱਤਵਾਦੀ ਸਮੂਹ, ਪਾਪੂਲਰ ਫਰੰਟ ਫਾਰ ਦਿ ਲਿਬਰੇਸ਼ਨ ਆਫ ਫਿਲਸਤੀਨ (ਪੀਐਫਐਲਪੀ) ਲਈ ਫੰਡ ਇਕੱਠਾ ਕਰਨ ਦਾ ਦੋਸ਼ ਹੈ। ਇਹ ਪਾਬੰਦੀਆਂ ਮੱਧ ਪੂਰਬ ਵਿੱਚ ਵੱਧ ਰਹੇ ਤਣਾਅ ਅਤੇ ਵੱਧ ਰਹੀ ਹਿੰਸਾ ਦੇ ਵਿਚਕਾਰ ਪਹੁੰਚਦੀਆਂ ਹਨ, ਜਿੱਥੇ ਕਈ ਵਿਵਾਦ ਵਧ ਗਏ ਹਨ, ਜਿਸ ਨਾਲ ਖੇਤਰ ਵੱਲ ਵਿਸ਼ਵਵਿਆਪੀ ਧਿਆਨ ਖਿੱਚਿਆ ਗਿਆ ਹੈ।

**ਪਾਬੰਦੀਆਂ ਅਤੇ ਦੋਸ਼**

ਅਮਰੀਕੀ ਖਜ਼ਾਨਾ ਵਿਭਾਗ, ਕੈਨੇਡੀਅਨ ਸਰਕਾਰ ਦੇ ਨਾਲ, ਨੇ ਘੋਸ਼ਣਾ ਕੀਤੀ ਕਿ ਗਾਜ਼ਾ ਅਤੇ ਵੈਸਟ ਬੈਂਕ ਵਿੱਚ ਕੰਮ ਕਰਨ ਵਾਲੀ ਇੱਕ ਚੈਰਿਟੀ, ਸਾਮੀਦੌਨ, ਪੀਐਫਐਲਪੀ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ, ਜੋ ਕਿ 1997 ਤੋਂ ਵਿਦੇਸ਼ੀ ਅੱਤਵਾਦੀ ਸੰਗਠਨਾਂ ਦੀ ਅਮਰੀਕੀ ਸੂਚੀ ਵਿੱਚ ਹੈ। ਖਾਲਿਦ ਬਰਕਤ, ਸਮੂਹ ਵਿੱਚ ਇੱਕ ਸੀਨੀਅਰ ਸ਼ਖਸੀਅਤ ਨੂੰ ਵੀ ਵਿਸ਼ੇਸ਼ ਤੌਰ ’ਤੇ ਨਾਮ ਦਿੱਤਾ ਗਿਆ ਸੀ ਅਤੇ ਮਨਜ਼ੂਰੀ ਦਿੱਤੀ ਗਈ ਸੀ।

ਬ੍ਰੈਡਲੀ ਟੀ. ਸਮਿਥ ਦੇ ਅਨੁਸਾਰ, ਅੱਤਵਾਦ ਅਤੇ ਵਿੱਤੀ ਖੁਫੀਆ ਲਈ ਖਜ਼ਾਨਾ ਦੇ ਯੂਐਸ ਐਕਟਿੰਗ ਅੰਡਰ ਸੈਕਟਰੀ, ਸਮੀਦੌਨ ਵਰਗੀਆਂ ਸੰਸਥਾਵਾਂ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਵਾਲੇ ਚੈਰੀਟੇਬਲ ਅਦਾਕਾਰਾਂ ਦੇ ਰੂਪ ਵਿੱਚ ਮੁਖੌਟਾ ਬਣਾਉਂਦੀਆਂ ਹਨ, ਪਰ ਅਸਲ ਵਿੱਚ, ਉਹ ਫੰਡਾਂ ਨੂੰ ਅੱਤਵਾਦੀ ਸਮੂਹਾਂ ਦੀ ਸਹਾਇਤਾ ਲਈ ਮੋੜ ਦਿੰਦੀਆਂ ਹਨ। ਪਾਬੰਦੀਆਂ ਅਮਰੀਕਾ ਅਤੇ ਕੈਨੇਡੀਅਨ ਵਿੱਤੀ ਪ੍ਰਣਾਲੀਆਂ ਤੱਕ ਸਮੂਹ ਦੀ ਪਹੁੰਚ ਨੂੰ ਰੋਕਣ ਅਤੇ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਉਨ੍ਹਾਂ ਨਾਲ ਨਜਿੱਠਣ ਤੋਂ ਰੋਕਣ ਲਈ ਤਿਆਰ ਕੀਤੀਆਂ ਗਈਆਂ ਹਨ।

**ਗਾਜ਼ਾ ਅਤੇ ਲੇਬਨਾਨ ਵਿੱਚ ਵਧਿਆ ਸੰਘਰਸ਼**

ਜਿਵੇਂ-ਜਿਵੇਂ ਇਨ੍ਹਾਂ ਪਾਬੰਦੀਆਂ ਦਾ ਐਲਾਨ ਕੀਤਾ ਜਾ ਰਿਹਾ ਸੀ, ਮੱਧ ਪੂਰਬ ਦੀ ਸਥਿਤੀ ਲਗਾਤਾਰ ਵਧਦੀ ਗਈ। ਫਿਲਸਤੀਨੀ ਮੈਡੀਕਲ ਅਧਿਕਾਰੀਆਂ ਦੇ ਅਨੁਸਾਰ, ਗਾਜ਼ਾ ਵਿੱਚ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ ਰਾਤੋ ਰਾਤ ਘੱਟੋ ਘੱਟ 15 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਛੇ ਬੱਚੇ ਅਤੇ ਦੋ ਔਰਤਾਂ ਸ਼ਾਮਲ ਹਨ। ਹਮਲਿਆਂ ਨੇ ਦੱਖਣੀ ਗਾਜ਼ਾ ਦੇ ਰਿਹਾਇਸ਼ੀ ਖੇਤਰਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਬੇਨੀ ਸੁਹੇਲਾ ਅਤੇ ਫਖਾਰੀ ਕਸਬੇ ਸ਼ਾਮਲ ਹਨ। ਇੱਕ ਖਾਸ ਤੌਰ ’ਤੇ ਵਿਨਾਸ਼ਕਾਰੀ ਹੜਤਾਲ ਵਿੱਚ, ਤਿੰਨ ਬੱਚਿਆਂ ਸਮੇਤ ਇੱਕੋ ਪਰਿਵਾਰ ਦੇ 10 ਮੈਂਬਰ ਮਾਰੇ ਗਏ ਸਨ। ਖੇਤਰ ਦੇ ਹਸਪਤਾਲਾਂ ਨੇ ਲਾਸ਼ਾਂ ਦੀ ਰਿਪੋਰਟ ਦਿੱਤੀ, ਹੋਰ ਹੜ੍ਹਾਂ ਦੇ ਨਾਲ ਹੜ੍ਹ ਜਾਰੀ ਹੈ।

ਇਜ਼ਰਾਈਲੀ ਫੌਜ, ਜੋ ਕਿ ਖਾਸ ਹਮਲਿਆਂ ’ਤੇ ਘੱਟ ਹੀ ਟਿੱਪਣੀ ਕਰਦੀ ਹੈ, ਦਾ ਕਹਿਣਾ ਹੈ ਕਿ ਇਸਦਾ ਉਦੇਸ਼ ਨਾਗਰਿਕਾਂ ਦੇ ਨੁਕਸਾਨ ਤੋਂ ਬਚਣਾ ਹੈ, ਹਮਾਸ ਨੂੰ ਨਾਗਰਿਕ ਖੇਤਰਾਂ ਨੂੰ ਢਾਲ ਵਜੋਂ ਵਰਤਣ ਲਈ ਦੋਸ਼ੀ ਠਹਿਰਾਉਂਦਾ ਹੈ। ਹਾਲਾਂਕਿ, ਫਲਸਤੀਨੀ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਜ਼ਰਾਈਲ ਦੁਆਰਾ ਹਮਲਾ ਸ਼ੁਰੂ ਕਰਨ ਤੋਂ ਬਾਅਦ ਗਾਜ਼ਾ ਵਿੱਚ ਅੱਧੇ ਤੋਂ ਵੱਧ ਮੌਤਾਂ ਔਰਤਾਂ ਅਤੇ ਬੱਚਿਆਂ ਨੇ ਬਣਾਈਆਂ ਹਨ, ਜਿਸ ਨਾਲ ਖੇਤਰ ਵਿੱਚ 42,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸੰਘਰਸ਼ ਨੇ ਗਾਜ਼ਾ ਦੀ ਲਗਭਗ 90% ਆਬਾਦੀ ਨੂੰ ਉਜਾੜ ਦਿੱਤਾ ਹੈ, ਕੁੱਲ 2.3 ਮਿਲੀਅਨ ਲੋਕ।

**ਹਿਜ਼ਬੁੱਲਾ ਦੀ ਵਧ ਰਹੀ ਭੂਮਿਕਾ ਅਤੇ ਧਮਕੀਆਂ**

ਇਸ ਦੌਰਾਨ, ਹਿਜ਼ਬੁੱਲਾ, ਲੇਬਨਾਨੀ ਅੱਤਵਾਦੀ ਸਮੂਹ, ਸੰਘਰਸ਼ ਵਿੱਚ ਤੇਜ਼ੀ ਨਾਲ ਸ਼ਾਮਲ ਹੋ ਰਿਹਾ ਹੈ। ਹਿਜ਼ਬੁੱਲਾ ਅਤੇ ਇਜ਼ਰਾਈਲੀ ਬਲਾਂ ਵਿਚਕਾਰ ਸਰਹੱਦ ਪਾਰ ਤੋਂ ਗੋਲੀਬਾਰੀ ਰੋਜ਼ਾਨਾ ਦੀ ਘਟਨਾ ਬਣ ਗਈ ਹੈ। ਮੰਗਲਵਾਰ ਨੂੰ ਇੱਕ ਟੈਲੀਵਿਜ਼ਨ ਸੰਬੋਧਨ ਵਿੱਚ, ਹਿਜ਼ਬੁੱਲਾ ਦੇ ਕਾਰਜਕਾਰੀ ਨੇਤਾ, ਸ਼ੇਖ ਨਈਮ ਕਾਸੇਮ, ਨੇ ਹਾਇਫਾ ਅਤੇ ਤੇਲ ਅਵੀਵ ਵਰਗੇ ਇਜ਼ਰਾਈਲੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਣ ਦੀ ਸਹੁੰ ਖਾਧੀ, ਚੇਤਾਵਨੀ ਦਿੱਤੀ ਕਿ ਜੇ ਸੰਘਰਸ਼ ਜਾਰੀ ਰਿਹਾ ਤਾਂ 2 ਮਿਲੀਅਨ ਤੋਂ ਵੱਧ ਇਜ਼ਰਾਈਲੀ ਖਤਰੇ ਵਿੱਚ ਹੋਣਗੇ।

27 ਸਤੰਬਰ ਨੂੰ ਇਜ਼ਰਾਈਲੀ ਹਵਾਈ ਹਮਲੇ ਵਿੱਚ ਹਿਜ਼ਬੁੱਲਾ ਦੇ ਨੇਤਾ ਹਸਨ ਨਸਰੱਲਾਹ ਦੇ ਮਾਰੇ ਜਾਣ ਤੋਂ ਬਾਅਦ ਕਾਸਿਮ ਦੇ ਭਾਸ਼ਣ ਨੇ ਉਸਦੀ ਤੀਜੀ ਜਨਤਕ ਦਿੱਖ ਨੂੰ ਚਿੰਨ੍ਹ ?ਤ ਕੀਤਾ। ਕਾਸੇਮ ਨੇ ਹਿਜ਼ਬੁੱਲਾ ਸਮਰਥਕਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ, ਉਹਨਾਂ ਨੂੰ ਇਜ਼ਰਾਈਲੀ ਹਵਾਈ ਅਤੇ ਜ਼ਮੀਨੀ ਮੁਹਿੰਮਾਂ ਦੇ ਤੇਜ਼ ਹੋਣ ਦੇ ਨਾਲ ਸਥਿਰ ਰਹਿਣ ਲਈ ਕਿਹਾ। ਉਸਨੇ ਜ਼ੋਰ ਦਿੱਤਾ ਕਿ ਹਿਜ਼ਬੁੱਲਾ ਦਾ ਟੀਚਾ ÷ਦੁਸ਼ਮਣ ਨੂੰ ਠੇਸ ਪਹੁੰਚਾਉਣਾ÷ ਹੈ ਅਤੇ ਸੁਝਾਅ ਦਿੱਤਾ ਕਿ ਜੰਗਬੰਦੀ ਸੰਭਵ ਹੈ ਪਰ ਸਿਰਫ ਉਨ੍ਹਾਂ ਦੀਆਂ ਸ਼ਰਤਾਂ ’ਤੇ, ਇਸ ਗੱਲ ਤੋਂ ਇਨਕਾਰ ਕਰਦੇ ਹੋਏ ਕਿ ਉਹ ਕਮਜ਼ੋਰੀ ਤੋਂ ਜੰਗਬੰਦੀ ਦੀ ਮੰਗ ਕਰਦੇ ਹਨ।

ਗਾਜ਼ਾ, ਲੇਬਨਾਨ ਅਤੇ ਇਜ਼ਰਾਈਲ ਵਿੱਚ ਸੰਘਰਸ਼ਾਂ ਦੇ ਆਪਸ ਵਿੱਚ ਜੁੜੇ ਹੋਣ ਨੂੰ ਰੇਖਾਂਕਿਤ ਕਰਦੇ ਹੋਏ, ਲੇਬਨਾਨੀ ਖਾੜਕੂ ਸਮੂਹ ਵਿਆਪਕ ਫਲਸਤੀਨੀ ਸੰਘਰਸ਼ ਨਾਲ ਆਪਣੀਆਂ ਕਾਰਵਾਈਆਂ ਨੂੰ ਨੇੜਿਓਂ ਜੋੜ ਰਿਹਾ ਹੈ। ਇਸ ਸਬੰਧ ਨੇ ਸਥਿਤੀ ਦੀ ਗੁੰਝਲਦਾਰਤਾ ਨੂੰ ਵਧਾ ਦਿੱਤਾ ਹੈ, ਜਿਸ ਨਾਲ ਮਤੇ ਜਾਂ ਜੰਗਬੰਦੀ ਦੀ ਸੰਭਾਵਨਾ ਵੱਧਦੀ ਨਜ਼ਰ ਆਉਂਦੀ ਹੈ। ਜਿਵੇਂ-ਜਿਵੇਂ ਹਿੰਸਾ ਤੇਜ਼ ਹੁੰਦੀ ਜਾ ਰਹੀ ਹੈ, ਅਮਰੀਕਾ ਨੇ ਇਜ਼ਰਾਈਲ ਲਈ ਆਪਣੀ ਫੌਜੀ ਸਹਾਇਤਾ ਵਧਾ ਦਿੱਤੀ ਹੈ। ਇੱਕ ਮਿਜ਼ਾਈਲ ਰੱਖਿਆ ਪ੍ਰਣਾਲੀ ਦਾ ਸੰਚਾਲਨ ਕਰਨ ਵਾਲੇ ਯੂਐਸ ਸੈਨਿਕਾਂ ਦੀ ਇੱਕ ਟੀਮ, ਜਿਸਨੂੰ ਟਰਮੀਨਲ ਹਾਈ-ਐਲਟੀਟਿਊਡ ਏਰੀਆ ਡਿਫੈਂਸ ( 8114) ਵਜੋਂ ਜਾਣਿਆ ਜਾਂਦਾ ਹੈ, ਮੁੱਖ ਤੌਰ ’ਤੇ ਈਰਾਨ ਤੋਂ ਬੈਲਿਸਟਿਕ ਮਿਜ਼ਾਈਲ ਖਤਰਿਆਂ ਤੋਂ ਬਚਾਅ ਲਈ ਇਸ ਹਫ਼ਤੇ ਇਜ਼ਰਾਈਲ ਪਹੁੰਚੀ। ਅਮਰੀਕੀ ਫੌਜ ਨੇ ਕਿਹਾ ਹੈ ਕਿ ਰੱਖਿਆ ਪ੍ਰਣਾਲੀ ਪੂਰੀ ਤਰ੍ਹਾਂ ਚਾਲੂ ਹੈ ਇਹ ਯਕੀਨੀ ਬਣਾਉਣ ਲਈ ਆਉਣ ਵਾਲੇ ਦਿਨਾਂ ਵਿੱਚ ਵਾਧੂ ਕਰਮਚਾਰੀ ਅਤੇ ਉਪਕਰਣ ਇਜ਼ਰਾਈਲ ਪਹੁੰਚਦੇ ਰਹਿਣਗੇ। ਈਰਾਨ ਨੇ ਇਜ਼ਰਾਈਲ ’ਤੇ ਪਹਿਲਾਂ ਹੀ ਦੋ ਬੈਲਿਸਟਿਕ ਮਿਜ਼ਾਈਲ ਹਮਲੇ ਕੀਤੇ ਹਨ ਜਦੋਂ ਤੋਂ ਇਹ ਤਣਾਅ ਸ਼ੁਰੂ ਹੋ ਗਿਆ ਹੈ, ਜਿਸ ਨਾਲ ਇਹ ਡਰ ਪੈਦਾ ਹੋਇਆ ਹੈ ਕਿ ਸੰਘਰਸ਼ ਹੋਰ ਵਧ ਸਕਦਾ ਹੈ। ਪੈਂਟਾਗਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਈਰਾਨ ਆਪਣਾ ਹਮਲਾ ਜਾਰੀ ਰੱਖਦਾ ਹੈ ਤਾਂ ਅਮਰੀਕੀ ਸੈਨਿਕਾਂ ਨੂੰ ਵੀ ਖ਼ਤਰਾ ਹੋ ਸਕਦਾ ਹੈ, ਜੋ ਕਿ ਸੰਘਰਸ਼ ਦੇ ਇੱਕ ਹੋਰ ਅਸਥਿਰ ਪਹਿਲੂ ਨੂੰ ਦਰਸਾਉਂਦਾ ਹੈ।



## ਗਾਜ਼ਾ ਅਤੇ ਲੇਬਨਾਨ ਵਿੱਚ ਮਾਨਵਤਾਵਾਦੀ ਸੰਕਟ

ਗਾਜ਼ਾ ਵਿੱਚ ਮਨੁੱਖਤਾਵਾਦੀ ਸਥਿਤੀ ਦਿਨੋ-ਦਿਨ ਹੋਰ ਨਿਰਾਸ਼ ਹੋ ਰਹੀ ਹੈ। ਹਜ਼ਾਰਾਂ ਨਾਗਰਿਕ ਲਗਾਤਾਰ ਬੰਬਾਰੀ ਵਿੱਚ ਫਸੇ ਹੋਏ ਹਨ, ਸਹਾਇਤਾ ਸੰਸਥਾਵਾਂ ਮਹੱਤਵਪੂਰਣ ਸਪਲਾਈ ਪ੍ਰਦਾਨ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਸੋਮਵਾਰ ਨੂੰ ਮੱਧ ਗਾਜ਼ਾ ਵਿੱਚ ਆਪਣੀ ਪੋਲੀਓ ਟੀਕਾਕਰਨ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ, ਜਿਸ ਵਿੱਚ 10 ਸਾਲ ਤੋਂ ਘੱਟ ਉਮਰ ਦੇ 92,000 ਤੋਂ ਵੱਧ ਬੱਚਿਆਂ ਨੂੰ ਟੀਕਾਕਰਨ ਕਰਨ ਦਾ ਪ੍ਰਬੰਧ ਕੀਤਾ ਗਿਆ। ਹਾਲਾਂਕਿ, ਗਾਜ਼ਾ ਵਿੱਚ ਲਗਭਗ 600,000 ਲੋੜਵੰਦ ਬੱਚਿਆਂ ਦੇ ਨਾਲ, ਕੋਸ਼ਿਸ਼ ਅਜੇ ਵੀ ਜਾਰੀ ਹੈ। ਦੇ ਕਾਰਨ ਮਹੱਤਵਪੂਰਨ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ

# ਈਰਾਨ ਨੂੰ ਤਬਾਹ ਕਰਨ ਦੇ ਮੂਡ ’ਚ ਨੇਤਨਯਾਹੂ !

## ਕਿਹਾ- ਇਜ਼ਰਾਈਲ ਅਮਰੀਕਾ ਦੀ ਗੱਲ ਸੁਣੇਗਾ ਪਰ ਆਖਰੀ ਫ਼ੈਸਲਾ ਸਾਡਾ ਹੋਵੇਗਾ

ਯਰੂਸ਼ਲਮ- ਇਜ਼ਰਾਈਲ ਅਤੇ ਈਰਾਨ ਵਿਚਾਲੇ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਇਜ਼ਰਾਈਲ 1 ਅਕਤੂਬਰ ਨੂੰ ਈਰਾਨ ਦੇ ਉਸ ਹਮਲੇ ਦਾ ਜਵਾਬ ਦੇਣ ਦੀ ਤਿਆਰੀ ਕਰ ਰਿਹਾ ਹੈ, ਜਿਸ ਵਿਚ ਈਰਾਨ ਨੇ 180 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਸਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਇਸ ਜਵਾਬੀ ਹਮਲੇ ਦੀ ਯੋਜਨਾ ਦੀ ਜਾਣਕਾਰੀ ਦਿੱਤੀ। ਨੇਤਨਯਾਹੂ ਨੇ ਕਿਹਾ ਕਿ ਉਹ ਈਰਾਨ ਦੇ ਤੇਲ ਜਾਂ ਪ੍ਰਮਾਣੂ ਟਿਕਾਣਿਆਂ ’ਤੇ ਹਮਲਾ ਕਰਨ ਦਾ ਇਰਾਦਾ ਨਹੀਂ ਰੱਖਦੇ ਸਨ, ਪਰ ਇਸ ਦੀ ਬਜਾਏ ਈਰਾਨੀ ਫੌਜੀ ਟੀਚਿਆਂ ’ਤੇ ਧਿਆਨ ਕੇਂਦਰਿਤ ਕਰਨਗੇ। ਨੇਤਨਯਾਹੂ ਦੇ ਦਫਤਰ ਨੇ ਮੰਗਲਵਾਰ ਨੂੰ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਇਜ਼ਰਾਈਲ ਅਮਰੀਕਾ ਦੀ ਸਲਾਹ ਨੂੰ ਸੁਣੇਗਾ, ਪਰ ਸਿਰਫ ਆਪਣੇ ਰਾਸ਼ਟਰੀ ਹਿੱਤਾਂ ਦੇ ਅਨੁਸਾਰ ਹੀ ਕੰਮ ਕਰੇਗਾ।ਇਹ ਬਿਆਨ ਵਾਸ਼ਿੰਗਟਨ ਪੋਸਟ ਦੇ ਇੱਕ ਲੇਖ ਦੇ ਨਾਲ ਆਇਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਨੇਤਨਯਾਹੂ ਨੇ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਦੀ ਸਰਕਾਰ ਨੂੰ ਕਿਹਾ ਸੀ ਕਿ ਇਜ਼ਰਾਈਲ ਈਰਾਨ ’ਤੇ ਹਮਲੇ ਵਿੱਚ ਫੌਜੀ ਟੀਚਿਆਂ ਨੂੰ ਨਿਸ਼ਾਨਾ ਬਣਾਏਗਾ, ਨਾ ਕਿ ਤੇਲ ਜਾਂ ਪ੍ਰਮਾਣੂ ਕੇਂਦਰਾਂ ਨੂੰ। ਵਾਸ਼ਿੰਗਟਨ ਪੋਸਟ ਨੇ ਦੋ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਨੇਤਨਯਾਹੂ ਨੇ ਬਿਡੇਨ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਵੱਡੇ ਪੱਧਰ ’ਤੇ ਜੰਗ ਨੂੰ ਭੜਕਾਉਣ ਤੋਂ ਬਚਣ ਲਈ ਈਰਾਨ ਦੇ ਫੌਜੀ ਟਿਕਾਣਿਆਂ ’ਤੇ ਹਮਲਾ ਕਰਨ ਲਈ ਤਿਆਰ ਹਨ। ਇਸ ਹਮਲੇ ਦਾ ਮਕਸਦ ਸੰਘਰਸ਼ ਨੂੰ ਸੀਮਤ ਕਰਨਾ ਹੈ ਅਤੇ ਇਸ ਨਾਲ ਅਮਰੀਕੀ ਚੋਣਾਂ ’ਚ ਦਖਲਅੰਦਾਜ਼ੀ ਦੇ ਦੋਸ਼ਾਂ ਤੋਂ ਬਚਿਆ ਜਾ ਸਕੇਗਾ।ਇਜ਼ਰਾਈਲੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਜਵਾਬੀ ਹਮਲਾ ਇਰਾਨ ਦੇ ਹਾਲੀਆ ਹਮਲੇ ਨਾਲੋਂ ਜ਼ਿਆਦਾ ਤਿੱਖਾ ਹੋਵੇਗਾ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਆਪਣੇ ਰੱਖਿਆ ਮੰਤਰੀ ਯੋਵ ਗੈਲੈਂਟ ਅਤੇ ਸੁਰੱਖਿਆ ਅਧਿਕਾਰੀਆਂ ਨਾਲ ਐਮਰਜੈਂਸੀ ਮੀਟਿੰਗ ਕੀਤੀ, ਜਿਸ ਵਿੱਚ ਉਨ੍ਹਾਂ ਨੇ ਜਵਾਬੀ ਹਮਲੇ ਦੀ ਵਿਸਤ੍ਰਿਤ ਯੋਜਨਾ ਬਾਰੇ ਚਰਚਾ ਕੀਤੀ। ਇਜ਼ਰਾਈਲ ਇਸ ਗੱਲ ’ਤੇ ਜ਼ੋਰ ਦੇ ਰਿਹਾ ਹੈ ਕਿ ਉਹ ਪੂਰੇ ਖੇਤਰ ਵਿਚ ਯੁੱਧ ਨਹੀਂ ਭੜਕਾਉਣਾ ਚਾਹੁੰਦਾ, ਪਰ ਈਰਾਨ ਦੇ ਹਮਲੇ ਨੂੰ ਵੀ ਜਵਾਬ ਦਿੱਤੇ ਬਿਨਾਂ ਨਹੀਂ ਛੱਡਿਆ ਜਾ ਸਕਦਾ ਹੈ। ਇਜ਼ਰਾਈਲ ਦੀ ਇਸ ਯੋਜਨਾ ਦੇ ਮੱਦੇਨਜ਼ਰ ਅਮਰੀਕਾ ਨੇ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ।ਅਮਰੀਕੀ ਫੌਜ ਨੇ ਇਲਾਕੇ ’ਚ THAAD ਮਿਜ਼ਾਈਲ ਰੱਖਿਆ ਪ੍ਰਣਾਲੀ ਨੂੰ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਅਮਰੀਕੀ ਫੌਜੀ ਸੰਚਾਲਿਤ ਕਰਨਗੇ। ਇਹ ਸਿਸਟਮ ਈਰਾਨ ਦੇ ਕਿਸੇ ਵੀ ਸੰਭਾਵਿਤ ਹਮਲੇ ਨੂੰ ਰੋਕਣ ਲਈ ਤਿਆਰ ਕੀਤਾ ਗਿਆ ਹੈ। ਅਮਰੀਕਾ ਅਤੇ ਇਜ਼ਰਾਈਲ ਵਿਚਾਲੇ ਸਹਿਯੋਗ ਵਧਾਉਣ ਲਈ ਲਗਾਤਾਰ ਗੱਲਬਾਤ ਹੋ ਰਹੀ ਹੈ, ਤਾਂ ਕਿ ਕਿਸੇ ਵੀ ਐਮਰਜੈਂਸੀ ’ਚ ਬਿਹਤਰ ਤਾਲਮੇਲ ਸਥਾਪਤ ਕੀਤਾ ਜਾ ਸਕੇ, ਹਾਲਾਂਕਿ ਕੁਝ ਰਿਪੋਰਟਾਂ ਮੁਤਾਬਕ ਈਰਾਨ ਨੇ ਸੰਕੇਤ ਦਿੱਤਾ ਹੈ ਕਿ ਜੇਕਰ ਇਜ਼ਰਾਈਲ ਦਾ ਹਮਲਾ ਸੀਮਤ ਅਤੇ ਨਿਸ਼ਾਨਾ ਹੈ, ਤਾਂ ਉਹ ਇਸ ਨੂੰ ਨਹੀਂ ਲੈਣਾ ਚਾਹੇਗਾ



ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਰੱਬ ਦਾ ਵਾਸਤਾ ਇੱਕ ਵਾਰ ਬਣਾ ਦਿਉ ਸਰਪੰਚ

ਪੰਜਾਬ ਵਿੱਚ ਇਸ ਵਾਰ ਦੀਆਂ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣੀਆਂ ਹਨ ਜਿਸ ਕਾਰਨ ਸਾਰੇ ਪਾਸੇ ਮਾਰੋ ਮਾਰ ਮੱਚੀ ਹੋਈ ਹੈ। ਸਿਆਸੀ ਪਾਰਟੀਆਂ ਦੇ ਵਰਕਰਾਂ ਵਿੱਚ ਜੰਮ ਕੇ ਲੜਾਈਆਂ ਹੋ ਰਹੀਆਂ ਹਨ ਤੇ ਹੁਣ ਤੱਕ ਤਿੰਨ ਚਾਰ ਕਤਲ ਵੀ ਹੋ ਚੁੱਕੇ ਹਨ। ਕੁਝ ਦਿਨ ਪਹਿਲਾਂ ਹੀ ਅਜਿਹੀ ਇੱਕ ਲੜਾਈ ਵਿੱਚ ਜ਼ੀਰੇ ਦਾ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਜ਼ਖਮੀ ਹੋ ਗਿਆ ਹੈ। ਇਸ ਤੋਂ ਇਲਾਵਾ ਚੋਣਾਂ ਸਬੰਧੀ ਕਿਸੇ ਮੁੱਦੇ 'ਤੇ ਗੁਰਦਾਸਪੁਰ ਕਾਂਗਰਸ ਦੇ ਕੁਝ ਲੀਡਰਾਂ ਦਾ ਉਥੋਂ ਦੇ ਡਿਪਟੀ ਕਮਿਸ਼ਨਰ ਨਾਲ ਬੋਲ ਬੁਲਾਰਾ ਵੀ ਹੋ ਚੁੱਕਾ ਹੈ। ਆਗਾਜ਼ ਐਸਾ ਹੈ ਤੋਂ ਅੰਜ਼ਾਮ ਕਿਆ ਹੋਗਾ, ਸ਼ੇਅਰ ਦੇ ਮੁਤਾਬਕ ਅਜੇ ਤਾਂ ਸਿਰਫ ਕਾਗਜ਼ਾਤ ਦਾਖਲ ਕੀਤੇ ਜਾ ਰਹੇ ਹਨ। ਬਣ ਰਹੇ ਮਾਹੌਲ ਤੋਂ ਲੱਗਦਾ ਹੈ ਕਿ ਜਿਉਂ ਜਿਉਂ ਸਮਾਂ ਬੀਤਦਾ ਜਾਵੇਗਾ, ਲੜਾਈ ਝਗੜੇ ਹੋਰ ਵਧ ਜਾਣਗੇ। ਅਖਬਾਰਾਂ ਵਿੱਚ ਇਸ ਸਬੰਧੀ ਕਈ ਦਿਲਚਸਪ ਖਬਰਾਂ ਪੜ੍ਹਨ ਲਈ ਮਿਲ ਰਹੀਆਂ ਹਨ। ਸਰਪੰਚੀ ਵੋਟਾਂ ਰਾਹੀਂ ਜਿੱਤਣ ਦੀ ਬਜਾਏ ਬੋਲੀ ਲਗਾਈ ਜਾ ਰਹੀ ਹੈ। 50 - 60 ਲੱਖ ਨੂੰ ਹੁਣ ਕੌਣ ਗੌਲਦਾ, ਬਟਾਲਾ ਨੇੜਲੇ ਇੱਕ ਪਿੰਡ ਵਿੱਚ ਦੋ ਕਰੋੜ ਦੇਣ ਦੀ ਗੱਲ ਸਾਹਮਣੇ ਆ ਚੁੱਕੀ ਹੈ। ਪਿਛਲੀਆਂ ਚੋਣਾਂ ਵਿੱਚ ਜਿਲ੍ਹਾ ਬਠਿੰਡਾ ਦੇ ਇੱਕ ਪਿੰਡ ਵਿੱਚ ਇੱਕ ਵਿਅਕਤੀ ਨੇ ਸਰਪੰਚੀ ਖਾਤਰ ਗੁਰਦਵਾਰੇ ਦੇ ਨਾਮ ਪੰਜ ਏਕੜ ਜ਼ਮੀਨ ਲਗਾਉਣ ਦੀ ਪੇਸ਼ਕਸ਼ ਕੀਤੀ ਸੀ। ਮਾਲਵੇ ਤੋਂ ਸ਼ੁਰੂ ਹੋਈ ਵੋਟਾਂ ਖਰੀਦਣ ਦੀ ਬਿਮਾਰੀ ਹੁਣ ਸਾਰੇ ਪੰਜਾਬ ਵਿੱਚ ਫੈਲ ਚੁੱਕੀ ਹੈ। ਪ੍ਰਤੀ,

ਵਿਅਕਤੀ ਘੱਟੋ ਘੱਟ ਰੇਟ 500 ਰੁਪਏ ਹੈ, ਵੱਧ ਕੋਈ ਜਿੰਨਾਂ ਮਰਜ਼ੀ ਦੇ ਦੇਵੇ। ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਬਿਜਲੀ ਦੇ ਪੱਖੇ, ਫਰਿੱਜ਼ਾਂ ਅਤੇ ਮੋਟਰ ਸਾਈਕਲ ਆਦਿ ਤੱਕ ਦਿੱਤੇ ਜਾਂਦੇ ਹਨ। ਪੰਜਾਬ ਵਿੱਚ ਸਭ ਨਾਲੋਂ ਵੱਧ ਜੋਸ਼ ਖਰੋਸ਼ ਨਾਲ ਪੰਚਾਇਤੀ ਚੋਣਾਂ ਲੜੀਆਂ ਜਾਂਦੀਆਂ ਹਨ, ਦੂਸਰੇ ਨੰਬਰ 'ਤੇ ਵਿਧਾਨ ਸਭਾ, ਤੀਸਰੇ ਨੰਬਰ 'ਤੇ ਪਾਰਲੀਮੈਂਟ ਤੇ ਸਭ ਤੋਂ ਘੱਟ ਦਿਲਚਸਪੀ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵੇਲੇ ਦਿਖਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪਿੰਡ ਦੀ ਚੌਧਰ ਸਰਪੰਚ ਕੋਲ ਹੁੰਦੀ ਹੈ ਤੇ ਉਸ ਨੂੰ ਸਰਕਾਰੇ ਦਰਬਾਰੇ ਕੁਰਸੀ ਮਿਲਦੀ ਹੈ। ਉਸ ਕੋਲ ਪਿੰਡ ਦੀਆਂ ਬਹੁਗਿਣਤੀ ਵੋਟਾਂ ਹੋਣ ਕਾਰਨ ਇਲਾਕੇ ਦੇ ਵਿਧਾਇਕ ਅਤੇ ਐਮ.ਪੀ. ਵੀ ਉਸ ਨੂੰ ਅਹਿਮੀਅਤ ਦਿੰਦੇ ਹਨ। ਪਿੰਡ ਦਾ ਸਾਰਾ ਸਰਕਾਰੀ ਕੰਮ ਉਸ ਦੇ ਹੱਥ ਵਿੱਚ ਹੁੰਦਾ ਹੈ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਸ਼ਗਨ ਸਕੀਮ, ਆਟਾ ਦਾਲ ਸਕੀਮ, ਮਨਰੇਗਾ ਵਿੱਚ ਕੰਮ ਦੇਣਾ, ਗਲੀਆਂ ਨਾਲੀਆਂ ਬਣਾਉਣੀਆਂ ਤੇ ਛੱਪੜ ਸਾਫ ਕਰਾਉਣੇ ਆਦਿ ਕੰਮ ਉਸ ਦੇ ਹੱਥ ਵਿੱਚ ਹੁੰਦੇ ਹਨ। ਕਈ ਸਰਪੰਚ ਐਨੇ ਚੰਦਰੇ ਤੇ ਧੜੇਬਾਜ਼ ਹੁੰਦੇ ਹਨ ਕਿ ਵਿਰੋਧੀ ਪਾਰਟੀ ਦੇ ਬੰਦਿਆਂ ਦੇ ਘਰਾਂ ਸਾਹਮਣੇ ਗਲੀਆਂ ਤੇ ਨਾਲੀਆਂ ਤੱਕ ਨਹੀਂ ਬਣਨ ਦਿੰਦੇ। ਪੂਰਾ ਨਰਕ ਬਣਾ ਕੇ ਰੱਖਦੇ ਹਨ ਤੇ ਉਲਟਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਪੁਲਿਸ ਕੇਸ ਵਿੱਚ ਫਸਾਈ ਰੱਖਦੇ ਹਨ। ਪੰਚਾਇਤੀ ਚੋਣਾਂ ਪੰਜਾਬ ਦੀਆਂ ਸਭ ਤੋਂ ਖਰਚੀਲੀਆਂ ਚੋਣਾਂ ਮੰਨੀਆਂ ਜਾਂਦੀਆਂ ਹਨ। ਵੋਟਾਂ ਪੈਣ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਖਰਚਾ ਸ਼ੁਰੂ ਹੋ ਜਾਂਦਾ ਹੈ ਤੇ ਅਮੀਰ ਬੰਦਾ ਮਾੜੇ ਨੂੰ ਪੈਸੇ ਨਾਲ ਹੀ ਢਾਹ ਲੈਂਦਾ ਹੈ। ਦਿਨ ਵੇਲੇ ਪਕੌੜੇ ਜਲੇਬੀਆਂ ਦਾ ਲੰਗਰ ਚੱਲਦਾ ਹੈ ਤੇ ਰਾਤ ਨੂੰ ਮੀਟ ਤੇ ਸ਼ਰਾਬ ਦਾ। ਕਈ ਵੋਟਰ ਤਾਂ ਐਨੇ ਬੇਸ਼ਰਮ ਹੁੰਦੇ ਹਨ ਕਿ ਘਰ ਵਿੱਚ ਰਿਸ਼ਤੇਦਾਰ ਵੀ ਆ ਜਾਵੇ ਤਾਂ ਉਸ ਲਈ ਮੀਟ ਅਤੇ ਸ਼ਰਾਬ ਉਮੀਦਵਾਰ ਤੋਂ ਲੈ ਕੇ ਆਉਂਦੇ ਹਨ। ਹਰ ਕੋਈ ਇਹ ਹੀ ਸੋਚਦਾ ਹੈ ਕਿ ਚਾਰ ਦਿਨਾਂ ਦਾ ਮੇਲਾ ਹੈ, ਰੱਜ ਕੇ ਨਜ਼ਾਰੇ ਲੁੱਟੋ। ਪਰ ਇਸ ਤਰਾਂ ਦੀ ਚੁਣੀ ਹੋਈ ਪੰਚਾਇਤ ਤੋਂ ਫਿਰ ਕੀ ਉਮੀਦ ਰੱਖੀ ਜਾ ਸਕਦੀ ਹੈ ? ਜਿਹੜਾ ਬੰਦਾ ਘਰ ਫੂਕ ਕੇ ਜਿੱਤਿਆ ਹੈ, ਉਹ ਤਾਂ ਫਿਰ ਸਰਕਾਰੀ ਫੰਡ ਹੜੱਪ ਕਰਨ ਦਾ ਪੂਰਾ ਪੂਰਾ ਹੱਕਦਾਰ ਹੈ ਹੀ। ਸਰਪੰਚ ਬਣਨ ਦੀ ਸਭ ਤੋਂ ਵੱਡੀ ਖਿੱਚ ਹੁੰਦੀ ਹੈ ਸਰਕਾਰੀ ਗਰਾਂਟਾਂ ਦਾ ਪੈਸਾ। ਅਜ਼ਾਦੀ ਤੋਂ ਬਾਅਦ ਪਿੰਡਾਂ ਦੇ ਵਿਕਾਸ ਲਈ ਅਰਬਾਂ ਖਰਬਾਂ ਰੁਪਿਆ ਸਰਕਾਰ ਵੱਲੋਂ ਅਲਾਟ ਕੀਤਾ ਜਾ ਚੁੱਕਿਆ ਹੈ। ਪਰ ਹੁਣ ਵੀ ਚੰਦ ਕੁ ਨੂੰ ਪਿੰਡਾਂ ਨੂੰ ਛੱਡ ਕੇ ਬਾਕੀਆਂ ਦੀ ਹਾਲਤ ਝੌਂਪੜ ਪੱਟੀਆਂ ਵਰਗੀ ਹੈ। ਨਾਲੀਆਂ ਤੇ ਛੱਪੜ ਗੰਦੇ ਪਾਣੀ ਨਾਲ ਭਰੇ ਮੁਸ਼ਕ ਮਾਰ ਰਹੇ ਹਨ, ਗਲੀਆਂ ਟੁੱਟੀਆਂ ਪਈਆਂ ਹਨ, ਸਕੂਲਾਂ - ਹਸਪਤਾਲਾਂ ਦੀਆਂ ਇਮਾਰਤਾਂ ਡਿਗੂੰ ਡਿਗੂ ਕਰ ਰਹੀਆਂ ਹਨ, ਸ਼ਾਮਲਾਟ ਜ਼ਮੀਨਾਂ ਅਤੇ ਛੱਪੜਾਂ 'ਤੇ ਨਜ਼ਾਇਜ ਕਬਜ਼ੇ ਹੋ ਗਏ ਹਨ ਤੇ ਲਿੰਕ ਸੜਕਾਂ ਟੋਇਆਂ ਨਾਲ ਭਰੀਆਂ ਪਈਆਂ ਹਨ। ਜੇ ਪੰਜਾਬ ਸਰਕਾਰ ਇਮਾਨਦਾਰੀ ਨਾਲ ਕਿਸੇ ਰਾਸ਼ਟਰੀ ਪੱਧਰ ਦੀ ਕੰਪਨੀ ਕੋਲੋਂ ਆਡਿਟ ਕਰਵਾਏ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਣਗੇ। ਪੰਜਾਬ ਦੇ ਲੰਬੀ ਵਰਗੇ ਕਈ ਵੀ.ਆਈ.ਪੀ. ਹਲਕੇ ਅਜਿਹੇ ਹਨ ਜਿੱਥੇ ਪਿਛਲੇ ਸਮਿਆਂ ਵਿੱਚ ਕਰੋੜਾਂ ਰੁਪਏ ਗਰਾਂਟ ਆਈ ਸੀ। ਐਨਾ ਪੈਸਾ ਵਰ੍ਹਿਆ ਸੀ ਕਿ ਸਾਰਾ ਪਿੰਡ ਢਾਹ ਕੇ ਚੰਡੀਗੜ੍ਹ ਦੇ ਕਿਸੇ ਪੌਸ਼ ਸੈਕਟਰ ਵਰਗਾ ਬਣਾਇਆ ਜਾ ਸਕਦਾ ਸੀ। ਪਰ ਉਨ੍ਹਾਂ ਦੇ ਹਾਲਾਤ ਵੀ ਪੰਜਾਬ ਦੇ ਬਾਕੀ ਪਿੰਡਾਂ ਵਰਗੇ ਹੀ ਹਨ ਪਰ ਪੈਸਾ ਪੂਰੀ ਇਮਾਨਦਾਰੀ ਨਾਲ ਕਾਗਜ਼ਾਂ ਵਿੱਚ ਵਰਤਿਆ ਜਾ ਚੁੱਕਿਆ ਹੈ।

ਜਿਹੜਾ ਵਿਅਕਤੀ ਸਕੂਲ ਦੀ ਇਮਾਰਤ ਜਾਂ ਖੇਡ ਟੂਰਨਾਮੈਂਟ ਲਈ 100 ਰੁਪਏ ਦੇਣ ਲੱਗਿਆ ਰੋਣ ਲੱਗ ਪੈਂਦਾ ਹੈ, ਉਹ ਸਰਪੰਚੀ ਲਈ 50 - 60 ਰੁਪਏ ਖਰਚਣ ਲਈ ਤਿਆਰ ਹੋ ਜਾਂਦਾ ਹੈ। ਪੰਜਾਬ ਵਿੱਚ ਇਸ ਵੇਲੇ ਕਰੀਬ 13028 ਪੰਚਾਇਤਾਂ ਹਨ। ਜੇ ਇੱਕ ਪਿੰਡ ਦੇ ਉਮੀਦਵਾਰ 5 ਲੱਖ ਵੀ ਚੋਣਾਂ ਵਿੱਚ ਖਰਚਣ (ਅਸਲ ਵਿੱਚ ਇਸ ਤੋਂ ਕਈ ਗੁਣਾ ਵੱਧ ਪੈਸੇ ਖਰਚੇ ਜਾਂਦੇ ਹਨ) ਤਾਂ ਕਰੀਬ 651 ਕਰੋੜ ਰੁਪਏ ਬਣਦੇ ਹਨ। ਐਨਾ ਪੈਸਾ ਜੇ ਪਿੰਡ ਦੇ ਭਲੇ ਵਾਸਤੇ ਖਰਚ ਦਿੱਤਾ ਜਾਵੇ ਤਾਂ ਸਰਕਾਰੀ ਗਰਾਂਟਾਂ ਦੀ ਜਰੂਰਤ ਹੀ ਨਹੀਂ ਪਵੇਗੀ। ਪਰ ਇਹ ਪੈਸਾ ਲੋਕ ਭਲਾਈ ਨਹੀਂ, ਬਲਕਿ ਚੌਧਰ ਦੀ ਭੁੱਖ ਅਤੇ ਜਿੱਤ ਕੇ ਗਰਾਂਟਾਂ ਛਕਣ ਲਈ ਕੀਤਾ ਜਾਂਦਾ ਹੈ। ਜੇ ਕਿਸੇ ਸੰਭਾਵੀ ਸਰਪੰਚ ਨੂੰ ਉਸ ਦੇ ਏਜੰਡੇ ਬਾਰੇ ਪੁੱਛਿਆ ਜਾਵੇ ਤਾਂ ਪਤਾ ਲੱਗੇਗਾ ਕਿ 90% ਬੰਦੇ ਜਿੱਤ ਕੇ ਵਿਰੋਧੀ ਦੀ ਧੌਣ 'ਤੇ ਗੋਡਾ ਰੱਖਣ ਦੀ ਤਿਆਰੀ ਕਰੀ ਬੈਠੇ ਹਨ, ਜਾਂ ਕਹਿਣਗੇ, ਇਨ੍ਹਾਂ ਨੀਲਿਆਂ ਚਿੱਟਿਆਂ ਨੇ ਸਾਡੇ 'ਤੇ ਬੜੇ ਨਜਾਇਜ਼ ਪਰਚੇ ਦਰਜ਼ ਕਰਵਾਏ ਸਨ, ਪਹਿਲਾਂ ਤਾਂ ਉਹ ਭਾਂਗਾ ਲਾਹਵਾਂਗੇ।

ਪੰਚਾਇਤੀ ਚੋਣਾਂ ਨੇ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਕਈ ਪਿੰਡਾਂ ਵਿੱਚ ਤਾਂ ਫੋਕੀ ਚੌਧਰ ਹਾਸਲ ਕਰਨ ਲਈ ਸਕੇ ਭਰਾ ਇੱਕ ਦੂਸਰ ਦੇ ਮੁਕਾਬਲੇ ਚੋਣ ਲੜ ਰਹੇ ਹਨ। ਪਿੰਡਾਂ ਵਿੱਚ ਪੱਕੇ ਧੜੇ ਬਣਨ ਕਾਰਨ ਲੜਾਈਆਂ ਝਗੜੇ ਵਧ ਗਏ ਹਨ। ਇਸ ਵਾਰ ਕਈ ਪਿੰਡਾਂ ਵਿੱਚ ਚੰਗੀ ਭਲੀ ਸਰਬਸੰਮਤੀ ਹੋ ਰਹੀ ਸੀ ਪਰ ਭਾਨੀਮਾਰਾਂ ਨੇ ਸ਼ਰਾਬ ਮੀਟ ਦੇ ਲਾਲਚ ਵਿੱਚ ਨਹੀਂ ਹੋਣ ਦਿੱਤੀ। ਲੀਡਰ ਆਪੋ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਕਰੋ ਜਾਂ ਮਰੋ ਲਈ ਉਤਸ਼ਾਹਿਤ ਕਰ ਰਹੇ ਹਨ। ਪਰ ਇਨ੍ਹਾਂ ਦਾ ਕੁਝ ਨਹੀਂ ਜਾਣਾ, ਭੁਗਤਣਾ ਆਮ ਲੋਕਾਂ ਨੂੰ ਪੈਣਾ ਹੈ। ਜੇ ਕਿਤੇ ਲੜਾਈ ਵਿੱਚ ਕੋਈ ਬੰਦਾ ਮਰ ਜਾਵੇ ਤਾਂ ਦੋਵੇਂ ਧਿਰਾਂ ਬਰਬਾਦ ਹੋ ਜਾਂਦੀਆਂ ਹਨ। ਇੱਕ ਦਾ ਕਮਾਊ ਪੁੱਤ ਗਿਆ ਤੇ ਦੂਸਰਾ ਥਾਣਿਆਂ ਕਚਿਹਰੀਆਂ ਵਿੱਚ ਹੁੰਦੀ ਲੁੱਟ ਕਾਰਨ ਨੰਗ ਹੋ ਜਾਂਦਾ ਹੈ, ਜੇਲ ਦੀ ਸਜ਼ਾ ਜੋ ਮਿਲਦੀ ਹੈ ਉਹ ਅਲੱਗ। ਲੀਡਰ ਤਾਂ ਅਜਿਹੇ ਸਵਾਰਥੀ ਜੀਵ ਹਨ ਜੋ ਮਰੇ ਵਰਕਰ ਦੇ ਭੋਗ 'ਤੇ ਵੀ ਨਹੀਂ ਜਾਂਦੇ।

ਇਸ਼ਤਿਹਾਰ ਪ੍ਰਾਪਤ ਕਰਨ ਵਿਚ ਇੱਕ ਹੋਰ ਵੱਡੀ ਔਖਿਆਈ ਦਾ ਸਾਹਮਣਾ ਸੀ। ਉਹ ਸੀ ਜ਼ਮੀਰ ਦਾ ਸੌਦਾ ਅਤੇ ਥਾਂ- ਥਾਂ ਤੇ ਜ਼ਲੀਲ ਹੋਣਾ। ਕਈ ਸੱਜਣ ਤਾਂ ਇਸ਼ਤਿਹਾਰ ਲੈਣ ਗਿਆਂ ਨੂੰ ਅਤੇ ਬਾਅਦ ਵਿਚ ਚੈੱਕ ਲੈਣ ਗਿਆਂ ਨੂੰ ਜਾਣ-ਬੁੱਝ ਕੇ ਘੰਟਾ-ਘੰਟਾ ਬਾਹਰ ਬੈਠਾ ਕੇ ਰੱਖਦੇ ਸਨ ਜਾਂ ਗੇੜੇ ਲਗਵਾਉਂਦੇ ਸਨ ਅਖੀਰ ਵਿੱਚ ਫਿਰ 500 ਡਾਲਰ ਦੇ ਬਿੱਲ ਦਾ 100 ਡਾਲਰ ਦੇਣ ਦੀ ਪੇਸ਼ਕਸ਼ ਕਰ ਦਿੰਦੇ ਅਤੇ ਕਹਿੰਦੇ ਕਿ ਅਸੀਂ ਤਾਂ ਤੁਹਾਡੀ ਮਦਦ ਲਈ ਇਸ਼ਤਿਹਾਰ ਦਿੱਤਾ ਸੀ ਵਰਨਾ ਸਾਨੂੰ ਇਸ ਦੀ ਕੋਈ ਲੋੜ ਨਹੀਂ ਸੀ।ਪੱਤਰਕਾਰੀ ਦਾ ਡਿੱਗਦਾ ਮਿਆਰ:- ਇਸ਼ਤਿਹਾਰਾਂ ਦੀ ਪ੍ਰਾਪਤੀ ਲਈ ਵੇਲੇ ਜਾਂਦੇ ਪਾਪੜ ਭਾਵੇਂ ਮਿਆਰ ਨੂੰ ਸਥਿਰ ਨਾ ਰੱਖ ਸਕਣ ਦਾ ਮੁੱਖ ਕਾਰਨ ਹੋਣਗੇ, ਪਰ ਨਾਲ ਦੀ ਨਾਲ ਹੋਰ ਅਨੇਕਾ ਘਾਟਾਂ ਅਤੇ ਕਮਜ਼ੋਰੀਆਂ ਵੀ ਇਸ ਪੇਸ਼ੇ ਦੇ ਨਿਘਾਰ ਦਾ ਕਾਰਨ ਬਣ ਕੇ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਵਿੱਚੋਂ ਪ੍ਰਮੁੱਖ ਹੈ ਪੱਤਰਕਾਰੀ ਦੇ ਪੇਸ਼ੇ ਨਾਲ ਜੁੜੇ ਵਿਅਕਤੀਆਂ ਦੇ ਆਚਰਨ ਅਤੇ ਵਚਨਬੱਧਤਾ ਵਿਚ ਆਈ ਗਿਰਾਵਟ। ਜਿਵੇਂਕਿ ਇਸ ਗੱਲ ਨੂੰ ਹੋਰ ਸੁਖਾਲਿਆਂ ਸਮਝਣ ਲਈ ਪੰਜਾਬ ਤੋਂ ਛਪਣ ਵਾਲੇ ਪੰਜਾਬੀ ਅਖ਼ਬਾਰਾਂ ਦੇ ਹਵਾਲੇ ਨਾਲ ਕੀਤੀ ਜਾ ਸਕਦੀ ਹੈ। ਕੋਈ ਸਮਾਂ ਸੀ ਪੰਜਾਬ ਤੋਂ ਪੰਜਾਬੀ ਵਿਚ ਛਪਣ ਵਾਲੇ ਅਖ਼ਬਾਰਾਂ ਦੀ ਗਿਣਤੀ ਬੜੀ ਸੀਮਤ ਜਿਹੀ ਹੋਇਆ ਕਰਦੀ ਸੀ। ਉਪਰਲੀ ਸਤ੍ਹਾ ਵਿੱਚ ਅਖ਼ਬਾਰ ਦੇ ਮਾਲਕਾਂ ਅਤੇ ਸੰਪਾਦਕਾਂ ਦਾ ਦੂਸਰੇ ਅਖ਼ਬਾਰਾਂ ਦੇ ਮਾਲਕਾਂ ਅਤੇ ਸੰਪਾਦਕਾਂ ਦਰਮਿਆਨ ਵਪਾਰਕ ਹਿੱਤਾਂ ਨੂੰ ਲੈ ਕੇ ਭਾਵੇਂ ਕਾਟੋ-ਕਲੇਸ਼ ਚੱਲਦਾ ਰਹਿੰਦਾ ਸੀ। ਆਪਣੀ ਚਤੁਰਾਈ ਨਾਲ ਉਹ ਇਸ ਨੂੰ ਕਿਸੇ ਹੋਰ ਰੂਪ ਵਿਚ ਪੇਸ਼ ਕਰਨ ਵਿਚ ਕਾਮਯਾਬ ਹੋ ਜਾਇਆ ਕਰਦੇ ਸਨ। ਪਾਠਕਾਂ ਅਤੇ ਵਪਾਰਕ ਅਦਾਰਿਆਂ ਨੂੰ ਵੰਡਣ, ਪਾੜਨ ਦਾ ਅਜਿਹਾ ਗੰਧਲਾ ਜ਼ਹਿਰ ਰੂਪੀ ਪ੍ਰਚਾਰ ਉਹ ਲੰਬਾ ਸਮਾਂ ਕਰਦੇ ਰਹੇ। ਜਿਸ ਵਿੱਚ ਇੱਕ ਦੂਸਰੇ ਦੇ ਖ਼ਿਲਾਫ਼ ਸੰਪਾਦਕੀ ਨੋਟ ਅਤੇ ਪ੍ਰਤੀਕਿਰਿਆ ਵਜੋਂ ਉਸੇ ਹੀ ਭਾਸ਼ਾ ਵਿੱਚ ਜੁਆਬ ਵੀ ਆਉਂਦੇ ਰਹਿੰਦੇ ਸਨ। ਜਿਨ੍ਹਾਂ ਦਾ ਪੰਜਾਬ ਦੀ ਫਿਜ਼ਾ ਨੂੰ ਵਿਗਾੜਨ ਅਤੇ ਦੂਸ਼ਿਤ ਕਰਨ ਵਿਚ ਵੱਡਾ ਹੱਥ ਸੀ। ਪੰਜਾਬ ਵਿਚ ਫਿਰਕਾ-ਵਰਾਨਾ ਵੰਡ ਲਈ ਰਾਹ ਪੱਧਰਾ ਕੀਤਾ ਜਾਂਦਾ ਰਿਹਾ, ਨਤੀਜੇ ਵਜੋਂ ਪੰਜਾਬ ਦੇ ਹਾਲਾਤ ਸਹਿਜੇ-ਸਹਿਜੇ ਇੱਕ ਵੱਖਰੀ ਦਿਸ਼ਾ ਵਲ ਮੋੜ ਕੱਟਦੇ ਗਏ ਅਤੇ ਪੰਜਾਬ ਨੇ ਆਪਣੀਆਂ ਰਵਾਇਤਾਂ ਦੇ ਵਿਰੁੱਧ ਜਾ ਕੇ ਲੰਬਾ ਸਮਾਂ ਸੰਤਾਪ ਹੰਢਾਇਆ ਸੀ। ਇਸ ਦੇ ਬਾਵਜੂਦ ਹੇਠਲੇ ਪੱਧਰ ਦੀ ਪੱਤਰਕਾਰੀ ਵਿਚ ਅਜਿਹੀ ਵੰਡ ਨਾ-ਮਾਤਰ ਹੀ ਸੀ ਕਿਉਂਕਿ ਇਥੇ ਵਪਾਰਕ ਹਿੱਤਾਂ ਦਾ ਕੋਈ ਟਕਰਾਓ ਨਹੀਂ ਸੀ। ਪਰ ਜਿਉਂ-ਜਿਉਂ ਪੰਜਾਬੀ ਵਿਚ ਛਪਣ ਵਾਲੇ ਅਖ਼ਬਾਰਾਂ ਦੀ ਗਿਣਤੀ ਵਧਦੀ ਗਈ ਜਿਸ ਨੂੰ ਇੱਕ ਸ਼ੁਭ ਸ਼ਗਨ ਵਜੋਂ ਲੈਣਾ ਚਾਹੀਦਾ ਸੀ, ਪਰ ਵਪਾਰਕ ਲੋੜਾਂ ਦੀ ਪੂਰਤੀ ਹਿੱਤ ਹੋਇਆ ਇਸ ਤੋਂ ਵਿਪਰੀਤ ਕਿ ਪੱਤਰਕਾਰੀ ਦਾ ਮਿਆਰ ਡਿੱਗਦਾ-ਡਿੱਗਦਾ ਉਸ ਸਤ੍ਹਾ ਤੀਕ ਜਾ ਪੁੱਜਾ। ਜਦੋਂ ਪੱਤਰਕਾਰੀ ਦੀ ਸ਼੍ਰੇਣੀ ਵਿਚ ਸ਼ਹਿਰਾਂ ਦੇ ਪਾਨ-ਬੀੜੀ ਦੇ ਖੋਖੇ ਵਾਲੇ ਅਤੇ ਪਿੰਡਾਂ ਵਿਚ ਕਰਿਆਨੇ ਦੇ ਦੁਕਾਨਦਾਰ ਪੱਤਰਕਾਰ ਬਣ ਬੈਠੇ। ਜਿਸ ਦਾ ਚਲਨ ਅੱਜ ਤੱਕ ਪੰਜਾਬ ਵਿੱਚ ਜਾਰੀ ਹੈ। ਅੱਜ ਕੋਈ ਵੀ ਪਿੰਡ ਪੱਧਰ ਜਾਂ ਬਲਾਕ ਪੱਧਰ ਦਾ 'ਘੜੰਮ ਚੌਧਰੀ' ਨੇਤਾ ਪੈਸਿਆਂ ਦੇ ਜ਼ੋਰ ਜਾਂ ਫਿਰ ਸ਼ਰਾਬ ਮੁਰਗੇ ਦੀ ਸੇਵਾ ਨਾਲ ਅਖ਼ਬਾਰਾਂ ਵਿੱਚ ਇਲਾਕੇ ਦਾ 'ਜਰਨੈਲ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਚਲਨ ਆਪਣੀ ਯਾਤਰਾ ਤੈਅ ਕਰਦਾ ਹੋਇਆ ਪਰਵਾਸੀ ਮੀਡੀਆ ਵਿਚ ਵੀ ਘੁਸਪੈਠ ਕਰ ਚੁੱਕਾ ਹੈ।- **ਹਰਜੀਤ ਸਿੰਘ ਗਿੱਲ**

# ਧਾਰੀ ਬੰਨ੍ਹ ਸੁਰਮਾ ਨਾ ਪਾਈਏ



ਪੰਜਾਬੀ ਸੱਭਿਆਚਾਰ ਵਿੱਚ ਪਹਿਰਾਵੇ ਤੇ ਹਾਰ ਸ਼ਿੰਗਾਰ ਦੇ ਵੱਖਰੇ ਪਛਾਣ ਚਿੰਨ੍ਹ ਹਨ। ਸੁੰਦਰ ਦਿਸਣ ਦੀ ਚਾਹਤ ਮਨੁੱਖ ਮਾਤਰ ਵਿੱਚ ਆਦਿ ਕਾਲੀਨ ਹੈ। ਪੰਜਾਬੀਆਂ ਵਿੱਚ ਵੀ ਇਸ ਦੀ ਚਾਹਨਾ ਵਿਸ਼ੇਸ਼ ਤੌਰ 'ਤੇ ਨਜ਼ਰ ਆਉਂਦੀ ਹੈ। ਕੁਦਰਤ ਦੀ ਬਖ਼ਸ਼ੀ ਸੁੰਦਰਤਾ ਨਾਲ ਮਨੁੱਖ ਨੂੰ ਜਿਵੇਂ ਰੱਜ ਨਹੀਂ ਆਉਂਦਾ ਤੇ ਉਹ ਹੋਰ ਵਧੇਰੇ ਆਕਰਸ਼ਕ ਬਣਨ ਲਈ ਖ਼ੂਬਸੂਰਤ ਪਹਿਰਾਵੇ, ਗਹਿਣੇ ਤੇ ਹਾਰ ਸ਼ਿੰਗਾਰ ਦੇ ਕਈ ਸਾਧਨ ਵਰਤਦਾ ਹੈ। ਔਰਤ ਨੂੰ ਤਾਂ ਆਪਣੇ ਹੁਸਨ ਨੂੰ ਸਾਣ 'ਤੇ ਚਾੜ੍ਹ ਕੇ ਹੀ ਤਸੱਲੀ ਹੁੰਦੀ ਹੈ। ਰੰਗਦਾਰ ਰਿਬਨ, ਰੰਗਲੇ ਪਰਾਂਦੇ, ਸੱਕ ਦੀ ਦਾਤਣ, ਮਹਿੰਦੀ, ਸੁਰਮਾ-ਕੱਜਲ, ਸੁਰਖ਼ੀ, ਨਹੁੰ ਪਾਲਿਸ਼, ਪਾਊਡਰ, ਕਰੀਮਾਂ ਤੇ ਖ਼ੁਸ਼ਬੂਦਾਰ ਤੇਲਾਂ-ਇੱਤਰਾਂ ਰਾਹੀਂ ਉਹ ਆਪਣੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੀ ਹੈ। ਹਾਰ-ਸ਼ਿੰਗਾਰ ਲਈ ਵਰਤੀਦੀਆਂ ਇਨ੍ਹਾਂ ਸ਼ੈਵਾਂ ਵਿੱਚ ਸੁਰਮੇ ਦੀ ਹਮੇਸ਼ਾਂ ਸਰਦਾਰੀ ਰਹੀ ਹੈ।

ਲੰਘੇ ਸਮਿਆਂ ਵਿੱਚ ਸੁਆਣੀਆਂ ਘਰਾਂ ਵਿੱਚ ਹੀ ਸੁਰਮਾ ਬਣਾਉਂਦੀਆਂ। ਹੱਟੀਆਂ ਤੋਂ ਸੁਰਮਾ ਤੋਲਿਆਂ ਦੇ ਹਿਸਾਬ ਮੋਟਾ ਢੇਲਿਆਂ ਦੇ ਰੂਪ ਵਿੱਚ ਮਿਲਦਾ। ਇਸ ਨੂੰ ਕੋਰੇ ਭਾਂਡੇ ਵਿੱਚ ਰਾਤ ਨੂੰ ਭਿਉਂ ਕੇ ਰੱਖਿਆ ਜਾਂਦਾ ਤੇ ਸਵੇਰੇ ਪਾਣੀ ਵਿੱਚੋਂ ਕੱਢ ਕੇ ਦੋ ਕੁ ਦਿਨ ਸੁਕਾਇਆ ਜਾਂਦਾ। ਇਸ ਨਾਲ ਮੁਸ਼ਕਪੂਰ ਦੀ ਟਿੱਕੀ ਤੇ ਹਰੀ ਇਲੈਚੀ ਦੇ ਦਾਣੇ ਪਾ ਕੇ ਪੱਥਰ ਦੇ ਖ਼ੁਰਲ ਵਿੱਚ ਵੱਟੇ ਨਾਲ ਪੀਸਿਆ ਜਾਂਦਾ। ਕਈ ਇਸ ਵਿੱਚ ਕੌੜ ਤੁੰਮਾ ਜਾਂ ਕਾਲੀ ਮਿਰਚ ਦੇ ਇੱਕ-ਦੋ ਦਾਣੇ ਵੀ ਪਾਉਂਦੇ ਤਾਂ ਜੋ ਜ਼ਰਾ ਤਿੱਖਾ ਕਰਾਰਾ ਹੋ ਜਾਏ। ਇਸ ਨੂੰ ਪੀਸਣ ਲਈ ਦਸ-ਪੰਦਰਾਂ ਦਿਨ ਲੱਗ ਜਾਂਦੇ। ਸੁਆਣੀਆਂ ਘਰੇਲੂ ਰੁਝੇਵਿਆਂ ਤੋਂ ਫ਼ਾਰਗ ਹੋ ਕੇ ਕੁਝ ਸਮੇਂ ਲਈ ਸਿੱਲਵੱਟੇ ਨਾਲ ਇਸ ਨੂੰ ਪੀਸਦੀਆਂ ਤੇ ਫਿਰ ਢੱਕ ਕੇ ਰੱਖ ਦਿੰਦੀਆਂ। ਉਹ ਵਿਚਦੀ ਕਈ ਵਾਰ ਅੱਖਾਂ ਵਿੱਚ ਪਾ ਕੇ ਵੇਖਦੀਆਂ ਮਤੇ ਇਸ ਵਿੱਚ ਰੜਕਣ ਵਾਲੇ ਕਣ ਨਾ ਬਚੇ ਹੋਣ। ਸੁਰਮਾ ਪੀਸਣ ਵਾਲੇ ਖ਼ਰਲ ਪਿੰਡ ਵਿੱਚ ਇੱਕ ਅੱਧ ਘਰ ਵਿੱਚ ਹੀ ਹੁੰਦੇ, ਜਿੱਥੇ ਸਾਰਾ ਪਿੰਡ ਇਸ ਨੂੰ ਵਰਤਦਾ। ਪੀਸਿਆ ਸੁਰਮਾ ਆਂਢ-ਗੁਆਂਢ ਤੇ ਰਿਸ਼ਤੇਦਾਰਾਂ ਨੂੰ ਵੀ ਦਿੱਤਾ ਜਾਂਦਾ। ਰੋਜ਼ਾਨਾ ਵਰਤੋਂ ਵਿਹਾਰ ਲਈ ਥੋੜ੍ਹਾ ਕੁ ਕੱਚ ਦੀ ਸ਼ੀਸ਼ੀ ਵਿੱਚ ਪਾ ਕੇ ਬਾਕੀ ਅਗਾਂਹ ਵਰਤਣ ਲਈ ਸਾਂਭ ਲਿਆ ਜਾਂਦਾ। ਜਦੋਂ ਤਕ ਪੀਸਿਆ ਪਿਸਾਇਆ ਸੁਰਮਾ ਬਾਜ਼ਾਰਾਂ ਵਿੱਚ ਨਾ ਮਿਲਣ ਲੱਗ ਪਿਆ, ਸੁਰਮਾ ਘਰੇਲੂ ਪੱਧਰ 'ਤੇ ਬਣਾਉਣ ਦਾ ਇਹੀ ਸਿਲਸਿਲਾ ਚਲਦਾ ਰਿਹਾ।ਸੁਰਮਾ ਪਾਉਣ ਦੀ ਸ਼ੁਰੂਆਤ ਬੱਚੇ ਦੇ ਜਨਮ ਤੋਂ ਦਸ ਪੰਦਰਾਂ ਦਿਨਾਂ ਬਾਅਦ ਹੀ ਹੋ ਜਾਂਦੀ। ਦਾਦੀਆਂ-ਨਾਨੀਆਂ ਬੱਚੇ ਦੀ ਅੱਖ ਵਿੱਚ ਸੁਰਮਾ ਪਾਉਂਦੀਆਂ ਤਾਂ ਜੋ ਅੱਖਾਂ ਮੋਟੀਆਂ ਦਿੱਸਣ। ਲੱਕੜ ਦੇ ਬਣੇ ਸੁਰਮਚੂ ਜਾਂ ਸਿਲਾਈ ਇਸ ਲਈ ਇਸਤੇਮਾਲ ਕੀਤੀ ਜਾਂਦੀ। ਕਈ ਵਾਰ ਬੱਚੇ ਦੇ ਭਰਵੱਟੇ 'ਤੇ ਵੀ ਬਾਰੀਕ ਲਕੀਰ ਖਿੱਚੀ ਜਾਂਦੀ ਤਾਂ ਜੋ ਉਹ ਸੋਹਣਾ ਲੱਗੇ। ਨਜ਼ਰ ਤੋਂ ਬਚਾਉਣ ਲਈ ਸੁਰਮੇ ਦਾ ਟਿੱਕਾ ਮੱਥੇ ਜਾਂ ਗਲ੍ਹ 'ਤੇ ਵੀ ਲਾ ਦਿੱਤਾ ਜਾਂਦਾ।

ਸੁਰਮਾ ਧਾਰੀਆਂ ਬੰਨ੍ਹ ਕੇ, ਪੂਛਾਂ ਬਣਾ ਕੇ ਜਾਂ ਪੂਛਾਂ ਨੂੰ ਕੁੰਢੀਆਂ ਕਰਕੇ ਪਾਉਣ ਦੇ ਅੰਦਾਜ਼ ਪ੍ਰਚਲਤ ਹਨ। ਸੁਰਮਾ ਪਾ ਕੇ ਫੱਬੀ ਗੋਰੀ ਦਾ ਹੁਸਨ ਲੋਕ ਗੀਤਾਂ ਨੇ ਖ਼ੂਬਸੂਰਤੀ ਨਾਲ ਸਾਂਭਿਆ ਹੈ। ਸੁਰਮੇ ਦੀ ਵਰਤੋਂ ਵੱਲ ਰੁਚਿਤ ਹੋਣ ਦਾ ਮਤਲਬ ਕੁੜੀ ਦੇ ਮੁਟਿਆਰ ਹੋਣ ਵੱਲ ਸੰਕੇਤ ਕਰਦਾ ਹੈ:

ਸੁਰਮੇ ਦੀ ਦੱਸਦੀ ਧਾਰ ਕੁੜੇ
ਤੂੰ ਹੋ ਗਈ ਏਂ ਮੁਟਿਆਰ ਕੁੜੇ

ਅਜਿਹੇ ਸਮੇਂ ਜੇ ਮੁਟਿਆਰ ਦੀ ਨਜ਼ਰ ਕਿਸੇ ਗੱਭਰੂ ਨਾਲ ਲੜ ਜਾਂਦੀ ਹੈ ਤਾਂ ਸਾਰਾ ਕਸੂਰ ਸੁਰਮੇ 'ਤੇ ਆ ਜਾਂਦਾ ਹੈ:

ਸੁਰਮੇ ਨੇ ਪੱਟ ਸੁੱਟਿਆ
ਗੱਭਰੂ ਛੈਲ ਛਬੀਲਾ
ਸੁਰਮਾ ਪੰਜ ਰੱਤੀਆਂ
ਪਾ ਕੇ ਮੋੜ 'ਤੇ ਖੜ੍ਹ ਗਈ

ਸਖ਼ੀਆਂ-ਸਹੇਲੀਆਂ ਅਜਿਹੇ ਮੌਕੇ ਟਕੋਰ ਲਾਉਣੋਂ ਨਾ ਰੁਕਦੀਆਂ:

ਮੁੰਡਾ ਮੋਹ ਲਿਆ ਨੀਂ
ਦੋ ਸੁਰਮੈਨੀ ਅੱਖੀਆਂ ਨੇ

ਸੁਰਮਾ ਪਾਉਣ ਤੇ ਮਟਕਾਉਣ ਨਾਲ ਜੁੜੇ ਸੰਭਾਵੀ 'ਖਤਰਿਆਂ' ਨੂੰ ਭਾਂਪਦੇ ਘਰ ਦੇ ਸਿਆਣੇ ਜੁਆਨ ਧੀਆਂ ਨੂੰ ਸੁਰਮਾ ਪਾਉਣ ਤੋਂ ਵਰਜਦੇ:

ਧਾਰੀ ਬੰਨ੍ਹ ਸੁਰਮਾ ਨਾ ਪਾਈਏ
ਧੀਏ ਘਰ ਮਾਪਿਆਂ ਦੇ

ਬਾਵਜੂਦ ਇਨ੍ਹਾਂ ਤਾੜਨਾਵਾਂ ਦੇ ਸੁਰਮੇ ਦਾ ਮੋਹ ਮੁਟਿਆਰ ਤੋਂ ਤਿਆਗਿਆ ਨਾ ਜਾਂਦਾ। ਇਸ ਗੱਲੋਂ ਝਿੜਕਾਂ ਵੀ ਪੈਂਦੀਆਂ ਤੇ ਉਨ੍ਹਾਂ ਨੂੰ ਵੱਡਿਆਂ ਦੇ ਰੋਹ ਦਾ ਸ਼ਿਕਾਰ ਵੀ ਹੋਣਾ ਪੈਂਦਾ:

ਖਿੜਕੀ ਉਹਲੇ ਮੈਂ ਸੁਰਮਾ ਪਾਇਆ
ਉੱਤੋਂ ਆ ਗਿਆ ਤਾਇਆ
ਰੋ ਰੋ ਕੱਢ ਸੁੱਟਿਆ
ਕਿਹੜੇ ਸ਼ੌਕ ਨੂੰ ਪਾਇਆ

ਅੱਲੜ੍ਹ ਮੁਟਿਆਰਾਂ ਤਾਂ ਇੱਕ ਪਾਸੇ ਅੱਧਖੜ ਤੇ ਬਜ਼ੁਰਗ ਔਰਤਾਂ ਵੀ ਕਿਸੇ ਗੱਲੋਂ ਘੱਟ ਨਾ ਹੁੰਦੀਆਂ। ਸੁੰਦਰਤਾ ਵਧਾਉਣ, ਉਮਰ ਲੁਕਾਉਣ ਜਾਂ ਆਪਣੇ ਪਤੀ ਦੀਆਂ ਨਜ਼ਰਾਂ ਵਿੱਚ ਆਕਰਸ਼ਕ ਬਣੇ ਰਹਿਣ ਦੀ ਚਾਹਤ ਵਿੱਚ ਸੁਰਮੇ ਦਾ ਆਸਰਾ ਲੈਂਦੀਆਂ। ਘਰ ਵਿੱਚ ਨੂੰਹਾਂ ਸੱਜਦੀਆਂ ਫੱਬਦੀਆਂ ਤਾਂ ਸੱਸਾਂ ਦਾ ਸ਼ੌਕ ਵੀ ਜਾਗਦਾ। ਨੂੰਹਾਂ ਇਸ ਵਰਤਾਰੇ ਨੂੰ ਜ਼ਰਾ ਵਿਅੰਗਮਈ ਅੰਦਾਜ਼ ਵਿੱਚ ਪੇਸ਼ ਕਰਦੀਆਂ:

ਸੁਰਮਾ ਵਿਕਣੇ ਆਇਆ
ਇੱਕ ਲੱਪ ਸੁਰਮੇ ਦੀ
ਹੋਰਾਂ ਜੁਖਾਇਆ ਤੋਲਾ ਮਾਸਾ
ਸੱਸ ਨੇ ਖੇਸ ਵਿਛਾਇਆ

ਸੁਰਮਾ ਪਾਉਣਾ ਇੱਕ ਕਿਰਿਆ ਹੈ ਤੇ ਮਟਕਾਉਣਾ ਕਲਾ:

ਸੁਰਮਾ ਤਾਂ ਪਾਈਏ
ਜੇ ਮਟਕਾਉਣਾ ਆਵੇ
ਸੁਰਮਾ ਤਾਂ ਹਰ ਕੋਈ ਪਾਵੇ
ਪਰ ਮਟਕਾਵੇ ਕੋਈ ਕੋਈ
ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਸੁਰਮੇ ਨੇ ਮੱਤ ਮਾਰ ਲਈ

ਨੀਲੀਆਂ ਬਿੱਲੀਆਂ ਅੱਖਾਂ ਨੂੰ ਸੁਰਮਾ ਜਚਦਾ ਨਹੀਂ, ਉਹ ਅੱਖਾਂ ਸੁਰਮੇ ਨੂੰ ਤਰਸਦੀਆਂ। ਕਈ ਮੁਟਿਆਰਾਂ ਦੀਆਂ ਅੱਖਾਂ ਪਹਿਲਾਂ ਈ ਏਨੀਆਂ ਮੋਟੀਆਂ ਹੁੰਦੀਆਂ ਕਿ ਉਨ੍ਹਾਂ ਲਈ ਸੁਰਮੇ ਦੀ ਲੋੜ ਹੀ ਨਾ ਹੁੰਦੀ।

ਵਿਆਂਹਦੜ ਮੁੰਡਾ ਜਦ ਘੋੜੀ ਚੜ੍ਹਦਾ ਤਾਂ ਉਸ ਦੀ ਸੁੰਦਰਤਾ ਵਧਾਉਣ ਲਈ ਉਹਦੀਆਂ ਅੱਖਾਂ ਵਿੱਚ ਭਾਬੀਆਂ ਸੁਰਮਾ ਪਾਉਂਦੀਆਂ। ਇਸ ਮੰਜ਼ਰ ਨੂੰ ਸਾਡੇ ਲੋਕ ਗੀਤ ਇਉਂ ਸਾਂਭਦੇ ਹਨ:

ਕਿਨ ਪਾਈਆਂ ਤੈਨੂੰ ਸੁਰਮਾ ਸਲਾਈਆਂ
ਭਾਬੋ ਪਾਈਆਂ ਮੈਨੂੰ ਸੁਰਮ ਸਲਾਈਆਂ

ਸੁਰਮਾ ਪਾ ਕੇ ਭਾਬੀ ਘੋੜੀ ਰੋਕਦੀ ਹੈ ਤਾਂ ਜੋ ਮੂੰਹ ਮੰਗਿਆ ਲਾਗ ਲੈ ਸਕੇ:

ਅੱਗਿਓਂ ਭਾਬੋ ਨੇ ਰੋਕਿਆ
ਵੇ ਦੇ ਜਾ ਦਿਓਰਾ ਸੁਰਮਾ ਪਵਾਈ
ਜੋ ਕੁਝ ਮੰਗਣਾ ਮੰਗ ਲੈ ਭਾਬੋ
ਬਹੁਤੀ ਦੇਰ ਨਾ ਲਾਈਂ
ਤਿੰਨੇ ਕੱਪੜੇ ਰੇਸ਼ਮੀ
ਤੇ ਰਾਣੀ ਹਾਰ ਲਿਆਈਂ

ਦਿਓਰ-ਭਾਬੀ ਦੇ ਮੋਹਵੰਤੇ ਰਿਸ਼ਤੇ ਨੂੰ ਸੁਰਮੇ ਦੀ ਧਾਰੀ ਨਾਲ ਤੁਲਨਾਇਆ ਗਿਆ ਹੈ:

ਮੇਰਾ ਦਿਓਰ ਸੁਰਮੇ ਦੀ ਧਾਰੀ
ਅੱਖੀਆਂ 'ਚ ਪਾ ਕੇ ਰੱਖਦੀ।

**-ਹਰਮੇਸ਼ ਕੌਰ ਯੋਧੇ**

# ਬਰਫ਼ ਦਾ ਤਪ ਬਨਾਮ ਆਲਮੀ ਤਪਸ਼



ਆਲਮੀ ਤਪਸ਼ ਦਾ ਪ੍ਰਕੋਪ ਬਹੁਤ ਵਧ ਚੁੱਕਿਆ ਹੈ ਜੋ ਦੁਨੀਆਂ ਲਈ ਸਭ ਤੋਂ ਵੱਡਾ ਖ਼ਤਰਾ ਹੈ। ਬੀਤੇ 200 ਸਾਲਾਂ ਦੌਰਾਨ ਹੋਏ ਰਿਕਾਰਡਤੋੜ ਜਲਵਾਯੂ ਪਰਿਵਰਤਨਾਂ ਲਈ ਕਾਰਬਨ ਡਾਈਆਕਸਾਈਡ ਪੱਧਰ ਅਤੇ ਆਲਮੀ ਤਾਪਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਅਜਿਹੇ ਪ੍ਰਮਾਣ ਧਰੁਵੀ ਟੋਪੀਆਂ ਜਾਂ ਗਲੇਸ਼ੀਅਰਾਂ ਤੋਂ ਨਿਸ਼ਕਰਸ਼ਿਤ ਬਰਫ਼ ਦੇ ਕੇਂਦਰੀ ਭਾਗ ਤੋਂ ਪ੍ਰਾਪਤ ਕੀਤੇ ਜਾਂਦੇ ਹਨ ਜੋ ਹੌਲੀ-ਹੌਲੀ ਕੁਦਰਤੀ ਪ੍ਰਕਿਰਿਆਵਾਂ ਦੁਆਰਾ ਬਰਫ਼ਾਂ ਦੀਆਂ ਤਹਿਆਂ ਜੰਮਣ ਨਾਲ ਹਜ਼ਾਰਾਂ ਸਾਲਾਂ 'ਚ ਤਿਆਰ ਹੁੰਦੇ ਹਨ। ਆਲਮੀ ਤਪਸ਼ ਦਾ ਵਾਧਾ ਜਾਰੀ ਰਹਿੰਦਾ ਹੈ ਤਾਂ ਇਹ ਕੁਦਰਤੀ ਜਲਵਾਯੂ ਵਿਭਿੰਨਤਾ ਦੇ ਵਿਪਰੀਤ ਹੋਵੇਗਾ। ਹੁਣ ਤਕ ਵਿਸ਼ਵ ਭਰ 'ਚ ਇੱਕ ਡਿਗਰੀ ਤਾਪਮਾਨ ਵਧ ਚੁੱਕਿਆ ਹੈ ਪਰ ਦੁਨੀਆਂ ਦਾ ਕੁਦਰਤੀ ਏਅਰ ਕੰਡੀਸ਼ਨਰ ਕਹਾਉਣ ਵਾਲੇ ਖੇਤਰ ਆਰਕਟਿਕ ਦਾ ਔਸਤ ਤਾਪਮਾਨ ਬਾਕੀ ਵਿਸ਼ਵ ਦੇ ਮੁਕਾਬਲੇ ਦੁੱਗਣਾ ਵਧ ਚੁੱਕਿਆ ਹੈ ਜਿੱਥੇ ਜਲਵਾਯੂ ਪਰਿਵਰਤਨ ਤੀਬਰਤਾ ਨਾਲ ਜਾਰੀ ਹੈ। ਹਾਲ ਹੀ ਵਿੱਚ ਹੋਏ ਅਮਰੀਕੀ ਭੂਗੋਲਿਕ ਸਰਵੇਖਣਾਂ (ਯੂ.ਐੱਸ. ਜੀਓਲੋਜੀਕਲ ਸਰਵੇ) ਮੁਤਾਬਕ 2030 ਤਕ ਲਗਪਗ ਸਾਰਾ ਆਰਕਟਿਕ ਬਰਫ਼-ਮੁਕਤ ਖੇਤਰ ਬਣ ਜਾਵੇਗਾ। ਆਰਕਟਿਕ ਖੇਤਰ ਸੂਰਜੀ ਕਿਰਨਾਂ ਨੂੰ ਪੁਲਾੜ 'ਚ ਵਾਪਸ ਪਰਾਵਰਤਿਤ ਕਰਕੇ ਸਮੁੱਚੇ ਵਿਸ਼ਵ ਦੀ ਜਲਵਾਯੂ ਰੈਗੂਲੇਟ ਕਰਦਾ ਸੀ। ਹੁਣ ਵੱਧ ਸੂਰਜੀ ਪ੍ਰਕਾਸ਼ ਸੋਖਣ ਨਾਲ ਬਰਫ਼ ਹੋਰ ਜ਼ਿਆਦਾ ਪਿਘਲ ਰਹੀ ਹੈ ਤੇ ਜੇ ਇਹ ਪਿਘਲਾਅ ਇਸੇ ਦਰ ਨਾਲ ਜਾਰੀ ਰਿਹਾ ਤਾਂ ਆਰਕਟਿਕ ਪਰਮਾਫਰਾਸਟ (ਪੱਕੀ ਜੰਮੀ ਹੋਈ ਠੋਸ ਬਰਫ਼ ਵਾਲੀਆਂ ਥਾਵਾਂ), ਜੈਵਿਕ ਤਲਛੱਟਾਂ, ਵੈੱਟਲੈਂਡਜ਼ ਅਤੇ ਬਰਫ਼ੀਲੀਆਂ ਤਹਿਆਂ ਅੰਦਰ ਕੈਦ ਹੋਈ 4400 ਕਰੋੜ ਟਨ ਨਾਈਟ੍ਰੋਜਨ ਅਤੇ 85 ਹਜ਼ਾਰ ਕਰੋੜ ਟਨ ਕਾਰਬਨ ਵਾਤਾਵਰਨ ਵਿੱਚ ਰਿਸ ਜਾਣਗੇ। ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਦੇ ਖੋਜੀਆਂ ਮੁਤਾਬਕ ਆਰਕਟਿਕ ਸਮੁੰਦਰੀ-ਬਰਫ਼ ਅੰਦਰਲੀ ਕਾਰਬਨ, ਪਿਘਲਾਅ ਕਾਰਨ ਐਕਸਪੋਜ਼ ਹੋਣੀ ਸ਼ੁਰੂ ਹੋ ਚੁੱਕੀ ਹੈ ਜੋ ਬੈਕਟੀਰੀਆ ਦੇ ਸੰਪਰਕ 'ਚ ਆ ਕੇ ਕਾਰਬਨ ਡਾਈਆਕਸਾਈਡ ਵਿੱਚ ਤਬਦੀਲ ਹੋ ਜਾਵੇਗੀ। ਇਸ ਪ੍ਰਕਿਰਿਆ ਦੁਆਰਾ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਦੁੱਗਣੀ ਹੋ ਜਾਵੇਗੀ। ਇਹ ਨਾਈਟ੍ਰੋਜਨ ਅਤੇ ਕਾਰਬਨ ਵੀ ਦੁੱਗਣੇ ਹੋਕੇ ਵਾਤਾਵਰਨ ਵਿੱਚ ਰਿਸਣਗੇ। ਇੱਕ ਵਾਰ ਇਹ ਪ੍ਰਕਿਰਿਆ ਸ਼ੁਰੂ ਹੋ ਗਈ ਤਾਂ ਬੈਕਟੀਰੀਆ, ਟੁੰਡਰਾ ਦੇ ਜੰਗਲਾਂ ਤੋਂ ਕਾਰਬਨ ਲੈ ਕੇ ਕਾਰਬਨ ਡਾਈਆਕਸਾਈਡ 'ਚ ਬਦਲ ਕੇ ਵਾਯੂਮੰਡਲ 'ਚ ਭੇਜਦਾ ਰਹੇਗਾ ਅਤੇ ਇਸ ਨਾ ਖ਼ਤਮ ਹੋਣ ਵਾਲੇ ਚੱਕਰ ਨਾਲ ਵਿਸ਼ਵ ਦਾ ਗਰਮਾਉਣਾ ਹੋਰ ਵਧੇਗਾ। ਸਿੱਟੇ ਵਜੋਂ ਆਰਕਟਿਕ ਬਰਫ਼ ਹੋਰ ਪਿਘਲਦੀ ਜਾਵੇਗੀ ਅਤੇ ਫਿਰ ਰੱਬ ਜਾਣੇ ਇਹ ਚੱਕਰ ਕਦੋਂ ਤਕ ਖ਼ੁਦ ਨੂੰ ਦੁਹਰਾਉਂਦਾ ਰਹੇਗਾ। ਪਿਛਲੇ ਦਹਾਕੇ ਤੋਂ ਆਰਕਟਿਕ ਬਾਰੇ ਹੋ ਰਹੀਆਂ ਖੋਜਾਂ ਬਰਫ਼-ਪਿਘਲਾਅ ਦੀ ਦਰ ਅਤੇ ਇਸ ਦੇ ਵਾਤਾਵਰਨ 'ਤੇ ਪ੍ਰਭਾਵ ਉੱਤੇ ਹੀ ਕੇਂਦਰਿਤ ਹਨ। ਜਿਉਂ-ਜਿਉਂ ਇਹ ਬਰਫ਼ ਪਿਘਲ ਰਹੀ ਹੈ, ਸਮੁੰਦਰੀ ਤਹਿਆਂ ਅੰਦਰਲਾ ਕਾਰਬਨ ਆਰਕਟਿਕ ਸਤਿਹ 'ਤੇ ਆ ਕੇ ਸੂਰਜੀ ਕਿਰਨਾਂ ਦੇ ਸੰਪਰਕ 'ਚ ਆ ਰਿਹਾ ਹੈ ਕਿਉਂਕਿ ਪਹਿਲਾਂ ਇਹ ਕਾਰਬਨ ਜੰਮਿਆ ਪਿਆ ਸੀ, ਇਸ ਨੇ ਹਜ਼ਾਰਾਂ ਸਾਲਾਂ ਤਕ ਕਾਰਬਨ ਚੱਕਰ ਵਿੱਚ ਹਿੱਸਾ ਨਹੀਂ ਲਿਆ। ਵਿਸ਼ਾ ਮਾਹਿਰ ਰੋਜ਼ ਕੋਰੀ ਨੇ ਆਪਣੀਆਂ ਖੋਜ ਰਿਪੋਰਟਾਂ ਦਾ ਖ਼ੁਲਾਸਾ ਕਰਦਿਆਂ ਦੱਸਿਆ ਕਿ 27 ਪਿਘਲਦੀਆਂ ਹੋਈਆਂ ਪਰਮਾਫਰਾਸਟ ਸਾਈਟਾਂ ਦੀ ਖੋਜ ਦੌਰਾਨ ਪਾਇਆ ਕਿ ਜਦੋਂ ਪਰਾਬੈਂਗਣੀ ਪ੍ਰਕਾਸ਼ ਕਾਰਬਨ 'ਤੇ ਪੈਂਦਾ ਹੈ ਤਾਂ ਉਹ ਕਾਰਬਨ ਨੂੰ ਰਾੜ੍ਹ ਜਾਂ ਬੇਕ ਕਰ ਦਿੰਦਾ ਹੈ। ਇਹ 'ਬੇਕਡ-ਕਾਰਬਨ' ਬੈਕਟੀਰੀਆ ਨੂੰ ਹੋਰ ਸੁਆਦੀ ਲੱਗਦਾ ਹੈ ਜਿਸ ਕਾਰਨ ਬੈਕਟੀਰੀਆ 40 ਫ਼ੀਸਦੀ ਵੱਧ ਕਾਰਬਨ ਨੂੰ ਕਾਰਬਨ ਡਾਈਆਕਸਾਈਡ ਵਿੱਚ ਬਦਲ ਕੇ ਵਾਤਾਵਰਨ ਨੂੰ ਪਲੀਤ ਕਰਦਾ ਹੈ। ਵਾਤਾਵਰਨ ਪ੍ਰਦੂਸ਼ਣ ਤਾਂ ਪਹਿਲਾਂ ਹੀ ਮਾਣ ਨਹੀਂ, ਇਸ ਉੱਭਰ ਰਹੇ ਪ੍ਰਦੂਸ਼ਣ ਨੂੰ ਕਿਵੇਂ ਕੰਟਰੋਲ ਕੀਤਾ ਜਾ ਸਕੇਗਾ?

ਧਰਤੀ ਦਾ ਉੱਤਰੀ ਧਰੁਵੀ ਖੇਤਰ-'ਆਰਕਟਿਕ' ਇੱਕ ਮਹਾਂਸਾਗਰ ਹੈ, ਜੋ ਮੈਦਾਨੀ ਭਾਗ ਨਾਲ ਘਿਰਿਆ ਹੈ। ਬਰਫ਼ੀਲੀ ਚਾਦਰ ਨਾਲ ਢਕੇ ਹੋਏ ਆਰਕਟਿਕ ਦੇ ਮੈਦਾਨੀ ਅਤੇ ਸਮੁੰਦਰੀ ਖੇਤਰ ਦੇ ਦੱਖਣ 'ਚ ਉੱਤਰੀ ਅਮਰੀਕਾ, ਯੂਰੇਸ਼ੀਆ ਅਤੇ ਬਰਫ਼ੀਲੇ ਜੰਗਲਾਂ ਤਕ ਫੈਲਿਆ ਹੋਇਆ ਹੈ।

ਮੈਦਾਨੀ ਖੇਤਰ ਪਰਮਾਫਰਾਸਟ ਨਾਲ ਲੁਕਿਆ ਹੋਇਆ ਹੈ। ਸ਼ੀਤ ਲਹਿਰਾਂ ਅਤੇ ਅਤਿ ਦੀ ਠੰਢ ਵਾਲੀਆਂ ਸਰਦੀਆਂ ਜਿਨ੍ਹਾਂ ਨੇ ਕਦੇ ਸੂਰਜ ਦਾ ਮੂੰਹ ਨਹੀਂ ਤੱਕਿਆ ਅਤੇ ਉਹ ਗਰਮੀਆਂ, ਜਿਨ੍ਹਾਂ ਨੇ ਕਦੇ ਸਰਦੀਆਂ ਦਾ ਅੰਤ ਨਹੀਂ ਦੇਖਿਆ ਲਈ ਪ੍ਰਸਿੱਧ ਆਰਕਟਿਕ ਵਿਖੇ ਬਰਫ਼ ਦਾ ਪਿਘਲਾਅ ਭਾਵੇਂ ਸਾਡੇ ਤੋਂ ਹਜ਼ਾਰਾਂ ਮੀਲ ਦੂਰ ਹੋ ਰਿਹਾ ਹੈ ਪਰ ਇਸ ਦਾ ਪ੍ਰਭਾਵ ਸਾਡੇ ਮੌਸਮ 'ਤੇ ਪੈ ਰਿਹਾ ਹੈ। ਜਿਉਂ-ਜਿਉਂ ਬਰਫ਼ ਪਿਘਲੇਗੀ, ਖੁੱਲ੍ਹਾ ਪਾਣੀ ਹੋਰ ਐਕਸਪੋਜ਼ ਹੁੰਦਾ ਜਾਵੇਗਾ। ਸਿੱਟੇ ਵਜੋਂ ਸਮੁੰਦਰ ਵਿੱਚ ਜਲਵਾਸ਼ਪ ਅਤੇ ਤਾਪ ਊਰਜਾ ਨੂੰ ਵਾਯੂਮੰਡਲ ਵਿੱਚ ਜਾਣ ਦੀ ਆਜ਼ਾਦੀ ਮਿਲ ਜਾਵੇਗੀ ਜੋ ਤੂਫ਼ਾਨ ਅਤੇ ਤਪਸ਼ ਵਿੱਚ ਵਾਧਾ ਕਰੇਗੀ। ਇੱਥੇ ਹੀ ਬੱਸ ਨਹੀਂ, ਉੱਤਰੀ ਗੋਲਾਰਧ ਦਾ ਤਾਪਮਾਨ ਵੀ ਵਧੇਗਾ ਅਤੇ ਗਲੋਬ ਅੰਦਰ ਵਿੰਗ-ਵਲਾਵੇਂ ਵਾਲੀਆਂ ਨਦੀਆਂ ਵੀ ਪ੍ਰਭਾਵਿਤ ਹੋ ਸਕਦੀਆਂ ਹਨ। ਸੋਕਾ, ਸ਼ੀਤ ਹਵਾਵਾਂ, ਗਰਮ ਧਾਰਾਵਾਂ, ਹੜ੍ਹਾਂ ਵਰਗੇ ਕਹਿਰ ਆਮ ਵਾਂਗ ਹੋ ਜਾਣਗੇ।

ਆਰਕਟਿਕ ਬਰਫ਼ ਪਿਘਲਣ ਨਾਲ ਪੈ ਰਹੇ ਹੋਰ ਪ੍ਰਭਾਵ:

× ਆਰਕਟਿਕ ਨੇ ਵਿਗਿਆਨੀਆਂ ਨੂੰ ਸਭ ਤੋਂ ਵੱਧ ਆਕਰਸ਼ਿਤ ਕੀਤਾ ਹੈ ਕਿਉਂਕਿ ਤਪਸ਼ ਸੰਵੇਦਨਸ਼ੀਲਤਾ ਅਤੇ ਮੌਸਮੀ ਪਰਿਵਰਤਨਾਂ ਨੂੰ ਵਧਾਉਣ ਵਿੱਚ ਇਸ ਦੀ ਅਹਿਮ ਭੂਮਿਕਾ ਹੋਣ ਕਾਰਨ ਆਰਕਟਿਕ ਬਰਫ਼ ਨੂੰ ਮੁੱਢ ਤੋਂ ਹੀ ਜਲਵਾਯੂ ਪਰਿਵਰਤਨ ਦਾ ਮੁੱਖ ਸੂਚਕ ਸਮਝਿਆ ਜਾਂਦਾ ਰਿਹਾ ਹੈ। ਇਸ ਬਰਫ਼ ਤੋਂ ਬਗੈਰ ਪੂਰੇ ਵਿਸ਼ਵ ਦੇ ਪਰਿਸਥਿਤਿਕ ਪ੍ਰਬੰਧਾਂ ਦਾ ਤਾਣਾ ਬਾਣਾ ਉਲਝ ਕੇ ਰਹਿ ਜਾਵੇਗਾ।

× ਆਰਕਟਿਕ ਬਨਸਪਤੀ ਹਜ਼ਾਰਾਂ ਸਾਲਾਂ ਤੋਂ ਮਨਫ਼ੀ ਤਾਪਮਾਨ 'ਤੇ ਹੀ ਉੱਗਦੀ ਆਈ ਹੈ। ਪ੍ਰਜਣਨ ਕਿਰਿਆ, ਪੌਸ਼ਟਿਕ ਤੱਤਾਂ ਦੀ ਪ੍ਰਾਪਤੀ ਅਤੇ ਵਿਕਾਸ ਇਸੇ ਤਾਪਮਾਨ 'ਤੇ ਹੀ ਸੰਭਵ ਹੈ ਪਰ ਹੁਣ ਬਰਫ਼ ਦੀ ਘਾਟ ਕਾਰਨ ਰੁੱਤਾਂ 'ਚ ਬਦਲਾਅ, ਅਵਖੇਪਣ-ਪੈਟਰਨ, ਮਿੱਟੀ ਦੀਆਂ ਡੂੰਘੀਆਂ ਪਰਤਾਂ ਅਤੇ ਵਧਦਾ ਖਣਿਜੀਕਰਨ ਅਤੇ ਨਿਖੇੜਨ ਦਰ ਨੇ ਇਨ੍ਹਾਂ ਰੁੱਖ-ਬੂਟਿਆਂ ਦੀ ਪੈਦਾਵਾਰ ਨੂੰ ਪ੍ਰਭਾਵਿਤ ਕੀਤਾ ਹੈ।

× ਜਿਉਂ-ਜਿਉਂ ਆਰਕਟਿਕ ਗਰਮਾ ਰਿਹਾ ਹੈ, ਦਰਖ਼ਤ ਰੇਖਾ ਉੱਤਰ ਵੱਲ ਨੂੰ ਵਧ ਰਹੀ ਹੈ ਜਿਸ ਨਾਲ ਉੱਥੇ ਪੁੰਗਰ ਰਹੀ ਬਨਸਪਤੀ ਵੀ ਪ੍ਰਭਾਵਿਤ ਹੋ ਰਹੀ ਹੈ। ਇਸ ਲਈ ਇਨ੍ਹਾਂ ਪੌਦਿਆਂ ਨੂੰ ਭੋਜਨ ਬਣਾਉਣ ਵਾਲੀਆਂ ਜਾਨਵਰ ਪ੍ਰਜਾਤਾਂ ਵੀ ਲਗਪਗ ਲੋਪ ਹੋ ਚੁੱਕੀਆਂ ਹਨ। ਜਿਵੇਂ ਕੀੜੇ, ਮੱਕੜੀਆਂ, ਥਣਧਾਰੀ ਜੀਵ, ਪੰਛੀ, ਸ਼ਾਕਾਹਾਰੀ ਰੇਂਡੀਅਰ, ਮਸਕ-ਆਕਸਨ (ਜੱਤਲ ਪਸ਼ੂ), ਸਹੇ, ਲੈਮਿੰਗਜ਼ (ਚੂਹਾਨੁਮਾ ਜਾਨਵਰ) ਦੀਆਂ ਚਰਾਗਾਹਾਂ 'ਤੇ ਸਰਦੀਆਂ 'ਚ ਬਰਫ਼ ਦੀ ਚਾਦਰ ਵਿਛੀ ਰਹੇਗੀ ਤਾਂ ਨਿਰਸੰਦੇਹ ਉਹ ਭੋਜਨ ਦੀ ਤੋਟ 'ਚ ਭੁੱਖੇ ਮਰ ਜਾਣਗੇ। ਲੂੰਮੜੀ ਅਤੇ ਬਘਿਆੜ ਭੋਜਨ ਲਈ ਲੈਮਿੰਗਜ਼ 'ਤੇ ਨਿਰਭਰ ਹਨ।

× ਪੋਲਰ ਬੀਅਰ, ਕਿਉਂਕਿ ਸੀਲਾਂ ਦੇ ਸ਼ਿਕਾਰ ਲਈ ਸਮੁੰਦਰੀ ਬਰਫ਼ 'ਤੇ ਨਿਰਭਰ ਕਰਦੇ ਹਨ ਅਤੇ ਬਰਫ਼ ਦੀ ਅਣਹੋਂਦ ਕਾਰਨ ਸੀਲਾਂ ਦੀ ਪਹੁੰਚ ਤੋਂ ਬਾਹਰ ਹੋ ਕੇ ਉਨ੍ਹਾਂ ਨੂੰ ਜਿਉਂਦਾ ਰਹਿਣਾ ਔਖਾ ਹੈ। ਪੰਛੀਆਂ ਨੂੰ ਆਲ੍ਹਣਿਆਂ ਲਈ ਕੋਈ ਰੁੱਤ ਜਾਂ ਥਾਂ-ਟਿਕਾਣਾ ਨਹੀਂ ਲੱਭਦਾ। ਮੱਛੀਆਂ ਅਤੇ ਹੋਰ ਸਮੁੰਦਰੀ ਜਾਨਵਰ ਸਾਰੇ ਹੀ ਮੁਸ਼ਕਲ ਸਥਿਤੀ ਵਿੱਚੋਂ ਗੁਜ਼ਰ ਰਹੇ ਹਨ।

× ਸਮੁੰਦਰ ਵਿੱਚ ਕਾਰਬਨ ਡਾਈਆਕਸਾਈਡ ਸੋਖਣ ਦੀ ਸਮਰੱਥਾ ਵੱਧ ਹੁੰਦੀ ਹੈ, ਜਿਸ ਨਾਲ ਇਸ ਦੀ ✤✫ ਜ਼ਿਆਦਾ ਤੇਜ਼ਾਬੀ ਹੋ ਜਾਂਦੀ ਹੈ, ਸੋ ਕੋਰਲ ਰੀਫ਼ ਜਾਂ ਕਰੜ ਖੋਲੀ ਜੀਵਾਂ ਵਰਗੇ ਚੂਨੇਦਾਰ ਜਾਨਵਰਾਂ 'ਤੇ ਹਾਨੀਕਾਰਕ ਪ੍ਰਭਾਵ ਪੈ ਰਹੇ ਹਨ।

× ਬਹੁਤ ਸਾਰੀਆਂ ਸੀਲ ਪ੍ਰਜਾਤੀਆਂ ਨੂੰ ਪ੍ਰਜਣਨ ਅਤੇ ਖੰਭ-ਝਾੜ ਸਮੇਂ ਬਰਫ਼ ਦੀ ਲੋੜ ਪੈਂਦੀ ਹੈ। ਸਮੁੰਦਰੀ ਥਣਧਾਰੀ ਜੀਵਾਂ ਵਿੱਚ ਅਨੇਕਾਂ ਜ਼ਹਿਰੀਲੇ ਤੱਤ ਪਾਏ ਜਾ ਰਹੇ ਹਨ ਜਿਸ ਕਾਰਨ ਉਨ੍ਹਾਂ ਦੀਆਂ ਪ੍ਰਜਣਨ ਸ਼ਕਤੀਆਂ ਤਕਰੀਬਨ ਖ਼ਤਮ ਹੋ ਚੁੱਕੀਆਂ ਹਨ। ਆਰਕਟਿਕ ਸਮਾਜ ਲਈ ਖ਼ਤਰਨਾਕ ਪਰਾਬੈਂਗਣੀ ਕਿਰਨਾਂ ਦਾ ਪੱਧਰ ਵੀ ਇੱਕ ਚੁਣੌਤੀ ਹੈ। ਆਰਕਟਿਕ ਖੇਤਰ ਦੇ ਸੰਤੁਲਨ ਵਿੱਚ ਵਿਗਾੜ ਪੈਣ ਕਾਰਨ ਸਮੁੱਚੇ ਸੰਸਾਰ ਦੀ ਭੋਜਨ-ਲੜੀ ਪ੍ਰਭਾਵਿਤ ਹੋ ਰਹੀ ਹੈ। ਇਸ ਤੋਂ ਇਲਾਵਾ ਕੁਝ ਹੋਰ ਖ਼ਤਰਿਆਂ ਬਾਰੇ ਹਾਲੇ ਸੋਚਿਆ ਵੀ ਨਹੀਂ ਗਿਆ। ਇਹ ਖ਼ਤਰੇ ਕਦੇ ਵੀ ਸਿਰ ਚੁੱਕ ਸਕਦੇ ਹਨ। ਇਨ੍ਹਾਂ ਲਈ ਪਹਿਲਾਂ ਤੋਂ ਹੀ ਸਾਵਧਾਨ ਰਹਿਣਾ ਜ਼ਰੂਰੀ ਹੈ, ਜਿਵੇਂ ਤਾਪਮਾਨ ਦਾ ਅਚਾਨਕ ਵਧਣਾ ਜਾਂ ਘਟਣਾ, ਆਲਮੀ ਜਲਵਾਯੂ ਵਿੱਚ ਅਸਾਧਾਰਨ ਵਿਵਹਾਰ ਆਦਿ। ਇਹ ਜਾਣਦੇ ਹੋਏ ਕਿ ਅਜਿਹੇ ਚਾਣਚੱਕ ਬਦਲਾਅ ਗੰਭੀਰ ਪਰਿਸਥਿਤੀਆਂ ਪੈਦਾ ਕਰ ਸਕਦੇ ਹਨ, ਅਸੀਂ ਅਜੇ ਤਕ ਇਨ੍ਹਾਂ ਸੰਭਾਵਨਾਵਾਂ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਕਰ ਸਕੇ ਹਾਂ।

ਦੁਨੀਆਂ ਭਰ ਵਿਚਲੇ ਗਰੀਨ ਹਾਊਸ ਗੈਸਾਂ ਦੇ ਉਤਸਰਜਨ ਦੇ ਮੁਕਾਬਲੇ ਬਹੁਤ ਘੱਟ ਫ਼ੀਸਦੀ ਆਰਕਟਿਕ ਅੰਦਰੋਂ ਨਿਕਲਦੀਆਂ ਹਨ ਪਰ ਆਰਕਟਿਕ ਜਲਵਾਯੂ 'ਚ ਸਭ ਤੋਂ ਵੱਧ ਬਦਲਾਅ ਮਨੁੱਖੀ ਕਿਰਿਆਵਾਂ ਦੁਆਰਾ ਹੀ ਹੋਏ ਹਨ। ਵਾਯੂਮੰਡਲ ਵਿੱਚ 35 ਫ਼ੀਸਦੀ ਕਾਰਬਨ ਡਾਈਆਕਸਾਈਡ ਦਾ ਵਧਣਾ ਉਦਯੋਗਿਕ ਕ੍ਰਾਂਤੀ ਦੀ ਦੇਣ ਹੈ ਅਤੇ ਜ਼ਿਆਦਾਤਰ ਮਾਤਰਾ ਪਥਰਾਟ ਬਾਲਣਾਂ ਅਤੇ ਜੰਗਲਾਂ ਦੀ ਕਟਾਈ ਕਾਰਨ ਵਧੀ ਹੈ। ਸਾਲ 2000 ਤੋਂ ਲੈ ਕੇ ਹੁਣ ਤਕ ਤਾਂ ਆਲਮੀ ਤਪਸ਼ ਸਭ ਹੱਦਾਂ ਬੰਨੇ ਟੱਪ ਚੁੱਕੀ ਹੈ। ਜੇ ਕਾਰਬਨ ਉਤਸਰਜਨ ਬਿਲਕੁਲ ਹੀ ਬੰਦ ਹੋ ਜਾਣ ਤਾਂ ਵੀ ਵਾਯੂਮੰਡਲ ਵਿੱਚੋਂ ਇਨ੍ਹਾਂ ਦਾ ਅਸਰ ਖ਼ਤਮ ਹੋਣ ਲਈ ਅਗਲੇ ਸੌ ਸਾਲ ਲੱਗ ਜਾਣਗੇ।

ਕੁਦਰਤੀ ਏਅਰ ਕੰਡੀਸ਼ਨਰ-'ਆਰਕਟਿਕ' ਆਲਮੀ ਤਪਸ਼ ਦੀ ਭੇਟ ਚੜ੍ਹ ਕੇ ਹੁਣ ਹਰਿਆਵਲ ਵੱਲ ਵਧ ਰਿਹਾ ਹੈ। ਹੁਣੇ ਜਿਹੇ ਪ੍ਰਕਾਸ਼ਤ ਨਾਸਾ-ਰਿਪੋਰਟਾਂ ਮੁਤਾਬਕ ਆਰਕਟਿਕ ਅੰਦਰ ਵਧ ਰਹੇ ਤਾਪਮਾਨ ਕਾਰਨ ਕਈ ਰੁੱਖ-ਬੂਟੇ ਅਤੇ ਨਵੀਂ ਕਿਸਮ ਦੀ ਹਰਿਆਵਲ ਪੁੰਗਰ ਰਹੀ ਹੈ, ਜੋ ਇਸ ਖੇਤਰ ਨੂੰ ਵੱਖਰੀ ਦਿੱਖ ਪ੍ਰਦਾਨ ਕਰ ਰਹੀ ਹੈ। ਇਹ ਵਧਦੀ ਹਰਿਆਵਲ ਤਪਸ਼ ਦੇ ਪ੍ਰਭਾਵ ਨੂੰ ਘਟਾ ਨਹੀਂ ਸਕੇਗੀ ਕਿਉਂਕਿ ਆਰਕਟਿਕ ਬਨਸਪਤੀ, ਵਾਯੂਮੰਡਲੀ ਕਾਰਬਨ ਡਾਈਆਕਸਾਈਡ ਨੂੰ ਬਹੁਤ ਹੌਲੀ ਸੋਖਦੀ ਹੈ। 'ਨੇਚਰ ਕਲਾਈਮੇਟ ਚੇਂਜ' ਮੁਤਾਬਕ '2050 ਤਕ ਇਹ ਬਨਸਪਤੀ ਚਾਦਰ ਆਰਕਟਿਕ ਉੱਤੇ 50 ਫ਼ੀਸਦੀ ਤਕ ਫੈਲ ਜਾਵੇਗੀ।' ਇਹ ਵੀ ਇੱਕ ਸਚਾਈ ਹੈ ਕਿ ਜ਼ਿਆਦਾ ਹਰਿਆਵਲ ਹੋਣ ਤੋਂ ਭਾਵ ਵਧੇਰੇ ਤਪਸ਼ ਹੈ ਕਿਉਂਕਿ ਜਦੋਂ ਸੂਰਜੀ ਕਿਰਨਾਂ ਬਰਫ਼ ਦੀ ਸਫ਼ੇਦ ਸਤਿਹ 'ਤੇ ਪੈਂਦੀਆਂ ਹਨ ਤਾਂ ਜ਼ਿਆਦਾਤਰ ਹਿੱਸਾ ਵਾਪਸ ਪੁਲਾੜ 'ਚ ਹੀ ਪਰਾਵਰਤਿਤ ਹੋ ਜਾਂਦਾ ਹੈ। ਇਸ ਤਰ੍ਹਾਂ ਠੰਢਕ ਬਣੀ ਰਹਿੰਦੀ ਹੈ ਪਰ ਜਦੋਂ ਇਹ ਕਿਰਨਾਂ ਹਰਿਆਲੀ ਸਤਿਹ 'ਤੇ ਪੈਂਦੀਆਂ ਹਨ ਤਾਂ ਵਧੇਰੇ ਹਿੱਸਾ ਸੋਖਿਆ ਜਾਂਦਾ ਹੈ ਅਤੇ ਸਤਿਹ ਦਾ ਤਾਪਮਾਨ ਵਧ ਜਾਂਦਾ ਹੈ ਜੋ ਜਲਵਾਯੂ ਪਰਿਵਰਤਨ ਲਈ ਯੋਗ ਫੀਡਬੈਕ ਦਾ ਕੰਮ ਕਰੇਗਾ।

ਵਿਗਿਆਨੀਆਂ ਵੱਲੋਂ ਕੀਤੇ ਜਾ ਰਹੇ ਉਪਰਾਲੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਲਈ ਅਮਲ ਵਿੱਚ ਲਿਆਉਣੇ ਬਹੁਤ ਜ਼ਰੂਰੀ ਹਨ। ਵਿਸ਼ਾਲ ਪੱਧਰ 'ਤੇ ਕਾਰਬਨ ਉਤਸਰਜਨਾਂ 'ਤੇ ਕਾਬੂ ਪਾਉਣ ਲਈ ਨਿਵੇਸ਼ ਹੋਣਾ ਚਾਹੀਦਾ ਹੈ ਤਾਂ ਜੋ ਘੱਟੋ-ਘੱਟ ਮਨੁੱਖਤਾ ਵੱਲੋਂ ਫੈਲਾਈ ਤਪਸ਼ ਦਾ ਰੁਖ਼ ਮੋੜਿਆ ਜਾ ਸਕੇ। ਜੇ ਇਸ ਭਿਆਨਕ ਖ਼ਤਰੇ ਤੋਂ ਬਚਣ ਲਈ ਵਿਗਿਆਨੀਆਂ ਵੱਲੋਂ ਠੋਸ ਰਣਨੀਤੀ ਤਿਆਰ ਕਰਨ ਹਿੱਤ ਆਰਕਟਿਕ ਇਤਿਹਾਸ ਦੀ ਕੇਸ ਸਟੱਡੀ ਦੀ ਵਰਤੋਂ ਕੀਤੀ ਜਾਵੇ ਤਾਂ ਇਹ ਚੁਣੌਤੀ ਵਿਕਰਾਲ ਰੂਪ ਧਾਰਨ ਨਹੀਂ ਕਰ ਸਕੇਗੀ। ਹਾਰਵਰਡ ਯੂਨੀਵਰਸਿਟੀ ਦੇ ਵਿਗਿਆਨੀ ਡੇਵਿਡ ਕੀਥ ਨੇ ਆਰਕਟਿਕ ਸਮੁੰਦਰੀ ਬਰਫ਼ ਨੂੰ ਦੁਬਾਰਾ ਜਮਾਉਣ ਲਈ ਕਈ ਜਲਵਾਯੂ ਮਾਡਲਾਂ ਦੀ ਸਿਫ਼ਾਰਿਸ਼ ਕੀਤੀ ਹੈ। ਜੇ ਆਰਕਟਿਕ ਵਾਯੂਮੰਡਲ ਵਿੱਚ ਕੁਝ ਅਜਿਹੇ ਕਣਾਂ ਨੂੰ ਇੰਜੈਕਟ ਕੀਤਾ ਜਾਵੇ ਜੋ ਇਸ 'ਤੇ ਪੈ ਰਹੀਆਂ ਸੂਰਜੀ ਕਿਰਨਾਂ ਨੂੰ ਸਤਹਿ 'ਤੇ ਪਹੁੰਚਣ ਤੋਂ ਪਹਿਲਾਂ ਹੀ ਪਰਾਵਰਤਿਤ ਕਰ ਦੇਣ ਤਾਂ ਸਿਰਫ਼ ਨਾਂ-ਮਾਤਰ ਸੂਰਜੀ ਊਰਜਾ ਨਾਲ ਆਰਕਟਿਕ 'ਤੇ ਮੁੜ ਤੋਂ ਬਰਫ਼ ਜਮਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ। ਇਸ ਵਿਗਿਆਨੀ ਦਾ ਦਾਅਵਾ ਹੈ ਕਿ ਜੇ ਆਰਕਟਿਕ 'ਤੇ ਪੈ ਰਹੀਆਂ ਸੂਰਜੀ ਕਿਰਨਾਂ ਦੀ ਮਾਤਰਾ ਸਿਰਫ਼ 0.5 ਫ਼ੀਸਦੀ ਵੀ ਘਟਾ ਲਈ ਜਾਵੇ ਤਾਂ ਪੂਰਵ ਉਦਯੋਗਿਕ ਯੁੱਗ ਵਾਲਾ ਆਰਕਟਿਕ ਸੁਭਾਇਮਾਨ ਹੋ ਸਕਦਾ ਹੈ। ਇਸ ਕੰਮ ਲਈ ਸਿਰਫ਼ ਅੱਠ ਬਿਲੀਅਨ ਡਾਲਰ ਸਾਲਾਨਾ ਖ਼ਰਚੇ 'ਤੇ ਅਤਿ-ਆਧੁਨਿਕ ਤਕਨੀਕ ਦੇ ਗਲਫ਼ ਸਟ੍ਰੀਮ ਜੈੱਟਾਂ ਦੀ ਜ਼ਰੂਰਤ ਪਵੇਗੀ।



- ਮਨਿੰਦਰ ਕੌਰ

ਅਜਿਹੇ ਉਪਰਾਲਿਆਂ ਦੇ ਨਤੀਜੇ ਜਾਂ ਆਰਕਟਿਕ ਬਰਫ਼ ਸਮਾਪਤ ਹੋਣ ਨਾਲ ਪੈਣ ਵਾਲੇ ਘਾਟਿਆਂ ਬਾਰੇ ਤਾਂ ਆਉਣ ਵਾਲਾ ਸਮਾਂ ਦੱਸੇਗਾ ਪਰ ਕੁਦਰਤੀ ਏ.ਸੀ. ਦਾ ਕੰਮ ਕਰਨ ਵਾਲੀ ਆਰਕਟਿਕ ਬਰਫ਼ ਨੂੰ ਬਚਾਉਣਾ ਅੱਜ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਇਸ ਚੁਣੌਤੀ ਨਾਲ ਇਕਜੁੱਟ ਹੋ ਕੇ ਆਪਸੀ ਸਹਿਯੋਗ ਕਰ ਕੇ ਨਜਿੱਠਿਆ ਜਾ ਸਕਦਾ ਹੈ।

ਆਰਕਟਿਕ ਨੂੰ ਮਨੁੱਖੀ ਲਾਲਸਾ ਅਤੇ ਆਲਮੀ ਤਪਸ਼ ਤੋਂ ਛੁਟਕਾਰਾ ਦਿਵਾਉਣ ਲਈ ਨਿੱਜੀ ਪੱਧਰ 'ਤੇ ਅੱਗੇ ਆਉਣਾ ਪਵੇਗਾ। ਪਥਰਾਟ ਬਾਲਣਾਂ 'ਤੇ ਨਿਰਭਰਤਾ ਘਟਾ ਕੇ ਕਾਰਬਨ-ਮੁਕਤ ਤਕਨਾਲੋਜੀ ਅਤੇ ਅਰਥਚਾਰੇ ਵੱਲ ਕਦਮ ਵਧਾਉਣ ਦੀ ਲੋੜ ਹੈ।

ਇਸ ਨਾਲ ਆਰਕਟਿਕ ਸਮੁੰਦਰੀ ਬਰਫ਼ ਦੇ ਪਿਘਲਾਅ ਦੀ ਦਰ ਘਟੇਗੀ। ਇਸ ਦੇ ਨਾਲ ਹੀ ਭਾਰਤ ਵਿੱਚ ਮੌਨਸੂਨ 'ਤੇ ਪੈ ਰਿਹਾ ਅਸਰ ਜਾਂ ਉਸ ਨਾਲ ਪ੍ਰਭਾਵਿਤ ਖੇਤੀਬਾੜੀ ਉਪਜ ਨੂੰ ਵੀ ਵਧਾਇਆ ਜਾ ਸਕਦਾ ਹੈ। ਆਓ, ਆਰਕਟਿਕ ਦਾ ਕੁਦਰਤੀ ਸੁਹੱਪਣ ਬਚਾਉਣ ਦਾ ਅਹਿਦ ਕਰਕੇ ਇਸ ਧਰਤੀ 'ਤੇ ਪ੍ਰਦੂਸ਼ਣ ਮੁਕਤ ਸਵੱਛ ਵਾਤਾਵਰਨ ਦਾ ਆਨੰਦ ਮਾਣੀਏ।



# ਪਾੜ੍ਹਿਆਂ 'ਚ ਘਟ ਰਹੀ ਸਹਿਣਸ਼ੀਲਤਾ

**ਬੱਸਾਂ ਰਾਹੀਂ ਜਾਣ ਨਾਲ ਜ਼ਿਆਦਾ ਸਮਾਂ ਬਰਬਾਦ ਹੁੰਦਾ ਸੀ ਕਿਉਂਕਿ ਜਾਣ ਵੇਲੇ ਕਾਫ਼ੀ ਸਮਾਂ ਪਹਿਲਾਂ ਜਾਣਾ ਪੈਂਦਾ ਸੀ ਅਤੇ ਵਾਪਸੀ 'ਤੇ ਕਾਫ਼ੀ ਸਮਾਂ ਬੱਸਾਂ ਦੀ ਉਡੀਕ ਕਰਨੀ ਪੈਂਦੀ ਸੀ। ਸਰਦੀਆਂ ਵਿੱਚ ਜ਼ਿਆਦਾ ਠੰਡ ਅਤੇ ਦਿਨ ਛੋਟੇ ਹੋਣ ਕਾਰਨ ਮੈਂ ਅਤੇ ਗੁਰਪ੍ਰੀਤ ਨੇ ਪਿੰਡ ਦੇ ਹੋਰ ਮੁੰਡਿਆਂ ਵਾਂਗ ਸ਼ਹਿਰ ਵਿੱਚ ਹੀ ਕਿਰਾਏ 'ਤੇ ਕਮਰਾ ਲੈ ਲਿਆ ਸੀ। ਰੋਟੀ ਅਤੇ ਦੁੱਧ ਪਿੰਡੋਂ**



ਗੱਲ ਸੰਨ 1972 ਦੀ ਹੈ। ਉਦੋਂ ਮੈਂ ਸਰਕਾਰੀ ਹਾਈ ਸਕੂਲ ਦੰਦਰਾਲਾ ਢੀਂਡਸਾ ਵਿਖੇ ਨੌਵੀਂ ਜਮਾਤ ਵਿੱਚ ਪੜ੍ਹਦਾ ਸਾਂ। ਮੇਰੇ ਦੋਸਤ ਗੁਰਪ੍ਰੀਤ ਦੇ ਪਿਤਾ ਜੀ ਮੇਰੀ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਪਿੰਡ ਦੇ ਸਰਪੰਚ ਸਨ। ਉਨ੍ਹਾਂ ਦਾ ਪਰਿਵਾਰ ਪਿੰਡ ਵਿੱਚ ਤਕੜੇ ਲਾਣੇ ਵਜੋਂ ਜਾਣਿਆ ਜਾਂਦਾ ਸੀ। ਇੱਕ ਦਿਨ ਗੁਰਪ੍ਰੀਤ ਨਾਲ ਦੇ ਮੁੰਡਿਆਂ ਨਾਲ ਸਕੂਲ ਦੀ ਕੰਧ ਟੱਪ ਕੇ ਫਿਰਨੀ ਦੇ ਨੇੜਲੇ ਖੂਹ 'ਤੇ ਚਲਿਆ ਗਿਆ। ਗੁਰਪ੍ਰੀਤ ਦੇ ਪਿਤਾ ਜੀ ਉਧਰੋਂ ਲੰਘ ਰਹੇ ਸਨ। ਗੁਰਪ੍ਰੀਤ ਨੂੰ ਦੇਖ ਕੇ ਉਨ੍ਹਾਂ ਨੂੰ ਗੁੱਸਾ ਆ ਗਿਆ। ਉਨ੍ਹਾਂ ਨੇ ਨੇੜਿਓਂ ਇੱਕ ਤੂਤ ਦੀ ਛਟੀ ਲੈ ਲਈ। ਬਸ, ਫੇਰ ਕੀ ਸੀ, ਉਨ੍ਹਾਂ ਨੇ ਗੁਰਪ੍ਰੀਤ ਨੂੰ ਬਾਹਰੋਂ ਹੀ ਕੁੱਟਦੇ ਲਿਆਏ ਅਤੇ ਸਕੂਲ ਵਿੱਚ ਹੈੱਡਮਾਸਟਰ ਸਾਹਮਣੇ ਗਿੱਟਿਆਂ ਨੂੰ ਛਾਂਗਦਿਆਂ ਲੇਰਾਂ ਕਢਵਾ ਦਿੱਤੀਆਂ। ਗੁਰਪ੍ਰੀਤ ਲਗਾਤਾਰ ਕਹਿ ਰਿਹਾ ਸੀ,"ਹਾਏ, ਬਾਪੂ, ਅੱਗੇ ਤੋਂ ਨਹੀਂ।" ਸਾਰੇ ਸਕੂਲ ਦੇ ਬੱਚਿਆਂ ਦੇ ਸਾਹ ਸੂਤੇ ਗਏ ਸਨ। ਹੈੱਡਮਾਸਟਰ ਤੋਂ ਵੱਖਰੀ ਕੁਟਾਈ ਕਰਵਾਈ ਪਰ ਅੱਜ ਜਦੋਂ ਅਸੀਂ ਮਾਪਿਆਂ ਅਤੇ ਬੱਚਿਆਂ ਵੱਲ ਵੇਖਦੇ ਹਾਂ ਤਾਂ ਨਾ ਤਾਂ ਮਾਪਿਆਂ ਦਾ ਹੀ ਏਨਾ ਜ਼ੇਰਾ ਹੈ ਅਤੇ ਨਾ ਹੀ ਬੱਚੇ ਅੰਦਰ ਹੀ ਏਨੀ ਬਰਦਾਸ਼ਤ ਸ਼ਕਤੀ ਹੈ।

ਮੈਟ੍ਰਿਕ ਪਾਸ ਕਰਨ ਤੋਂ ਬਾਅਦ ਅਸੀਂ ਤਿੰਨ ਜਣਿਆਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖ਼ਲਾ ਲੈ ਲਿਆ। ਪਿੰਡ ਤੋਂ ਸ਼ਹਿਰ ਤਕਰੀਬਨ 16-17 ਕਿਲੋਮੀਟਰ ਸੀ। ਅਸੀਂ ਸਾਈਕਲਾਂ ਉੱਤੇ ਹੀ ਕਾਲਜ ਜਾਂਦੇ ਸਾਂ। ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐੱਸ.ਯੂ) ਦਾ ਉਨ੍ਹਾਂ ਦਿਨਾਂ ਵਿੱਚ ਬਹੁਤ ਜ਼ੋਰ ਸੀ। ਵਿਦਿਆਰਥੀਆਂ ਦੇ ਰਿਆਇਤੀ ਦਰਾਂ 'ਤੇ ਸਟੂਡੈਂਟਸ ਬੱਸ ਪਾਸ ਬਣਾਉਣ ਦੀ ਮੰਗ ਸਰਕਾਰ ਨੇ ਮੰਨ ਲਈ ਸੀ। ਅਸੀਂ ਪਾਸ ਬਣਾ ਕੇ ਕਾਲਜ ਬੱਸ ਰਾਹੀਂ ਜਾਣਾ ਸ਼ੁਰੂ ਕਰ ਦਿੱਤਾ। ਬੱਸਾਂ ਰਾਹੀਂ ਜਾਣ ਨਾਲ ਜ਼ਿਆਦਾ ਸਮਾਂ ਬਰਬਾਦ ਹੁੰਦਾ ਸੀ ਕਿਉਂਕਿ ਜਾਣ ਵੇਲੇ ਕਾਫ਼ੀ ਸਮਾਂ ਪਹਿਲਾਂ ਜਾਣਾ ਪੈਂਦਾ ਸੀ ਅਤੇ ਵਾਪਸੀ 'ਤੇ ਕਾਫ਼ੀ ਸਮਾਂ ਬੱਸਾਂ ਦੀ ਉਡੀਕ ਕਰਨੀ ਪੈਂਦੀ ਸੀ। ਸਰਦੀਆਂ ਵਿੱਚ ਜ਼ਿਆਦਾ ਠੰਡ ਅਤੇ ਦਿਨ ਛੋਟੇ ਹੋਣ ਕਾਰਨ ਮੈਂ ਅਤੇ ਗੁਰਪ੍ਰੀਤ ਨੇ ਪਿੰਡ ਦੇ ਹੋਰ ਮੁੰਡਿਆਂ ਵਾਂਗ ਸ਼ਹਿਰ ਵਿੱਚ ਹੀ ਕਿਰਾਏ 'ਤੇ ਕਮਰਾ ਲੈ ਲਿਆ ਸੀ। ਰੋਟੀ ਅਤੇ ਦੁੱਧ ਪਿੰਡੋਂ ਆ ਜਾਂਦਾ ਸੀ। ਸਾਨੂੰ ਹਫ਼ਤੇ ਦਾ ਖਰਚ 20 ਤੋਂ 25 ਰੁਪਏ ਤਕ ਹੀ ਮਿਲਦਾ ਸੀ, ਜਿਸ ਨਾਲ ਅਸੀਂ ਆਪਣੇ ਸਾਰੇ ਖਰਚ ਚਲਾਉਂਦੇ ਸਾਂ ਅਤੇ ਕਈ ਵਾਰ ਵਿੱਚੋਂ ਹੀ ਫ਼ਿਲਮ ਵੀ ਵੇਖ ਲੈਂਦੇ ਸਾਂ।ਗੁਰਪ੍ਰੀਤ ਦੇ ਵੱਡੇ ਭਰਾ ਦਾ ਵਿਆਹ ਹੋ ਚੁੱਕਿਆ ਸੀ। ਉਸ ਨੂੰ ਵਿਆਹ 'ਚ 'ਰਾਜਦੂਤ' ਮੋਟਰਸਾਈਕਲ ਮਿਲਿਆ ਸੀ। ਸ਼ਾਇਦ ਪਿੰਡ ਵਿੱਚ ਉਸ ਸਮੇਂ ਕਿਸੇ ਵੀ ਘਰ ਵਿੱਚ ਸਕੂਟਰ ਜਾਂ ਮੋਟਰਸਾਈਕਲ ਨਹੀਂ ਸੀ। ਯੂਨੀਵਰਸਿਟੀ ਵੱਲੋਂ ਕੁਝ ਕਲਾਸਾਂ ਦੀ ਸਾਲਾਨਾ ਪ੍ਰੀਖਿਆ ਸਵੇਰੇ ਅਤੇ ਕੁਝ ਦੀ ਸ਼ਾਮ ਵੇਲੇ ਲਈ ਜਾਂਦੀ ਸੀ। ਪਹਿਲੇ ਸਾਲ ਪ੍ਰੈੱਪ ਦੇ ਪੇਪਰ ਸਵੇਰੇ ਹੋਣ ਕਾਰਨ ਪਿੰਡੋਂ ਪੇਪਰ ਦੇਣ ਜਾਣ 'ਚ ਕੋਈ ਦਿੱਕਤ ਨਹੀਂ ਹੋਈ ਪਰ ਬੀ.ਏ. ਭਾਗ ਦੂਜਾ ਦੇ ਪੇਪਰ ਸ਼ਾਮ ਸਮੇਂ ਹੋਣੇ ਸਨ। ਪਿੰਡ ਨੂੰ 5 ਵਜੇ ਤੋਂ ਬਾਅਦ ਕੋਈ ਬੱਸ ਨਹੀਂ ਜਾਂਦੀ ਸੀ। ਗੁਰਪ੍ਰੀਤ ਦੇ ਪਿਤਾ ਜੀ ਨੇ ਸਾਡੇ ਦੋਵਾਂ ਦੇ ਮੋਟਰਸਾਈਕਲ 'ਤੇ ਆਪ ਪੇਪਰ ਦਿਵਾਏ। ਗੁਰਪ੍ਰੀਤ ਭਾਵੇਂ ਮੋਟਰਸਾਈਕਲ ਚਲਾਉਣਾ ਜਾਣਦਾ ਸੀ ਪਰ ਉਸ ਦੀ ਏਨੀ ਜ਼ੁਅਰਤ ਨਹੀਂ ਸੀ ਕਿ ਉਹ ਉਨ੍ਹਾਂ ਤੋਂ ਮੋਟਰਸਾਈਕਲ ਮੰਗ ਲੈਂਦਾ।

ਐੱਮ.ਏ. 'ਚ ਪੜ੍ਹਦੇ ਗੁਰਪ੍ਰੀਤ ਦਾ ਰਿਸ਼ਤਾ ਕੈਨੇਡਾ 'ਚ ਹੋ ਗਿਆ ਸੀ। ਜਦੋਂ ਉਹ ਪਹਿਲੀ ਵਾਰ ਭਾਰਤ ਆਇਆ ਤਾਂ ਕੰਮ-ਕਾਰ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਗੱਡੀ ਰਾਹੀਂ ਸਟੋਰਾਂ 'ਤੇ ਸਮਾਨ ਪਹੁੰਚਾਉਣ ਦਾ ਕੰਮ ਕਰਦਾ ਹੈ। ਭਾਵੇਂ ਉਸ ਲਈ ਆਪਣੇ ਦੇਸ਼ ਵਿੱਚ ਹੀ ਵਧੀਆ ਕਾਰੋਬਾਰ ਚਲਾਉਣ ਦੀ ਗੁੰਜਾਇਸ਼ ਸੀ ਪਰ ਉਹ ਉਧਰਲੇ ਅਨੁਸ਼ਾਸ਼ਿਤ ਸਮਾਜ ਤੋਂ ਏਨਾ ਜ਼ਿਆਦਾ ਪ੍ਰਭਾਵਿਤ ਸੀ ਕਿ ਉਹ ਉਧਰ ਦਾ ਹੀ ਹੋ ਕੇ ਰਹਿ ਗਿਆ ਹੈ। ਅੱਜ ਜਦੋਂ ਹੁਣ ਦੇ ਪਾੜ੍ਹਿਆਂ ਬਾਰੇ ਸੋਚੀਦਾ ਹੈ ਤਾਂ ਮਨ ਵਿੱਚ ਬਹੁਤ ਸਾਰੇ ਪ੍ਰਸ਼ਨ ਉੱਠਦੇ ਹਨ ਜਿਵੇਂ ਕਿ ਅੱਜ ਬੱਚਿਆਂ ਅੰਦਰ ਮਾਂ-ਬਾਪ ਅਤੇ ਅਧਿਆਪਕਾਂ ਪ੍ਰਤੀ ਵਤੀਰਾ ਏਨਾ ਕਿਉਂ ਬਦਲ ਚੁੱਕਿਆ ਹੈ ? ਅੱਜ ਦੇ ਬੱਚੇ ਨੂੰ ਭਾਵੇਂ ਮਾਪੇ ਮੋਟਰਸਾਈਕਲ, ਮੋਬਾਈਲ, ਕੰਪਿਊਟਰ ਅਤੇ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕਰਦੇ ਹਨ ਪਰ ਬੱਚਿਆਂ ਅੰਦਰ ਸਤਿਕਾਰ ਅਤੇ ਸਹਿਣਸ਼ੀਲਤਾ ਦੀ ਭਾਵਨਾ ਲੋਪ ਹੁੰਦੀ ਜਾ ਰਹੀ ਹੈ। ਅਧਿਆਪਕ ਅਤੇ ਮਾਪੇ ਬੱਚੇ ਨੂੰ ਸਰੀਰਕ ਸਜ਼ਾ ਤਾਂ ਕੀ, ਉਸ ਦੇ ਕਸੂਰ 'ਤੇ ਬੁਰਾ-ਭਲਾ ਕਹਿਣ ਤੋਂ ਵੀ ਸੰਕੋਚ ਕਰਨ ਲੱਗ ਪਏ ਹਨ ਕਿਉਂਕਿ ਕਈ ਵਾਰ ਬੱਚਿਆਂ ਨੇ ਬਿਨਾਂ ਸੋਚੇ-ਸਮਝੇ ਗਲਤ ਕਦਮ ਚੁੱਕੇ ਹਨ। ਅਜੋਕੇ ਬੱਚੇ ਅਧਿਆਪਕ ਅਤੇ ਮਾਪਿਆਂ ਲਈ ਵੱਡੀ ਚੁਣੌਤੀ ਬਣ ਕੇ ਸਾਹਮਣੇ ਆ ਰਹੇ ਹਨ ਜਿਸ ਬਾਰੇ ਸਾਡੇ ਸਮਾਜ ਤੇ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। **- ਮੇਜਰ ਸਿੰਘ ਨਾਭਾ**

# ਨਾਨਕੇ ਘਰ ਦੀਆਂ ਮੌਜਾਂ



ਪਿੰਡ ਦੇ ਬੱਚਿਆਂ ਨੂੰ ਪੇਪਰ ਦੇ ਕੇ ਵਿਹਲੇ ਹੋਣਾ ਵਧੀਆ ਲੱਗਦਾ ਹੈ। ਅਸਲ ਵਿੱਚ ਇਨ੍ਹੀਂ-ਦਿਨੀਂ ਮੌਸਮ ਵਧੀਆ ਹੋਣ ਕਰਕੇ ਤੁਰਨ-ਫਿਰਨ ਅਤੇ ਖੇਡਣ-ਮੱਲ਼ਣ ਨੂੰ ਜੀਅ ਕਰਦਾ ਹੈ। ਪੇਪਰ ਖਤਮ ਹੋਣ ਤੋਂ ਲੈ ਕੇ ਨਤੀਜਾ ਆਉਣ ਤਕ ਜੋ 10 ਕੁ ਦਿਨ ਹੁੰਦੇ ਹਨ ਉਨ੍ਹਾਂ ਦਿਨਾਂ ਵਿੱਚ ਬੱਚੇ ਆਪਣੇ ਨਾਨਕੇ ਘਰ, ਮਾਸੀ ਕੋਲ ਜਾਂ ਹੋਰ ਕਿਸੇ ਰਿਸ਼ਤੇਦਾਰ ਕੋਲ ਜਾਣ ਦੀ ਜ਼ਿੱਦ ਕਰਦੇ ਹਨ। ਬੱਚਿਆਂ ਦੀਆਂ ਮਾਵਾਂ ਨੂੰ ਵੀ ਆਪਣੇ ਪੇਕੇ ਘਰ ਗੇੜਾ ਮਾਰਨ ਦਾ ਬਹਾਨਾ ਮਿਲ ਜਾਂਦਾ ਹੈ।ਪਹਿਲੇ ਸਮਿਆਂ ਵਿੱਚ ਛੁੱਟੀਆਂ ਦੌਰਾਨ ਨਾਨਕੇ ਘਰ ਮੇਲੇ ਵਰਗਾ ਮਾਹੌਲ ਹੁੰਦਾ ਸੀ। ਜਦੋਂ ਤਿੰਨ ਚਾਰ ਮਾਸੀਆਂ ਆਪੋ-ਆਪਣੇ ਬੱਚਿਆਂ ਨੂੰ ਲੈ ਕੇ ਨਾਨਕੇ ਘਰ ਪੁੱਜ ਜਾਂਦੀਆਂ। ਨਾਨਕੇ ਘਰ ਉਨ੍ਹਾਂ ਦੀ ਉਡੀਕ ਪਹਿਲਾਂ ਤੋਂ ਹੀ ਹੁੰਦੀ। ਨਾਨੀ ਪਹਿਲਾਂ ਹੀ ਤਿਆਰੀ ਕਰੀ ਰੱਖਦੀ ਹੈ ਤੇ ਮਾਮਾ-ਮਾਮੀ ਨੂੰ ਆਓ ਭਗਤ ਲਈ ਸਮਝਾਉਂਦੀ। ਮਾਸੀਆਂ ਇੱਕ ਦੂਜੀ ਨੂੰ ਮਿਲ ਕੇ ਖ਼ੁਸ਼ ਹੁੰਦੀਆਂ ਤੇ ਆਪਣੀ ਬੇਬੇ ਨਾਲ ਦੁੱਖ-ਸੁੱਖ ਸਾਂਝਾ ਕਰਕੇ ਹੌਲੀਆਂ ਹੋ ਜਾਂਦੀਆਂ। ਇਸ ਰੁੱਤ ਵਿੱਚ ਤੁਰਨ-ਫਿਰਨ ਦਾ ਚਾਅ ਵੀ ਪੂਰਾ ਹੋ ਜਾਂਦਾ। ਨਿਆਣੇ ਇੱਥੇ ਆ ਕੇ ਖ਼ੂਬ ਭੜਥੂ ਪਾਉਂਦੇ, ਇੱਕ ਦੂਜੇ ਦਾ ਕੁੱਟ-ਕੁਟਾਪਾ ਕਰੀ ਰੱਖਦੇ। ਜਿਧਰ ਨੂੰ ਜਾਂਦੇ ਸਾਰੇ ਇਕੱਠੇ ਹੀ ਸ਼ੂਟਾਂ ਵੱਟਦੇ। ਗਲੀ-ਗੁਆਂਢ ਜਵਾਕਾਂ ਨਾਲ ਰਲ ਕੇ ਖੇਡਦੇ, ਕਦੇ ਉਨ੍ਹਾਂ ਦੇ ਘਰ ਜਾ ਵੜਦੇ ਤੇ ਉੱਥੇ ਖੇਡਣ ਲੱਗਦੇ। ਉੱਥੇ ਈ ਖਾ ਪੀ ਛੱਡਦੇ, ਸੌਣ ਦਾ ਢੌਂਕਾ ਵੀ ਲਾ ਲੈਂਦੇ ਤੇ ਫਿਰ ਦੁੜੰਗੇ ਮਾਰਦੇ ਘਰ ਆ ਵੜਦੇ। ਨਾਨਕੀਂ ਆ ਕੇ ਪੂਰੀ ਆਜ਼ਾਦੀ ਹੁੰਦੀ ਕਿ ਸਵੇਰੇ ਬਿਸਤਰੇ ਵਿੱਚੋਂ ਜਦੋਂ ਮਰਜ਼ੀ ਉੱਠੋ, ਜਦੋਂ ਮਰਜ਼ੀ ਨਹਾਵੋ-ਧੋਵੋ, ਜਦੋਂ ਮਰਜ਼ੀ ਖਾਓ-ਪੀਓ ਤੇ ਜਿਸ ਘਰ ਮਰਜ਼ੀ ਖੇਡ ਆਵੋ। ਸਾਰਾ ਪਿੰਡ ਆਪਣਾ ਲੱਗਦਾ। ਗਲੀ-ਗੁਆਂਢ ਵੀ ਬੱਚਿਆਂ ਨੂੰ ਪਿਆਰ ਕਰਦੇ,ਖਵਾਉਂਦੇ-ਪਿਆਉਂਦੇ ਤੇ ਘਰਾਂ ਵਿੱਚ ਖੇਡਣ ਤੋਂ ਨਾ ਰੋਕਦੇ। ਕਈ ਵੇਰ ਸਾਰੀ ਢਾਣੀ ਮਾਮੇ ਨਾਲ ਗੱਡੇ ਉੱਤੇ ਬੈਠ ਖੇਤਾਂ ਨੂੰ ਜਾਂਦੀ। ਉੱਥੇ ਬਰਸੀਮ ਵੱਢਣੀ, ਖੂਹ 'ਤੇ ਨਹਾਉਣਾ, ਸਬਜ਼ੀ ਵਾਲੀ ਕਿਆਰੀ ਨੂੰ ਪਾਣੀ ਲਾਉਣਾ, ਏਧਰ-ਓਧਰ ਵੱਟਾਂ 'ਤੇ ਭੱਜਣਾ ਚੰਗਾ ਲੱਗਦਾ। ਆਪਣੇ ਖੇਤ, ਦਰੱਖਤ, ਖ਼ੂਹ, ਫ਼ਸਲਾਂ, ਸਬਜ਼ੀਆਂ ਵੇਖ ਕੇ ਮਾਣ ਮਹਿਸੂਸ ਕਰਨਾ। ਗੱਡੇ 'ਤੇ ਬਰਸੀਮ ਲੱਦ ਕੇ ਮੁੜਨਾ ਤਾਂ ਮਾਮੇ ਨੇ ਭੂਤਾਂ ਦੀਆਂ, ਚੁੜੇਲਾਂ ਵਾਲੇ ਖੂਹ ਦੀਆਂ, ਦਿਓ ਦੀਆਂ ਗੱਲਾਂ ਛੇੜ ਲੈਣੀਆਂ। ਸੁਣ ਕੇ ਡਰ ਲੱਗਣਾ ਪਰ ਹੋਰ ਜਾਨਣ ਦੀ ਤਾਂਘ ਵੀ ਹੋਣੀ। ਕਈ ਵੇਰ ਰਾਜੇ-ਰਾਣੀਆਂ, ਮਹੱਲਾਂ ਤੇ ਪਰੀਆਂ ਦੀਆਂ ਮਨਘੜਤ ਕਹਾਣੀਆਂ ਸੁਣਾ ਕੇ ਮਾਮਾ ਸਭ ਦਾ ਮਨ ਲਾਈ ਰੱਖਦਾ। ਮਾਮਾ ਵੀ ਕਈ ਵੇਰ ਨਿਆਣਿਆਂ ਨਾਲ ਨਿਆਣਾ ਬਣ ਕੇ ਖੇਡਣ ਲੱਗਦਾ। ਛੂਹ-ਛੁਹਾਈ, ਘੋਲ ਕਰਨਾ ਤੇ ਲੁਕਣ-ਮੀਟੀ ਆਮ ਚਲਦੇ।ਨਾਨੀ ਦਾ ਸੰਦੂਕ ਵੇਖਣ ਦਾ ਚਾਅ ਬੱਚਿਆਂ ਨੂੰ ਇੱਕ ਦੂਜੇ ਦੇ ਮੂਹਰੇ ਲਿਆ ਖਲ੍ਹਾਰਦਾ। ਸ ਵਿੱਚੋਂ ਕੱਢੀਆਂ ਸੋਹਣੀਆਂ ਪੱਖੀਆਂ, ਸਿਰਹਾਣੇ, ਚਾਦਰਾਂ, ਖੇਸ, ਗੱਦੇ ਆਦਿ ਸਾਰੇ ਪਾਸੇ ਸੁਗੰਧੀ ਖਿਲਾਰ ਦਿੰਦੇ। ਕਈ ਛੋਟੇ ਨਿਆਣੇ ਤਾਂ ਦਾਅ ਲਾ ਕੇ ਸੰਦੂਕ ਦੇ ਵਿੱਚ ਵੜ ਜਾਂਦੇ ਤੇ ਖ਼ੁਸ਼ ਹੁੰਦੇ। ਹਰ ਰੋਜ਼ ਨਵੇਂ ਪਕਵਾਨ ਖਾਣ ਨੂੰ ਮਿਲਦੇ। ਕੜਾਹ, ਖੀਰ, ਸ਼ੱਕਰ-ਘਿਓ, ਸੇਵੀਆਂ, ਦਲੀਆ, ਗੁਲਗੁਲੇ, ਪਕੌੜੇ ਬੜੇ ਸਵਾਦ ਲੱਗਦੇ। ਨਾਨੀ ਨਾਲ ਸੌਣ ਵਾਸਤੇ ਇੱਕ ਦੂਜੇ ਨਾਲ ਲੜਨਾ ਤੇ ਮੰਜੇ ਜੋੜ ਕੇ ਬਾਤਾਂ ਸੁਣਨੀਆਂ, ਬੁਝਾਰਤਾਂ ਬੁਝਣੀਆਂ, ਤਾਰਿਆਂ ਵਿੱਚੋਂ ਧਰੂ ਤਾਰਾ ਲੱਭਣਾ। ਜੇ ਕਦੇ ਰਾਕਟ ਦਿੱਸ ਜਾਣਾ ਤਾਂ ਖ਼ੁਸ਼ੀ ਵਿੱਚ ਰੌਲਾ ਪਾ ਕੇ ਸਭ ਨੂੰ ਦੱਸਣਾ। ਨਾਨਕੀਂ ਆ ਕੇ ਪਤਾ ਈ ਨਾ ਲੱਗਦਾ ਕਿ 10-15 ਦਿਨ ਕਿੰਨੀ ਛੇਤੀ ਲੰਘ ਗਏ। ਜਾਣ ਦੀ ਤਿਆਰੀ ਵੇਲੇ ਪੈਰ ਭਾਰੇ ਭਾਰੇ ਲੱਗਦੇ, ਮਨ ਉਦਾਸ ਹੁੰਦਾ ਤੇ ਕੁਝ ਵੀ ਚੰਗਾ ਨਾ ਲੱਗਦਾ। ਮਾਂ ਤੇ ਮਾਸੀਆਂ ਵੀ ਏਨੇ ਕੁ ਦਿਨ ਰਹਿ ਕੇ ਤਰੋਤਾਜ਼ਾ ਹੋ ਜਾਂਦੀਆਂ।

ਦੋਵਾਂ ਧਿਰਾਂ ਦੇ ਚਿਹਰੇ ਸੰਤੁਸ਼ਟ, ਖ਼ੁਸ਼ ਤੇ ਖਿੜੇ-ਖਿੜੇ ਲੱਗਦੇ। ਤੁਰਨ ਵੇਲੇ ਨਾਨਕੇ ਘਰੋਂ ਕਈ ਚੀਜ਼ਾਂ ਪਸੰਦ ਹੋਣ ਕਰਕੇ ਜ਼ੋਰ ਨਾਲ, ਮਾਣ ਨਾਲ ਜਾਂ ਅਧਿਕਾਰ ਨਾਲ ਲੈ ਆਉਣੀਆਂ। ਨਾਨੀ ਵੀ ਸਾਡੀ ਮਾਂ ਤੇ ਮਾਸੀਆਂ ਨੂੰ ਨਵੇਂ ਸੂਟ, ਖੇਸ, ਸਾਡੇ ਕੱਪੜੇ, ਸ਼ੱਕਰ, ਤੇਲ, ਚੌਲ, ਜੋ ਵੀ ਸਰਦਾ ਪਿਆਰ ਨਾਲ ਸਭ ਨੂੰ ਬਰਾਬਰ ਦਿੰਦੀ। ਨਾਨਾ ਵਿੱਤ ਅਨੁਸਾਰ ਸਭ ਨੂੰ ਪੈਸੇ ਦਿੰਦਾ। ਸਾਰੇ ਬੱਸ ਅੱਡੇ ਤਕ ਜਾਂਦੇ ਤੇ ਬੱਸ ਚੜ੍ਹਾ ਕੇ ਵਾਪਸ ਮੁੜਦੇ। ਘਰ ਮੁੜ ਆਉਂਦੇ ਤਾਂ ਜੀਅ ਨਾ ਲੱਗਦਾ, ਨਾਨਕੇ ਪਿੰਡ ਦੇ ਸੁਪਨੇ ਆਉਂਦੇ ਰਹਿੰਦੇ, ਮਹੀਨਾ-ਮਹੀਨਾ ਨਾਨਕੇ ਪਿੰਡ ਦੀਆਂ ਗੱਲਾਂ ਨਾ ਮੁੱਕਦੀਆਂ।

ਅਗਲੀ ਵੇਰ ਜਾਣ ਬਾਰੇ ਵਿਉਂਤਾਂ ਬਣਾਉਣ ਲੱਗਦੇ। ਥੋੜ੍ਹੇ ਦਿਨਾਂ ਲਈ ਨਾਨਕੇ ਘਰ ਫੇਰਾ ਪਾ ਕੇ ਰੱਜ ਆ ਜਾਂਦਾ, ਮਾਣ ਵਧ ਜਾਂਦਾ। ਹੁਣ ਦੀ ਨੱਠ ਭੱਜ ਵਾਲੀ ਜ਼ਿੰਦਗੀ ਨੇ ਨਾਨਕੇ ਘਰ ਦਾ ਉਹ ਸੁਆਦ ਤੇ ਉਡੀਕਾਂ ਖ਼ਤਮ ਕਰ ਦਿੱਤੀਆਂ ਹਨ। ਮਹਿੰਗਾਈ ਨੇ ਸਭ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ ਹੈ। ਬਹੁਤੇ ਪਰਿਵਾਰ ਸ਼ਹਿਰਾਂ ਵਿੱਚ ਆ ਗਏ ਹਨ, ਜਿੱਥੇ ਕਮਰੇ ਛੋਟੇ ਤੇ ਤੰਗ ਥਾਵਾਂ ਹਨ। ਨਾਨਕੇ ਦਾ ਆਨੰਦ ਤਾਂ ਪਿੰਡ ਹੀ ਦੇ ਸਕਦਾ ਹੈ। ਹੁਣ ਦੀ ਪੀੜ੍ਹੀ ਉਹ ਬਚਪਨ ਦੀ ਅਮੀਰੀ, ਖੁੱਲ੍ਹ, ਸਾਂਝ ਤੇ ਮਿੱਠੀਆਂ ਯਾਦਾਂ ਤੋਂ ਵਿਹੂਣੀ ਹੋ ਗਈ ਹੈ।

**-ਗੁਰਦਰਸ਼ਨ ਸਿੰਘ ਮਾਵੀ**

# ਸੰਗੀਤ ਅਤੇ ਸੱਭਿਆਚਾਰ ਦੀ ਜਿਉਂਦੀ ਜਾਗਦੀ ਤਸਵੀਰ ਆਕਾਸ਼ਵਾਣੀ ਜਲੰਧਰ

**ਲੇਖਕ:ਬਲਦੇਵ ਸਿੰਘ ਬੇਦੀ**
**9041925181**

ਪੰਜਾਬ ਦੀ ਮਿੱਟੀ ਸੰਗੀਤ ਅਤੇ ਕਲਾ ਨਾਲ ਭਰਪੂਰ ਰਹੀ ਹੈ, ਇਸ ਸੱਭਿਆਚਾਰਕ ਸਫ਼ਰ ਵਿੱਚ ਆਕਾਸ਼ਵਾਣੀ ਜਲੰਧਰ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। 16 ਮਈ 1948 ਨੂੰ ਕਰਤਾਰ ਸਿੰਘ ਦੁੱਗਲ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਸਟੇਸ਼ਨ ਨੇ ਪੰਜਾਬੀ ਲੋਕਾਂ ਦੇ ਦਿਲਾਂ ਵਿੱਚ ਵਖਰੀ ਥਾਂ ਬਣਾਈ ਹੈ। ਰੋਜ਼ਾਨਾ ਸ਼੍ਰੀ ਦਰਬਾਰ ਸਾਹਿਬ ਅਮ੍ਰਿਤਸਰ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਅਤੇ ਗੁਰਬਾਣੀ ਵਿਚਾਰ ਜਿਥੇ ਲੋਕਾਂ ਨੂੰ ਰੱਬੀ ਰੰਗ ਵਿੱਚ ਰੰਗਦਾ ਉੱਥੇ ਹੀ ਇਹ ਪ੍ਰਸਾਰਣ ਆਕਾਸ਼ਵਾਣੀ ਜਲੰਧਰ ਦੀ ਪਹਿਚਾਣ ਵੀ ਬਣੇ।ਇਹ ਸਟੇਸ਼ਨ ਸਿਰਫ਼ ਰੂਹਾਨੀਅਤ ਤੱਕ ਹੀ ਸੀਮਿਤ ਨਹੀਂ ਰਿਹਾ, ਇਸਨੇ ਕਈ ਕਲਾਕਾਰਾਂ ਨੂੰ ਪਹਿਚਾਣ ਵੀ ਦਿੱਤੀ। ਲਾਲ ਚੰਦ ਯਮਲਾ ਜੱਟ, ਬੀਬੀ ਨੂਰਾਂ, ਸੁਰਿੰਦਰ ਕੌਰ, ਕੁਲਦੀਪ ਮਾਣਕ, ਅਤੇ ਗੁਰਮੀਤ ਬਾਵਾ ਵਰਗੇ ਕਲਾਕਾਰਾਂ ਦੇ ਸੁਪਨਿਆਂ ਨੂੰ ਇਸ ਮੰਚ ਨੇ ਵਿਸ਼ਵ ਭਰ ਦੇ ਦਰਸ਼ਕਾਂ ਨਾਲ ਜੋੜਿਆ, ਜਿਸ ਨਾਲ ਉਨ੍ਹਾਂ ਦੀ ਕਲਾ ਨੂੰ ਇੱਕ ਵਿਸ਼ਾਲ ਦਾਇਰਾ ਮਿਲਿਆ।ਆਕਾਸ਼ਵਾਣੀ ਜਲੰਧਰ ਦਾ @ਦਿਹਾਤੀ ਪ੍ਰੋਗਰਾਮ@ ਲੋਕ ਕਲਾ ਅਤੇ ਪਿੰਡਾਂ ਦੀ ਜ਼ਿੰਦਗੀ ਦਾ ਇਕ ਅੰਗ ਹੀ ਬਣ ਗਿਆ। ਠੰਡੂ ਰਾਮ ਅਤੇ ਚਾਚਾ ਕੁੰਮੇਦਾਨ ਵਰਗੇ ਪਾਤਰ ਪਿੰਡਾਂ ਦੀ ਰੰਗਤ ਨੂੰ ਸੌਂਧੀ ਖੁਸ਼ਬੂ ਦੇ ਰੂਪ ਵਿੱਚ ਲੋਕਾਂ ਤੱਕ ਲੈ ਗਏ। ਇਸ ਦੇ ਨਾਲ ਹੀ @ਭੈਣਾਂ ਦਾ ਪ੍ਰੋਗਰਾਮ@ ਔਰਤਾਂ ਲਈ ਪ੍ਰੇਰਣਾਦਾਇਕ ਰਿਹਾ, ਜੋ ਸਿਹਤ ਅਤੇ ਰੁਜ਼ਗਾਰ ਸੰਬੰਧੀ ਜਾਣਕਾਰੀ ਤੋ ਇਲਾਵਾ ਘਰੇਲੂ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦਾ।ਬੱਚਿਆਂ ਦੇ ਹਾਸੇ ਭਰਪੂਰ ਪ੍ਰੋਗਰਾਮ @ਛਾਂਗੂ ਮਾਂਗੂ@ ਨੇ ਵੀ ਬੱਚਿਆ ਦੇ ਦਿਲ ਜਿੱਤੇ। ਫਰਮਾਇਸ਼ੀ ਗੀਤਾਂ ਵਾਲੇ ਪ੍ਰੋਗਰਾਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹੀ ਬਣ ਗਏ, ਜਿਥੇ ਹਰ ਚਿੱਠੀ ਇੱਕ ਮਨਭੌਂਦੇ ਗੀਤ ਦੀ ਫ਼ਰਮਾਇਸ਼ ਕਰਦੀ ਉੱਥੇ ਹੀ ਮੈਡਮ ਸੁਖਜੀਤ ਦੇ ਲਾਈਵ ਫ਼ਰਮਾਇਸ਼ੀ ਗੀਤਾਂ ਦੇ ਪ੍ਰੋਗਰਾਮ ਸਰੋਤਿਆਂ ਦੀ ਉਡੀਕ ਬਣ ਗਏ।

ਕੋਈ ਦੱਸ ਕੁ ਮਿੰਟਾਂ @ਚ ਹੀ ਮੁਲਖ਼ ਦਾ ਹਾਲ ਬਿਆਂ ਕਰਦਿਆਂ ਖ਼ਬਰਾਂ ਲੋਕਾਂ ਸਾਹਮਣੇ ਸੱਚ ਨੂੰ ਪੇਸ਼ ਕਰਦਿਆਂ। ਅਵਤਾਰ ਸਿੰਘ ਢਿੱਲੋਂ ਸਾਬ ਵਲੋਂ ਸੁਤੰਤਰ ਅਤੇ ਅਸਲ ਖ਼ਬਰਾਂ ਪੇਸ਼ ਕਰਨ ਦੀ ਅਦਾਏਗੀ ਉਨ੍ਹਾਂ ਨੂੰ ਅਜੋਕੇ ਮੀਡੀਆ ਜਗਤ ਤੋਂ ਅਲੱਗ ਖੜ੍ਹਾ ਕਰਦੀ। ਪਹਿਲਾਂ ਇਹ ਖ਼ਬਰਾਂ ਆਕਾਸ਼ਵਾਣੀ ਦੇ ਚੰਡੀਗੜ੍ਹ ਅਤੇ ਦਿੱਲੀ ਕੇਂਦਰਾਂ ਤੋਂ ਆਉਂਦੀਆਂ ਸਨ, ਪਰ 15 ਮਈ 2023 ਤੋਂ ਇਹ ਆਕਾਸ਼ਵਾਣੀ ਜਲੰਧਰ ਤੋਂ ਹੀ ਪੜ੍ਹੀਆਂ ਜਾਣ ਲੱਗੀਆਂ।

ਪੰਜਾਬ ਦੇ ਅਮੀਰ ਸਭਿਆਚਾਰ ਅਤੇ ਵਿਰਾਸਤ ਨੂੰ ਸੰਜੋਏ ਬੈਠੇ ਆਕਾਸ਼ਵਾਣੀ ਜਲੰਧਰ ਤੇ ਅੱਜ ਵੀ ਪੇਂਡੂ ਲੋਕਾਂ ਲਈ ਪ੍ਰੋਗਰਾਮ, ਵਿਗਿਆਨਕ ਖੇਤੀਬਾੜੀ ਬਾਰੇ ਪ੍ਰੋਗਰਾਮ, ਜਾਗਰੂਕਤਾ ਫੈਲਾਉਣ ਵਾਲੇ ਪ੍ਰੋਗਰਾਮ, ਸਿਹਤ, ਔਰਤਾਂ, ਨੌਜਵਾਨਾਂ, ਬੱਚਿਆਂ, ਬਜ਼ੁਰਗ ਨਾਗਰਿਕਾਂ ਅਤੇ ਫੌਜ ਦੇ ਜਵਾਨਾਂ ਲਈ ਪ੍ਰਸਾਰਿਤ ਕੀਤੇ ਜਾ ਰਹੇ ਪ੍ਰੋਗਰਾਮਾਂ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ÷ਮਨ ਕੀ ਬਾਤ÷ ਵੀ ਪ੍ਰਸਾਰਿਤ ਕੀਤੀ ਜਾਂਦੀ ਹੈ, ਜੋ ਸਥਾਨਕ ਪੱਧਰ ਤੇ ਲੋਕਾਂ ਨੂੰ ਰਾਸ਼ਟਰੀ ਮੁੱਦਿਆਂ ਨਾਲ ਜੋੜ ਰਹੀ ਹੈ। ਆਧੁਨਿਕ ਤਕਨਾਲੋਜੀ ਦੇ ਸਮੇਂ @ਚ, ਵੀ ਆਕਾਸ਼ਵਾਣੀ ਜਲੰਧਰ ਆਪਣੇ ਪ੍ਰੋਗਰਾਮਾਂ ਨੂੰ ਵੱਖ-ਵੱਖ ਪਲੇਟਫਾਰਮਾਂ 'ਤੇ ਪ੍ਰਸਾਰਿਤ ਕਰ ਅਜੋਕੇ ਸਮੇਂ ਕਦਮ ਨਾਲ ਕਦਮ ਮਿਲਾਕੇ ਚਲ ਰਿਹਾ ਹੈ। ਪ੍ਰਾਈਵੇਟ ਐਫ.ਐਮ. ਰੇਡੀਓ ਚੈਨਲਾਂ ਦੇ ਬਾਵਜੂਦ ਵੀ ਆਕਾਸ਼ਵਾਣੀ ਜਲੰਧਰ 76 ਸਾਲਾਂ ਤੋਂ ਆਪਣੀ ਵਿਰਾਸਤ ਅਤੇ ਖਾਸੀਅਤ ਨੂੰ ਜਿਉਂ ਦੀ ਤਿਉਂ ਕਾਇਮ ਰੱਖ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵਸਿਆ ਹੋਇਆ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 274

Website: www.preetnama.com Email preetnamausa@gmail.com

18 OCT TO 24 OCT , 2024




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 274

Website: www.preetnama.com Email preetnamausa@gmail.com

18 OCT TO 24 OCT , 2024






# ਮਰਦ ਬਲਾਤਕਾਰ ਕਿਉਂ ਕਰਦੇ ਹਨ

## ਇੱਕ ਔਰਤ ਵੱਲੋਂ ਕੀਤੀ ਗਈ ਇਹ ਰਿਸਰਚ



ਤਾਰਾ ਕੌਸਲ ਨੇ ਸਾਲ 2017 ਵਿੱਚ ਜਦੋਂ ਆਪਣੀ ਖੋਜ ਸੁਰੂ ਕੀਤੀ ਸੀ ਤਾਂ ਉਨ੍ਹਾਂ ਨੇ ਡਿਪਰੈਸਨ ਅਤੇ ਬੇਹੋਸੀ ਦਾ ਸਾਹਮਣਾ ਕੀਤਾ। ਕਈ ਦਿਨ ਸਿਰਫ ਹੰਝੂ ਵਹਿੰਦੇ ਰਹਿੰਦੇ ਸਨ। ਬਹੁਤੀ ਦੇਰ ਨਹੀਂ ਹੋਈ ਜਦੋਂ ਇੱਕ ਸਾਮ, ਦੇਸ ਦੀ ਰਾਜਧਾਨੀ ਦਿੱਲੀ ਨਾਲ ਲੱਗਦੇ ਨੋਇਡਾ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਘਰ ਦੇ ਬੈੱਡਰੂਮ ਵਿੱਚ ਬੰਦ ਕਰ ਲਿਆ। ਉਨ੍ਹਾਂ ਕਿਹਾ, "ਮੇਰਾ ਸਾਥੀ ਸਾਹਿਲ, ਬਾਹਰ ਸੀ ਅਤੇ ਉਹ ਸੰਭਾਲਣ ਦੀ ਕੋਸਸਿ ਕਰ ਰਿਹਾ ਸੀ।" "ਇਹ ਪਤਾ ਕਰਨ ਲਈ ਕਿ ਮੈਂ ਠੀਕ ਹਾਂ ਉਹ ਦਰਵਾਜੇ ਨੂੰ ਧੱਕੇ ਮਾਰ ਰਿਹਾ ਸੀ ਅਤੇ ਮੈਂ ਅੰਦਰ ਉੱਚੀ-ਉੱਚੀ ਰੋਈ ਜਾ ਰਹੀ ਸੀ।" "ਮੈਨੂੰ ਉਸ ਸਮੇਂ ਅਹਿਸਾਸ ਹੋਇਆ ਕਿ ਮੈਨੂੰ ਥੈਰੇਪੀ ਦੀ ਲੋੜ ਸੀ।"

ਆਪਣੀ ਖੋਜ ਸੁਰੂ ਕਰਨ ਤੋਂ ਪਹਿਲਾਂ ਵੀ ਤਾਰਾ ਜਿਨਸੀ ਹਿੰਸਾ ਦਾ ਸਦਮਾ ਸਹਿਣ ਕਰ ਰਹੇ ਸਨ। ਉਹ 16 ਸਾਲਾਂ ਦੇ ਸਨ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਇਸ ਬਾਰੇ ਗੱਲ ਕਰਨੀ ਸੁਰੂ ਕੀਤੀ। ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਨੂੰ ਦੱਸਿਆ, "ਮੇਰਾ ਚਾਰ ਸਾਲ ਦੀ ਉਮਰ ਵਿੱਚ ਬਲਾਤਕਾਰ ਹੋਇਆ ਸੀ। ਸਾਡੇ ਮਾਲੀ ਦੁਆਰਾ। ਇਸ ਗੱਲ ਨੇ ਉਨ੍ਹਾਂ ਦੇ ਮਾਪਿਆਂ ਨੂੰ ਸੁੰਨ ਕਰ ਦਿੱਤਾ ਅਤੇ ਉਨ੍ਹਾਂ ਲਈ ਇਹ ਹੜ੍ਹ ਰੋਕਣ ਲਈ ਲਾਈਆਂ ਬੰਦਸਾਂ ਖੋਲ੍ਹਣ ਵਰਗਾ ਸੀ। ਉਸ ਪਲ ਦੇ ਬਾਅਦ ਤੋਂ ਤਾਰਾ ਉਨ੍ਹਾਂ ਵੱਲੋਂ ਸਹਾਰੀ ਗਈ ਜਿਨਸੀ ਹਿੰਸਾ ਬਾਰੇ ਖੁੱਲ੍ਹ ਕੇ ਗੱਲ ਕਰਦੇ ਸਨ, ਜਨਤਕ ਬਹਿਸਾਂ ਵਿੱਚ ਇਸ ਵਿਸੇ 'ਤੇ ਬੋਲਣਾ, ਦੋਸਤਾਂ ਨੂੰ ਦੱਸਣਾ ਅਤੇ ਅੰਤ ਨੂੰ ਇਸ ਬਾਰੇ ਇੱਕ ਕਿਤਾਬ ਲਿਖਣਾ। ਉਹ ਕਹਿੰਦੇ ਹਨ, "ਮੇਰੇ ਕੋਲ ਘਟਨਾ ਦੀਆਂ ਕੁਝ ਯਾਦਾਂ ਹਨ।" "ਮੈਨੂੰ ਉਸ ਦਾ ਨਾਮ ਪਤਾ ਹੈ। ਮੈਨੂੰ ਪਤਾ ਹੈ ਉਹ ਕਿਸ ਤਰ੍ਹਾਂ ਦਾ ਦਿੱਸਦਾ ਸੀ। ਮੈਨੂੰ ਉਸਦੇ ਗੋਲ ਕੁੰਡਲਾਂ ਵਾਲੇ ਵਾਲ ਯਾਦ ਹਨ ਅਤੇ ਮੇਰੇ ਨੀਲੇ ਕੱਪੜਿਆਂ 'ਤੇ ਲੱਗਾ ਖੂਨ ਵੀ।"

ਜਿਵੇਂ-ਜਿਵੇਂ ਉਹ ਵੱਡੇ ਹੋਏ ਉਹ ਹਰ ਰੋਜ ਵਾਪਰਨ ਵਾਲੇ ਜਿਨਸੀ ਸੋਸਣ ਦੇ ਮਾਮਲਿਆਂ ਬਾਰੇ ਸੋਚਣ ਲੱਗੇ। ਉਹ ਪਤਾ ਕਰਨਾ ਚਾਹੁੰਦੇ ਸਨ ਅਜਿਹਾ ਕਿਉਂ ਹੁੰਦਾ ਹੈ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਮੇਰੀ ਕਿਤਾਬ 'ਵਾਏ ਮੈਨ ਰੇਪ (ਮਰਦ ਬਲਾਤਕਾਰ ਕਿਉਂ ਕਰਦੇ ਹਨ)' ਅਸਲੋਂ ਲੰਬੇ ਨਿੱਜੀ ਅਤੇ ਪੇਸੇਵਰ ਸਫਰ ਦੀ ਚਰਮਸੀਮਾ ਹੈ।"

"ਪਰ ਇਹ ਆਪਣੇ ਅੰਤਾਂ ਦੇ ਸਦਮੇ ਦੇ ਭਾਵ ਨਾਲ ਆਈ।"

**'ਅਣਲੱਭੇ' ਬਲਾਤਕਾਰੀਆਂ ਦੀ ਭਾਲ**

ਭਾਰਤ ਵਿੱਚ ਜਿਨਸੀ ਹਿੰਸਾ ਅਤੇ ਬਲਾਤਕਾਰ ਦੇ ਮਾਮਲੇ 2012 ਤੋਂ ਹੀ ਚਰਚਾ ਵਿੱਚ ਜਦੋਂ ਇੱਕ 23 ਸਾਲਾ ਮੈਡੀਕਲ ਦੀ ਵਿਦਿਆਰਥਣ ਨਾਲ ਚਲਦੀ ਬੱਸ ਵਿੱਚ ਸਾਮੂਹਿਕ ਬਲਾਤਕਾਰ ਹੋਇਆ ਸੀ। ਉਸ ਦੇ ਕੁਝ ਦਿਨ ਬਾਅਦ ਹਮਲੇ ਦੌਰਾਨ ਲੱਗੀਆਂ ਸੱਟਾਂ ਦੀ ਤਾਬ ਨਾ ਝੱਲਦਿਆਂ ਮੌਤ ਹੋ ਗਈ ਸੀ। ਦੋਸੀਆਂ ਵਿੱਚੋਂ ਚਾਰਾਂ ਨੂੰ ਮਾਰਚ 2020 ਵਿੱਚ ਫਾਂਸੀ ਦੇ ਦਿੱਤੀ ਗਈ। ਜਿਨਸੀ ਅਪਰਾਧਾਂ ਦੀ ਵੱਧਦੀ ਪੜਤਾਲ ਦੇ ਬਾਵਜੂਦ, ਹਮਲਿਆਂ ਦੀ ਗਿਣਤੀ ਵੀ ਲਗਾਤਾਰ ਵੱਧਦੀ ਜਾ ਰਹੀ ਹੈ। ਨੈਸਨਲ ਕ੍ਰਾਈਮ ਰਿਕਾਰਡਜ ਬਿਊਰੋ ਮੁਤਾਬਕ, ਭਾਰਤ ਵਿੱਚ ਸਾਲ 2018 ਵਿੱਚ ਪੁਲਿਸ ਨੇ ਬਲਾਤਕਾਰ ਦੇ 33,977 ਮਾਮਲੇ ਦਰਜ ਕੀਤੇ, ਜਿਸ ਦਾ ਮਤਲਬ ਹੈ ਦੇਸ ਵਿੱਚ ਹਰ 15 ਮਿੰਟਾਂ ਬਾਅਦ ਇੱਕ ਬਲਾਤਕਾਰ ਦੀ ਘਟਨਾ ਵਾਪਰਦੀ ਹੈ। ਪਰ ਮੁਹਿੰਮਕਰਤਾ ਕਹਿੰਦੇ ਹਨ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੈ ਕਿਉਂਕਿ ਬਹੁਤ ਸਾਰੇ ਮਾਮਲੇ ਦਰਜ ਹੀ ਨਹੀਂ ਹੁੰਦੇ। ਤਾਰਾ ਉਨ੍ਹਾਂ ਬਲਾਤਕਾਰੀਆਂ ਬਾਰੇ ਹੋਰ ਜਾਣਨਾ ਚਾਹੁੰਦੇ ਸਨ, ਜਿਨ੍ਹਾਂ ਖਲਿਾਫ ਨਾ ਕਦੇ ਰਿਪੋਰਟ ਦਰਜ ਹੋਈ ਅਤੇ ਨਾ ਹੀ ਉਨ੍ਹਾਂ ਦਾ ਦੋਸ ਕਦੀ ਸਾਹਮਣੇ ਆਇਆ। ਉਹ ਪੂਰੇ ਦੇਸ 'ਚ ਅਜਿਹੇ ਨੌਂ ਵਿਅਕਤੀਆਂ ਨੂੰ ਮਿਲੇ, ਜਿਨ੍ਹਾਂ 'ਤੇ ਬਲਾਤਕਾਰ ਦੇ ਇਲਜਾਮ ਲੱਗੇ ਸਨ, ਚਾਹੇ ਕਿ ਉਨ੍ਹਾਂ ਤੋਂ ਕਦੀ ਵੀ ਅਧਿਕਾਰਿਤ ਪੁੱਛ ਪੜਤਾਲ ਨਹੀਂ ਸੀ ਕੀਤੀ ਗਈ। ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਲਿਖਿਆ, "ਮੈਂ ਉਨ੍ਹਾਂ ਦੇ ਘਰੇਲੂ ਵਾਤਾਵਰਣ ਵਿੱਚ ਸਮਾਂ ਬਿਤਾਇਆ, ਉਨ੍ਹਾਂ ਦਾ ਇੰਟਰਵਿਊ ਲੈਂਦਿਆਂ ਅਤੇ ਉਨ੍ਹਾਂ ਨੂੰ, ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਨੂੰ ਦੇਖਦਿਆਂ। ਮੈਂ ਰੁਹਪੋਸ ਸੀ, ਇੱਕ ਵੱਖਰੇ ਨਾਮ, ਵੱਖਰੀ ਈਮੇਲ ਅਤੇ ਫੇਸਬੁੱਕ ਆਈਡੀ ਨਾਲ।" ਉਨ੍ਹਾਂ ਨੇ ਆਪਣੇ ਟੈਟੂ ਲਕੋਏ ਅਤੇ ਯਕੀਨੀ ਬਣਾਇਆ ਕਿ ਰਵਾਇਤੀ ਕੁੜਤੇ ਅਤੇ ਜੀਨ ਹੀ ਪਹਿਨਣ। ਤਾਰਾ ਨੇ ਯਕੀਨੀ ਬਣਾਇਆ ਕਿ ਉਨ੍ਹਾਂ ਨਾਲ ਇੱਕ ਅਨੁਵਾਦਕ ਮੌਜੂਦ ਰਹੇ, ਜਿਸ ਨੂੰ ਉਨ੍ਹਾਂ ਨੇ ਇੱਕ ਸੁਰੱਖਿਆ ਕਰਮੀ ਵਜੋਂ ਵੀ ਦੱਸਿਆ। ਉਨ੍ਹਾਂ ਨੇ ਆਪਣੇ ਆਪ ਨੂੰ ਆਸਟਰੇਲੀਆ ਵਾਸੀ ਪਰਵਾਸੀ ਭਾਰਤੀ ਵਜੋਂ ਪੇਸ ਕੀਤਾ ਜੋ ਇੱਕ ਫਲਿਮ ਲਈ ਆਮ ਆਦਮੀਆਂ ਦੀ ਜੀਂਦਗੀ ਬਾਰੇ ਖੋਜ ਕਰ ਰਹੀ ਸੀ। ਉਹ ਲਿਖਦੇ ਹਨ, "ਮੈਂ 250 ਪ੍ਰਸਨ ਪੁੱਛੇ ਅਤੇ ਜਿਹੜੀਆਂ ਚੀਜਾਂ ਮੈਂ ਉਨ੍ਹਾਂ ਸਾਰਿਆਂ ਵਿੱਚ ਦੇਖੀਆ ਉਹ ਇਕੋ ਜਿਹੀਆਂ ਸਨ, ਪਰ ਮੈਂ ਉਨ੍ਹਾਂ ਨੂੰ ਕਦੀ ਵੀ ਨਹੀਂ ਦੱਸਿਆ ਕਿ ਮੈਂ ਉਨ੍ਹਾਂ ਬਾਰੇ ਅਧਿਐਨ ਕਰ ਰਹੀ ਸੀ, ਕਿਉਂਕਿ ਉਨ੍ਹਾਂ ਦੀ ਬਲਾਤਕਾਰੀ ਵਜੋਂ ਪਛਾਣ ਹੋਈ ਸੀ।"

**'ਸਹਿਮਤੀ ਬਾਰੇ ਸਮਝ ਦੀ ਘਾਟ'**

ਤਾਰਾ ਸੋਚਦੇ ਸਨ ਕਿ ਉਹ ਕਿਸੇ ਵੀ ਅਣਸੁਖਾਵੀਂ ਸਥਿਤੀ ਲਈ ਤਿਆਰ ਸਨ। ਹਰ ਵੇਲੇ ਜੇਬ ਵਿੱਚ ਪੈਪਰ ਸਪ੍ਰੇਅ, ਕਿਸੇ ਵੀ ਤਰ੍ਹਾਂ ਦੀ ਹਾਲਤ ਵਿੱਚ ਸੌਖਿਆਂ ਬਚਾਅ ਕਰਨ ਲਈ ਇੱਕ ਸਥਾਨਕ ਐਮਰਜੈਂਸੀ ਸੰਪਰਕ ਅਤੇ ਆਪਣੀ ਮੌਜੂਦਾ ਥਾਂ (ਲਾਈਵ ਲੋਕੇਸਨ) ਸਾਂਝੀ ਕਰਨ ਲਈ ਇੱਕ ਵੱਟਸਐਪ ਸਹਿਯੋਗੀ ਗਰੁੱਪ। ਪਰ ਉਨ੍ਹਾਂ ਨੂੰ ਅੰਦਾਜਾ ਨਹੀਂ ਸੀ ਕਿ ਇੰਟਰਵਿਊ ਕੀਤੇ ਜਾਣ ਵਾਲੇ ਮਰਦਾਂ ਵਿੱਚੋਂ ਤਿੰਨ ਉਨ੍ਹਾਂ ਵੱਲੋਂ ਨਿੱਜੀ ਪ੍ਰਸਨ ਪੁੱਛੇ ਜਾਣ ਦੌਰਾਨ ਆਪਣੇ ਆਪ ਨੂੰ ਛੂਹਣਾ ਸੁਰੂ ਕਰ ਦੇਣਗੇ। ਉਹ ਯਾਦ ਕਰਦੇ ਹਨ ਜਦੋਂ, ਉੱਤਰੀ ਭਾਰਤ ਵਿੱਚ ਇੱਕ ਵਿਅਕਤੀ ਦੀ ਘਰ ਦੀ ਛੱਤ 'ਤੇ ਸਿਆਲੀ ਧੁੱਪ ਵਿੱਚ ਉਨ੍ਹਾਂ ਦੇ ਨਜਦੀਕ ਬੈਠੇ ਸਨ। ਉਹ ਲਿਖਦੇ ਹਨ, "ਮੇਰੇ ਸਾਹਮਣੇ ਬੈਠਾ ਇਹ ਛੋਟੇ ਕੱਦ ਦਾ

ਵੱਧ ਕਾਮਯਾਬੀ ਨਾਲ ਸੀਰੀਅਲ ਜਿਨਸੀ ਅਪਰਾਧ ਕਰਨ ਵਾਲਾ ਸੀ (ਜਿਵੇਂ ਕਿ ਉਸ ਨੇ ਮੰਨਿਆ)। ਉਸ ਦੇ ਆਪਣੇ ਛੋਟੇ ਜਿਹੇ ਪਿੰਡ ਦੀਆਂ ਕਈ ਔਰਤਾਂ ਉਸ ਦਾ ਸਕਿਾਰ ਸਨ।" "ਪਰ ਸਲਾਖਾਂ ਤੋਂ ਕਿਤੇ ਦੂਰ ਜਾਂ ਇਥੋਂ ਤੱਕ ਕਿ ਸਮਾਜ ਵਿਚੋਂ ਬਾਹਰ ਕੀਤੇ ਜਾਣ ਤੋਂ ਵੀ ਦੂਰ, ਉਹ ਇਥੇ ਸੀ, ਭਾਈਚਾਰੇ ਦੇ ਦਰਮਿਆਨ...ਇਸ ਤੋਂ ਵੀ ਅੱਗੇ ਉਹ ਮੇਰੇ ਦੁਆਰਾ ਉਤੇਜਿਤ ਹੋ ਗਿਆ ਅਤੇ ਉਸ ਨੂੰ ਆਪਣੇ ਆਪ ਨੂੰ ਛੂਹਣ ਦਾ ਕੋਈ ਪਛਤਾਵਾ ਨਹੀਂ ਸੀ।"

**ਅਜਿਹੇ ਤਜਰਬਿਆਂ ਨੇ ਮੇਰੀ ਮਾਨਸਿਕ ਸਿਹਤ 'ਤੇ ਸੱਚੀ ਅਸਰ ਪਾਇਆ।**

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਜਦੋਂ ਮੈਂ ਉਨ੍ਹਾਂ ਦਾ ਇੰਟਰਵਿਊ ਕਰ ਕੇ ਆਈ, ਮੈਨੂੰ ਅਹਿਸਾਸ ਹੋਇਆ ਕਿ ਉਥੇ ਲਗਾਤਾਰ ਰਹਿਣ ਵਾਲੇ ਸਦਮੇ ਨਾਲ ਮੈਨੂੰ ਥੇਰੇਪੀ ਰਾਹੀਂ ਨਜਿੱਠਣਾ ਪੈਣਾ ਸੀ।"

"ਮੈਨੂੰ ਬਹੁਤ ਜਆਿਦਾ ਡਿਪਰੈਸਨ ਨਾਲ ਨਜਿੱਠਣਾ ਪਿਆ, ਅਤੇ ਅਜਿਹੀਆਂ ਰਾਤਾਂ ਵੀ ਸਨ ਜਦੋਂ ਮੈਂ ਸੁੱਤਿਆਂ ਹੋਇਆਂ ਆਪਣੇ ਸਾਥੀ ਨੂੰ ਦੰਦੀ ਵੱਡੀ ਅਤੇ ਉਸ ਨੂੰ ਕਿਹਾ ਮੇਰੇ ਨਾਲ ਛੇੜਛਾੜ ਕਰਨਾ ਬੰਦ ਕਰੇ।"

ਇਸ ਸਭ ਦੇ ਆਖੀਰ ਤੱਕ ਤਾਰਾ ਨੂੰ ਇੱਕ ਸਪੱਸਟ ਅਹਿਸਾਸ ਹੋਇਆ ਕਿ "ਉਨ੍ਹਾਂ ਵਿਅਕਤੀਆਂ ਲਈ ਸਹਿਮਤੀ ਦੀ ਅਣਹੋਂਦ ਅਤੇ ਬਲਾਤਕਾਰ ਕੀ ਹੈ ਇਸ ਬਾਰੇ ਬਿਲਕੁਲ ਵੀ ਸਮਝ ਨਹੀਂ ਸੀ।"

**ਬਲਾਤਕਾਰੀਆਂ ਨੂੰ ਹੋਰਾਂ ਵਾਂਗ ਦੇਖਣਾ**

ਜਦੋਂ ਤਾਰਾ ਨੇ ਆਪਣੀ ਖੋਜ ਸੁਰੂ ਕੀਤੀ ਜਾਂ ਉਨ੍ਹਾਂ ਨੇ ਸੋਸਲ ਮੀਡੀਆ 'ਤੇ ਔਰਤਾਂ ਨਾਲ ਲਿੰਗਕ ਹਿੰਸਾ ਬਾਰੇ ਗੱਲਾਂ ਕੀਤੀਆਂ।

ਉਨ੍ਹਾਂ ਨੇ ਕਿਹਾ, "ਉਨ੍ਹਾਂ ਵਿੱਚੋਂ ਦੋ ਆਦਮੀ ਜਿਨ੍ਹਾਂ

ਨਾਲ ਗੱਲਾਂ ਜਰੀਏ ਹੀ ਮਿਲੇ ਸਨ।"

"ਬਾਕੀ ਦੇ ਸੱਤ ਵਿਅਕਤੀਆਂ ਨੂੰ ਲੱਭਣਾ ਬਹੁਤ ਮੁਸਕਿਲ ਸੀ। ਇਸ ਕਰਕੇ ਮੈਂ ਸਥਾਨਕ ਪੁਲਿਸ, ਸਥਾਨਕ ਮੀਡੀਆ, ਗੈਰ-ਲਾਭਕਾਰੀ ਸੰਸਥਾਵਾਂ ਅਤੇ ਇਥੋਂ ਤੱਕ ਕਿ ਜਸੂਸੀ ਏਜੰਸੀਆਂ ਤੱਕ ਵੀ ਪਹੁੰਚ ਕੀਤੀ।"

ਬਹੁਤੇ ਵਿਅਕਤੀਆਂ ਨੇ ਉਨ੍ਹਾਂ ਨੂੰ ਦਿੱਤੇ ਇੰਟਰਵਿਊਜ ਦੌਰਾਨ ਬਲਾਤਕਾਰ ਕਰਨ ਜਾਂ ਫਰਿ ਇੱਕ ਤੋਂ ਵੱਧ ਬਲਾਤਕਰ ਕਰਨ ਦੀ ਪੁਸਟੀ ਕੀਤੀ। ਪਰ ਦੋਸੀ ਬਲਾਤਕਾਰੀਆਂ ਜਿਨ੍ਹਾਂ 'ਤੇ ਮਾਮਲਾ ਦਰਜ ਹੋਇਆ ਹੋਵੇ ਨਾਲ ਗੱਲਬਾਤ ਨਾ ਕਰਨਾ ਸੁਚੇਤ ਰੂਪ ਵਿੱਚ ਲਿਆ ਗਿਆ ਫੈਸਲਾ ਸੀ। ਉਹ ਕਹਿੰਦੇ ਹਨ, "ਮੇਰੇ ਲਈ ਜੇਲ੍ਹ ਉਨ੍ਹਾਂ ਆਦਮੀਆਂ ਦੀ ਪ੍ਰਤੀਨਿਧੀ ਨਹੀਂ ਹੈ ਜਿਹੜੇ ਬਲਾਤਕਾਰ ਕਰਦੇ ਹਨ।"

"ਲੋਕ ਟਾਪੂਆਂ 'ਤੇ ਨਹੀਂ ਰਹਿੰਦੇ। ਆਦਮੀਆਂ ਦਾ ਅਧਿਐਨ ਉਨ੍ਹਾਂ ਦੇ ਆਲੇ-ਦੁਆਲੇ ਦੀ ਘੋਖ ਬਿਨਾਂ ਕੁਝ ਸੀਮਤ ਹੋ ਸਕਦਾ ਹੈ।"

ਇਸ ਦੇ ਉਲਟ ਸੇਫੀਲਡ ਹੈਲਮ ਯੂਨੀਵਰਸਿਟੀ ਵਿੱਚ ਅਪਰਾਧਿਕ ਮਾਮਲਿਆਂ ਦੇ ਲੈਕਚਰਾਰ ਡਾ. ਮਧੂਮਿਤਾ ਪਾਂਡੇ ਨੇ ਆਪਣੀ ਖੋਜ ਜਿਨਸੀ ਅਪਰਾਧਾਂ ਦੇ ਦੋਸੀ ਪਾਏ ਗਏ ਲੋਕਾਂ 'ਤੇ ਕੇਂਦਰਿਤ ਕਰਨ ਦਾ ਫੈਸਲਾ ਕੀਤਾ।

ਉਨ੍ਹਾਂ ਦਾ ਇਹ ਸਫਰ 2012 ਵਿੱਚ ਹੋਏ ਸਮੂਹਿਕ ਬਲਾਤਕਾਰ ਤੋਂ ਬਾਅਦ ਜਲਦ ਹੀ ਸੁਰੂ ਹੋਇਆ। ਉਹ ਯਾਦ ਕਰਦੇ ਹਨ, "ਬਲਾਤਕਾਰੀਆਂ ਨੂੰ ਰਾਖਸਸ ਕਿਹਾ ਗਿਆ ਅਤੇ ਉਨ੍ਹਾਂ ਪ੍ਰਤੀ ਇੱਕ ਸਮੂਹਿਕ ਗੁੱਸਾ ਸੀ।"

"ਅਸੀਂ ਉਨ੍ਹਾਂ ਦੀਆਂ ਗਤੀਵਿਧੀਆਂ ਤੋਂ ਇੰਨੇ ਦੁਖੀ ਹੋਏ ਕਿ ਅਸੀਂ ਉਨ੍ਹਾਂ ਨੂੰ 'ਹੋਰਾਂ' ਵਜੋਂ ਵੇਖਿਆ - ਉਹ

ਸਨ।"

ਇੱਕ ਖੋਜਕਰਤਾ ਵਜੋਂ, ਉਹ ਇਸ ਵਿਆਪਕ ਧਾਰਨਾ 'ਤੇ ਧਿਆਨ ਕੇਂਦਰਤ ਕਰਨਾ ਚਾਹੁੰਦੇ ਸਨ ਕਿ ਬਲਾਤਕਾਰੀਆਂ ਦਾ ਔਰਤਾਂ ਪ੍ਰਤੀ ਵਧੇਰੇ ਰਵਾਇਤੀ ਅਤੇ ਜੁਲਮ ਵਾਲਾ ਰਵੱਈਆ ਹੁੰਦਾ ਹੈ। ਉਹ ਪੁੱਛਦੇ ਹਨ, "ਪਰ ਕੀ ਉਨ੍ਹਾਂ ਆਦਮੀਆਂ ਦੀ ਔਰਤਾਂ ਬਾਰੇ ਸੋਚ ਇੰਨੀ ਵੱਖਰੀ ਹੈ ਜਿੰਨੀ ਅਸੀਂ ਸੋਚਦੇ ਹਾਂ?"

**'ਕੋਈ ਵੀ ਬਲਾਤਕਾਰੀ ਹੋ ਸਕਦਾ ਹੈ'**

ਡਾ. ਮਧੁਮਿਤਾ ਨੇ ਦੱਖਣੀ ਏਸੀਆ ਦੀਆਂ ਸਭ ਤੋਂ ਵੱਡੀਆਂ ਜੇਲ੍ਹਾਂ ਵਿੱਚੋ ਇੱਕ, ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਬਲਾਤਕਾਰ ਦੇ 100 ਤੋਂ ਵੱਧ ਦੋਸੀਆਂ ਦਾ ਇੰਟਰਵਿਊ ਲਿਆ।

ਉਨ੍ਹਾਂ ਸਭ ਦੀਆਂ ਆਪਣੀਆਂ ਕਹਾਣੀਆਂ ਹਨ, ਇੱਕ ਸਮੂਹਿਕ ਬਲਾਤਕਾਰ ਦਾ ਅਪਰਾਧੀ ਜਿਸ ਨੇ ਕਿਹਾ ਕਿ ਘਟਨਾ ਤੋਂ ਬਾਅਦ ਉਸੇ ਵੇਲੇ ਭੱਜ ਗਿਆ, ਇੱਕ ਮੰਦਰ ਦਾ ਸਫਾਈ ਕਰਮੀ, ਜਿਸ ਨੇ ਕਿਹਾ ਕਿ ਉਸ ਨੂੰ ਪੰਜ ਸਾਲਾ ਬੱਚੀ ਨਾਲ ਬਲਾਤਕਾਰ ਕਰਨ ਲਈ ਉਕਸਾਇਆ ਗਿਆ।"

"ਇੱਕ ਨੌਜਵਾਨ ਵਿਅਕਤੀ ਜਿਸ ਨੇ ਦਾਅਵਾ ਕੀਤਾ ਕਿ ਉਹ ਸਹਿਮਤੀ ਨਾਲ ਇੱਕ ਸਬੰਧ ਵਿੱਚ ਸੀ, ਲੜਕੀ ਦੇ ਪਰਿਵਾਰ ਵਾਲਿਆਂ ਵੱਲੋਂ ਦੋਵਾਂ ਦੇ ਇਕੱਠੇ ਮਿਲਣ ਤੋਂ ਬਾਅਦ ਉਸ ਨੂੰ ਬਲਾਤਕਾਰ ਦੇ ਦੋਸਾਂ ਦਾ ਸਾਹਮਣਾ ਕਰਨਾ ਪਿਆ।"

ਪਰ ਉਹ ਬਲਾਤਕਾਰ ਪੀੜਤ ਪੰਜ ਸਾਲਾ ਬੱਚੀ ਦੀ ਕਹਾਣੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਉਸ ਬੱਚੀ ਦੇ ਪਰਿਵਾਰ ਨੂੰ ਮਿਲਣ ਦਾ ਫੈਸਲਾ ਕੀਤਾ। ਡਾ. ਮਧੂਮਿਤਾ ਕਹਿੰਦੇ ਹਨ, "ਇਹ ਸੁਣ ਕੇ ਕਿ ਉਸ ਦੀ ਬੱਚੀ ਦਾ ਬਲਾਤਕਾਰ ਹੋਇਆ ਹੈ, ਲੜਕੀ ਦੇ ਪਿਤਾ ਦਾ ਮਾਨਸਿਕ ਸੰਤੁਲਨ ਖਰਾਬ ਹੋ ਗਿਆ ਅਤੇ ਉਹ ਪਰਿਵਾਰ ਛੱਡ ਕੇ ਭੱਜ ਗਿਆ।" "ਇੱਕ ਮਾਂ ਸੀ ਜੋ ਇਨਸਾਫ ਦੀ ਬਹੁਤੀ ਆਸ ਲਗਾਏ ਬਗੈਰ, ਪੁਲਿਸ ਕੋਲ ਗਈ ਅਤੇ ਜੁਲਮ ਦਰਜ ਕਰਵਾਉਣ ਲਈ ਸਾਰੀ ਕਾਗਜੀ ਕਾਰਵਾਈ ਕੀਤੀ।"

ਡਾ. ਮਧੂਮਿਤਾ ਅਜਿਹੇ ਆਦਮੀਆਂ ਦਾ ਔਰਤਾਂ ਪ੍ਰਤੀ ਰਵੱਈਆ ਸਮਝਣਾ ਚਾਹੁੰਦੇ ਸਨ ਅਤੇ ਕਿਵੇਂ ਇਹ ਸੋਚ ਖਾਸ ਜਿਨਸੀ ਹਿੰਸਾ ਕਰਨ ਵਿੱਚ ਯੋਗਦਾਨ ਪਾਉਂਦੀ ਹੈ। ਉਹ ਕਹਿੰਦੇ ਹਨ, "ਜੁਲਮ ਦੀ ਪ੍ਰਵਿਰਤੀ ਵਿੱਚ ਵਖਰੇਵਾਂ ਹੋਣ ਦੇ ਬਾਵਜੂਦ, ਇਸ ਦੀ ਬੁਨਿਆਦ ਹੱਕਦਾਰੀ ਦੀ ਅਜਿਹੀ ਆਮ ਭਾਵਨਾ ਹੈ ਜੋ ਅੱਗੋਂ ਸਾਡੇ ਸਮਾਜ ਵਿੱਚ ਮਰਦਾਂ ਦੀ ਵਿਸੇਸ ਦਾਅਵੇਦਾਰੀ ਵੱਲ ਇਸਾਰਾ ਕਰਦੀ ਹੈ।"

ਉਨ੍ਹਾਂ ਨੇ ਦੇਖਿਆ ਕਿ ਮੁਲਜਮ ਗੰਭੀਰ ਰੂਪ ਵਿੱਚ ਪੀੜਤਾਂ ਨੂੰ ਦੋਸ ਦਿੰਦੇ ਹਨ ਅਤੇ ਸਹਿਮਤੀ ਬਾਰੇ ਸਮਝ ਦੀ ਬਹੁਤ ਘਾਟ ਹੈ। ਉਨ੍ਹਾਂ ਦੀ ਖੋਜ ਵੀ ਤਾਰਾ ਵੱਲੋਂ ਕੀਤੀ ਗਈ ਖੋਜ ਦੀਆਂ ਪ੍ਰਾਪਤੀਆਂ ਵਾਂਗ ਹੀ ਇੱਕ ਆਮ ਧਾਰਨਾ ਦਾ ਪਰਦਾਫਾਸ ਕਰਦੀ ਹੈ ਕਿ "ਆਮ ਤੌਰ 'ਤੇ ਬਲਾਤਕਾਰੀਆਂ ਨੂੰ ਪਰਛਾਵਿਆਂ ਵਿੱਚ ਲੁਕੇ ਅਣਜਾਣਾ ਵਜੋਂ ਲਿਆ ਜਾਂਦਾ ਹੈ।" "ਪਰ ਇਸ ਮਾਮਲੇ ਵਿੱਚ ਉਨ੍ਹਾਂ ਵਿਚੋਂ ਬਹੁਤੇ ਪੀੜਤਾਂ ਨੂੰ ਜਾਣਦੇ ਸਨ। ਇਸ ਤਰੀਕੇ ਨਾਲ ਇਹ ਸਮਝਣਾ ਸੌਖਾ ਹੋ ਜਾਂਦਾ ਹੈ ਕਿ ਕਿਵੇਂ ਕੋਈ ਵੀ ਬਲਾਤਕਾਰੀ ਹੋ ਸਕਦਾ ਹੈ-ਕਿ ਉਹ ਵੱਖਰੀ ਤਰ੍ਹਾਂ ਦੇ ਆਦਮੀ ਨਹੀਂ ਹੁੰਦੇ।" ਪਿਛਲੇ ਅੰਕੜੇ ਦੱਸਦੇ ਹਨ ਕਿ ਕਿਵੇਂ ਬਲਾਤਕਾਰ ਦੇ ਬਹੁਤੇ ਮਾਮਲਿਆਂ ਵਿੱਚ ਪੀੜਤ ਜੁਲਮ ਕਰਨ ਵਾਲਿਆਂ ਨੂੰ ਜਾਣਦੇ ਸਨ। ਭਾਰਤ ਦੀ ਕੌਮੀ ਅਪਰਾਧ ਰਿਕਾਰਡ ਬਿਊਰੋ ਨੇ ਸਾਲ 2015 ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ 95 ਫੀਸਦ ਤੱਕ ਦੱਸੀ ਹੈ। ਕਾਰਕੁਨ ਮੰਨਦੇ ਹਨ ਕਿ ਸਾਇਦ ਇਹ ਜੁਲਮ ਘੱਟ ਦਰਜ ਹੋਣ ਦਾ ਕਾਰਨ ਹੋ ਸਕਦਾ ਹੈ। ਇੱਕ ਸਮਾਜਿਕ ਸੰਸਥਾ ਪ੍ਰੋਜੈਕਟ 39ਏ ਦੇ ਐਗਜੀਕਿਊਟਿਵ ਨਿਰਦੇਸਕ ਅਨੂਪ ਸੁਰੇਂਦਰਾਨਾਥ ਦਾ ਕਹਿਣਾ ਹੈ ਕਿ, "ਮਾਮਲਿਆਂ ਦਾ ਘੱਟ ਦਰਜ ਹੋਣਾ ਸਮੱਸਿਆ ਹੈ ਕਿਉਂਕਿ ਜੁਲਮ ਕਰਨ ਵਾਲੇ ਬਹੁਤੀ ਵਾਰ ਪੀੜਤ ਦੇ ਜਾਣਕਾਰ ਹੁੰਦੇ ਹਨ ਅਤੇ ਪੀੜਤ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੁਆਰਾ ਜੁਲਮ ਨੂੰ ਦਰਜ ਕਰਵਾਉਣ ਤੋਂ ਰੋਕਣ ਲਈ ਹਰ ਤਰ੍ਹਾਂ ਦੇ ਹਾਲਾਤ ਭੂਮਿਕਾ ਨਿਭਾਉਂਦੇ ਹਨ।" ਰਿਪੋਰਟ ਹੋਣ ਵਾਲਿਆਂ ਵਿਚੋਂ, ਸਿਰਫ ਬਹੁਤ ਹੀ ਬੇਰਹਿਮ ਜਾਂ ਦਿਲ ਕੰਬਾਊ ਸੁਰਖੀਆਂ ਬਣਦੇ ਹਨ।

## ਕੀ ਮੌਤ ਦੀ ਸਜਾ ਇਸ ਦਾ ਜੁਆਬ ਹੈ?

ਭਾਰਤ ਇੱਕਲਾ ਅਜਿਹਾ ਦੇਸ ਨਹੀਂ ਹੈ ਜਿੱਥੇ ਬਲਾਤਕਾਰ ਦੇ ਮਾਮਲੇ ਹੱਦੋ ਵੱਧ ਹਨ। ਪਰ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਪੁਰਸ ਪ੍ਰਧਾਨ ਸਮਾਜ ਅਤੇ ਘੱਟ ਲਿੰਗ ਅਨੁਪਾਤ ਵੀ ਅਜਿਹੇ ਹਾਲਾਤ ਨੂੰ ਹੋਰ ਖਰਾਬ ਕਰਨ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਜਿਵੇਂ ਕਿ ਭਾਰਤ ਦੇ ਪੱਤਰਕਾਰ ਸੌਤਿਕ ਬਿਸਵਾਸ ਨੇ ਵੇਖਿਆ, " ਭਾਰਤ 'ਚ ਤਾਕਤ ਦਾ ਦਾਅਵਾ ਕਰਨ ਅਤੇ ਸਕਤੀਹੀਣ ਲੋਕਾਂ ਨੂੰ ਡਰਾਉਣ ਲਈ ਬਲਾਤਕਾਰ ਨੂੰ ਇੱਕ ਸਾਧਨ ਵੱਜੋਂ ਵਰਤਣ ਦਾ ਰੁਝਾਣ ਲਗਾਤਾਰ ਵੱਧ ਰਿਹਾ ਹੈ।" "ਬਲਾਤਕਾਰ ਦੀ ਰਿਪੋਰਟਿੰਗ ਦੇ ਮਾਮਲਿਆਂ ਦੀ ਦਰ ਵਿੱਚ ਸੁਧਾਰ ਆਇਆ ਹੈ, ਪਰ ਮਾੜੀ ਗੱਲ ਇਹ ਹੈ ਕਿ ਸਰਮਨਾਕ ਅਪਰਾਧਿਕ ਨਿਆਂ ਪ੍ਰਣਾਲੀ ਸਿਆਸੀ ਦਬਾਅ ਹੇਠ ਕੰਮ ਕਰਦੀ ਹੈ ਅਤੇ ਕਈ ਮਾਮਲਿਆਂ 'ਚ ਬਲਾਤਕਾਰ ਦੇ ਦੋਸੀਆਂ ਨੂੰ ਇਸ ਪੂਰੇ ਕਾਰੇ ਦੀ ਜੀਂਮਿਵਾਰੀ ਤੋਂ ਬਰੀ ਕਰ ਦਿੱਤਾ ਜਾਂਦਾ ਹੈ।" 2012 ਦੇ ਸਮੂਹਿਕ ਬਲਾਤਕਾਰ ਅਤੇ ਕਤਲ ਦੇ ਮਾਮਲੇ ਤੋਂ ਬਾਅਦ ਅਧਿਕਾਰੀਆਂ ਨੇ ਹੋਰ ਸਖਤ ਕਾਨੂੰਨ ਲਿਆਂਦੇ ਹਨ, ਜਿਸ 'ਚ ਬਹੁਤ ਗੰਭੀਰ ਮਾਮਲਿਆਂ ਵਿੱਚ ਮੌਤ ਦੀ ਸਜਾ ਬਾਰੇ ਗੱਲ ਕੀਤੀ ਗਈ ਹੈ। ਪਰ ਤਾਰਾ ਅਤੇ ਡਾ. ਮਧੂਮਿਤਾ ਦੋਵੇਂ ਹੀ ਇਸ ਗੱਲ ਨਾਲ ਸਹਿਮਤ ਹਨ ਕਿ ਮੌਤ ਦੀ ਸਜਾ ਮਸਲੇ ਦਾ ਲੰਬੇ ਸਮੇਂ ਦਾ ਹੱਲ ਨਹੀਂ ਹੈ। ਡਾ. ਮਧੂਮਿਤਾ ਦਾ ਕਹਿਣਾ ਹੈ, " ਮੈਂ ਸੁਧਾਰ ਅਤੇ ਮੁੜ ਵਸੇਬੇ 'ਚ ਵਿਸਵਾਸ ਰੱਖਦੀ ਹਾਂ।" "ਸਾਨੂੰ ਆਪਣਾ ਧਿਆਨ ਢਾਂਚਾਗਤ ਸਮਾਜਕ ਤਬਦੀਲੀਆਂ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ। ਜੋ ਕਿ ਸਾਡੇ ਦੇਸ 'ਚ ਮਰਦਾਂ ਅਤੇ ਔਰਤਾਂ ਵਿਚਾਲੇ ਇੱਕ ਪਾੜੇ ਨੂੰ ਦਰਸਾਉਂਦੀਆਂ ਹਨ।" ਤਾਰਾ ਦਾ ਕਹਿਣਾ ਹੈ ਕਿ ਸਾਨੂੰ ਇਸ ਤਰ੍ਹਾਂ ਦੇ ਅਪਰਾਧ 'ਚ ਸਰਗਰਮ ਤੱਥ ਬਾਰੇ ਵਿਚਾਰ ਕਰਨ ਦੀ ਜਰੂਰਤ ਹੈ। ਇੱਥੇ ਸਰਗਰਮ ਤੱਥ ਮਰਦ ਹਨ। "ਅਸੀਂ ਇਸ ਸਭ ਨੂੰ ਕਿਵੇਂ ਰੋਕ ਸਕਦੇ ਹਾਂ? ਸਾਇਦ ਬਚਪਨ 'ਚ ਹੀ ਇਸ ਸਬੰਧੀ ਢੁੱਕਵੀਂ ਸਿੱਖਿਆ ਦੇ ਕੇ।" ਤਾਰਾ ਨੇ ਸਾਰੇ ਸਮਾਜਕ ਵਰਗਾਂ ਦੇ ਜਿੰਨੇ ਵੀ ਆਦਮੀਆਂ ਦੀ ਇੰਟਰਵਿਊ ਕੀਤੀ, ਉਨ੍ਹਾਂ 'ਚੋਂ ਕਿਸੇ ਨੂੰ ਵੀ ਸਕੂਲ 'ਚ ਸੈਕਸ ਸਬੰਧੀ ਸਿੱਖਿਆ ਨਹੀਂ ਸੀ ਦਿੱਤੀ ਗਈ। ਉਨ੍ਹਾਂ ਨੇ ਤਾਂ ਸੁਣੀਆਂ ਸੁਣਾਈਆਂ ਕਹਾਣੀਆਂ ਨੂੰ ਆਪਣੇ ਜਹਿਨ 'ਚ ਥਾਂ ਦਿੱਤੀ, ਜੋ ਕਿ ਉਨ੍ਹਾਂ ਨੇ ਸੈਕਸ ਵਰਕਰਾਂ, ਅਸਲੀਲ ਫਲਿਮਾਂ ਜਾਂ ਆਪਣੇ ਦੋਸਤਾਂ ਤੋਂ ਸੁਣੀਆਂ ਸਨ।

ਉਨ੍ਹਾਂ 'ਚੋਂ ਕਈ ਖੁਦ ਵੀ ਬਚਪਨ 'ਚ ਹਿੰਸਾ ਦਾ ਸਕਿਾਰ ਹੋ ਚੁੱਕੇ ਸਨ ਜਾਂ ਫਿਰ ਉਨ੍ਹਾਂ ਨੇ ਬਹੁਤ ਨਜਦੀਕ ਤੋਂ ਹਿੰਸਾ ਹੁੰਦੀ ਵੇਖੀ ਸੀ।" ਕਿਸੇ ਨੇ ਆਪਣੇ ਪਿਤਾ ਦੁਆਰਾ ਮਾਂ ਨੂੰ ਕੁੱਟਦਿਆਂ ਵੇਖਿਆ ਅਤੇ ਪਿਆਰ ਦੀ ਘਾਟ ਦਾ ਤਜਰਬਾ ਅਨੁਭਵ ਕੀਤਾ ਜਾਂ ਫਿਰ ਘਰ 'ਚ ਆਪਣੇ ਪਿਤਾ ਜਾਂ ਹੋਰ ਆਪਣੇ ਤੋਂ ਵੱਡੇ ਮਰਦ ਵੱਲੋਂ ਕੀਤੀ ਜਾਂਦੀ ਕੁੱਟਮਾਰ ਨੂੰ ਆਪਣੇ ਦਿਮਾਗ 'ਤੇ ਹਾਵੀ ਹੋਣ ਦਿੱਤਾ। ਸਮਾਜ ਦੇ ਹਰ ਵਰਗ 'ਚ ਅਜਿਹਾ ਹੁੰਦਾ ਹੈ।" ਖੋਜ ਇਹ ਵੀ ਦਰਸਾਉਂਦੀ ਹੈ ਕਿ ਮਰਦ ਤਾਕਤ ਦੇ ਪੂਰਨ ਅਹਿਸਾਸ ਨਾਲ ਪਲਦੇ ਹਨ।

# ਕੀ ਭਾਰਤ ਕੋਲ ਅਨਾਜ ਫਾਲਤੂ ਹੈ ?

ਭਾਰਤ ਵਿੱਚ ਹਰ ਸਾਲ ਲੱਖਾਂ ਟਨ ਅਨਾਜ ਖੁੱਲ੍ਹੇ ਅੰਬਰ ਹੇਠ ਪਿਆ ਸੜਦਾ ਰਹਿੰਦਾ ਹੈ, ਜਦੋਂਕਿ ਕਰੋੜਾਂ ਜ਼ਰੂਰਤਮੰਦ ਲੋਕਾਂ ਨੂੰ ਰੱਜਵੀਂ ਰੋਟੀ ਨਸੀਬ ਨਹੀਂ ਹੁੰਦੀ। ਦੇਸ਼ ਵਿੱਚ ਅੱਧੇ ਬੱਚੇ ਘੱਟ ਭਾਰ ਵਾਲੇ ਅਤੇ ਕਮਜ਼ੋਰ ਪੈਦਾ ਹੁੰਦੇ ਹਨ ਕਿਉਂਕਿ ਇਨ੍ਹਾਂ ਦੀਆਂ ਮਾਵਾਂ ਨੂੰ ਪੂਰੀ ਖੁਰਾਕ ਨਸੀਬ ਨਹੀਂ ਹੁੰਦੀ। ਦੂਜੇ ਪਾਸੇ ਦੇਸ਼ ਦੇ ਖੇਤੀ ਮੰਤਰੀ ਪੰਜਾਬੀਆਂ ਨੂੰ ਸਲਾਹ ਦੇ ਰਹੇ ਹਨ ਕਿ ਉਹ ਅਨਾਜ ਪੈਦਾ ਕਰਨਾ ਬੰਦ ਕਰ ਦੇਣ ਕਿਉਂਕਿ ਦੇਸ਼ ਨੂੰ ਹੁਣ ਇਸ ਦੀ ਲੋੜ ਨਹੀਂ ਹੈ। ਜੇਕਰ ਸਾਡੇ ਕੋਲ ਅਨਾਜ ਫਾਲਤੂ ਹੈ ਤਾਂ ਇਸ ਨੂੰ ਵਿਦੇਸ਼ਾਂ ਵਿੱਚ ਕਿਉਂ ਨਹੀਂ ਵੇਚਿਆ ਜਾਂਦਾ? ਵਿਦੇਸ਼ੀ ਕਰੰਸੀ ਲਈ ਕੰਪਨੀਆਂ ਨੂੰ ਭਾਰਤ ਵਿੱਚ ਆ ਕੇ ਲੂਣ-ਤੇਲ ਵੇਚਣ ਲਈ ਆਖਿਆ ਜਾ ਰਿਹਾ ਹੈ ਜਦੋਂਕਿ ਇੰਨਾ ਹੀ ਪੈਸਾ ਅਨਾਜ ਵੇਚ ਕੇ ਕਮਾਇਆ ਜਾ ਸਕਦਾ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਵਾਜਬ ਮੁੱਲ ਮਿਲ ਸਕਦਾ ਹੈ। ਲੱਖਾਂ ਟਨ ਗਲ-ਸੜ ਕੇ ਬਰਬਾਦ ਹੋ ਰਿਹਾ ਅਨਾਜ ਵੀ ਬਚ ਜਾਵੇਗਾ। ਵੈਸੇ ਇਹ ਸੱਚ ਨਹੀਂ ਹੈ। ਦੇਸ਼ ਵਿੱਚ ਅਨਾਜ ਫਾਲਤੂ ਨਹੀਂ ਹੈ ਪਰ ਗ਼ਰੀਬ ਲੋਕਾਂ ਕੋਲ ਇੰਨਾ ਪੈਸਾ ਨਹੀਂ ਹੈ ਕਿ ਉਹ ਰੱਜ ਕੇ ਰੋਟੀ ਖਾ ਸਕਣ। ਉਂਜ ਜੇਕਰ 'ਸਾਰਿਆਂ ਲਈ ਭੋਜਨ ਵਾਲਾ' ਬਿੱਲ ਪਾਸ ਹੋ ਕੇ ਲਾਗੂ ਹੋ ਗਿਆ ਤਾਂ ਸਾਰੇ ਲੋਕਾਂ ਨੂੰ ਸਸਤਾ ਭੋਜਨ ਦੇਣਾ ਕਠਿਨ ਹੋ ਜਾਵੇਗਾ। ਫਿਰ ਅਨਾਜ ਪੈਦਾ ਕਰਨ ਲਈ ਹੋਰ ਯਤਨ ਕਰਨੇ ਪੈਣਗੇ।

ਦੇਸ਼ ਵਿੱਚ ਅਬਾਦੀ ਦੇ ਵਾਧੇ ਦੀ ਦਰ ਅਨਾਜ ਵਿੱਚ ਹੋ ਰਹੇ ਵਾਧੇ ਦੀ ਦਰ ਤੋਂ ਵੱਧ ਹੈ। ਜਦੋਂ ਤਕ ਅਬਾਦੀ ਦੇ ਵਾਧੇ ਨੂੰ ਰੋਕਿਆ ਨਹੀਂ ਜਾਂਦਾ, ਉਦੋਂ ਤਕ ਦੇਸ਼ ਵਿੱਚ ਅਨਾਜ ਫਾਲਤੂ ਹੋ ਹੀ ਨਹੀਂ ਸਕਦਾ। ਸਾਨੂੰ ਇਸ ਵਿੱਚ ਵਾਧੇ ਲਈ ਯਤਨ ਕਰਨੇ ਹੀ ਪੈਣਗੇ। ਹੁਣ ਵੀ ਭਾਰਤੀਆਂ ਦੀ ਮੁੱਖ ਖੁਰਾਕ ਦਾਲਾਂ ਅਤੇ ਤੇਲ ਦਾ ਬਹੁਤਾ ਹਿੱਸਾ ਬਾਹਰੋਂ ਮੰਗਵਾਇਆ ਜਾਂਦਾ ਹੈ। ਇਹ ਵੀ ਸੱਚ ਹੈ ਕਿ ਪੰਜਾਬੀਆਂ ਨੂੰ ਕੁਝ ਰਕਬਾ ਚਾਰੇ ਦੀਆਂ ਫ਼ਸਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਹੇਠ ਲਿਆਉਣਾ ਚਾਹੀਦਾ ਹੈ ਕਿਉਂਕਿ ਮਨੁੱਖੀ ਸਰੀਰਕ ਵਿਕਾਸ ਲਈ ਕੇਵਲ ਅਨਾਜ ਹੀ ਨਹੀਂ ਸਗੋਂ ਸੰਤੁਲਿਤ ਭੋਜਨ ਦੀ ਲੋੜ ਹੈ। ਗ਼ਰੀਬਾਂ ਲਈ ਸਸਤੇ ਆਟੇ-ਦਾਲ ਦੀਆਂ ਜੋ ਸਕੀਮਾਂ ਵਿੱਚ ਦੁੱਧ ਅਤੇ ਸਬਜ਼ੀਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਸਾਨੂੰ ਭੋਜਨ ਦੀ ਪਰਿਭਾਸ਼ਾ ਬਦਲਣੀ ਪਵੇਗੀ। ਭੋਜਨ ਕੇਵਲ ਕਣਕ ਅਤੇ ਚਾਵਲ ਹੀ ਨਹੀਂ ਹੁੰਦਾ ਸਗੋਂ ਇਸ ਵਿੱਚ ਦਾਲਾਂ, ਤੇਲ, ਦੁੱਧ ਤੇ ਸਬਜ਼ੀਆਂ ਦਾ ਸ਼ਾਮਲ ਹੋਣਾ ਵੀ ਜ਼ਰੂਰੀ ਹੈ। ਜਦੋਂ ਤਕ ਅਜਿਹਾ ਨਹੀਂ ਹੁੰਦਾ ਉਦੋਂ ਤਕ ਦੇਸ਼ ਦੇ ਘੱਟੋ-ਘੱਟ ਅੱਧੇ ਬੱਚੇ ਸਿਹਤਮੰਦ ਪੈਦਾ ਨਹੀਂ ਹੋਣਗੇ। ਦੇਸ਼ ਦੀ ਬਹੁ-ਗਿਣਤੀ ਛੋਟੇ ਅਤੇ ਸੀਮਾਂਤੀ ਕਿਸਾਨਾਂ ਦੀ ਹੈ। ਉਨ੍ਹਾਂ ਦੀ ਗ਼ਰੀਬੀ ਕਣਕ-ਝੋਨੇ ਦੇ ਫ਼ਸਲ ਚੱਕਰ ਨਾਲ ਦੂਰ ਨਹੀਂ ਕੀਤੀ ਜਾ ਸਕਦੀ ਸਗੋਂ ਡੇਅਰੀ ਅਤੇ ਸਬਜ਼ੀਆਂ ਦੀ ਕਾਸ਼ਤ ਵੱਲ ਮੁੜਨਾ ਜ਼ਰੂਰੀ ਹੈ।

ਡਾ. ਕੁਰੀਅਨ ਵਰਗੀਸ ਨੇ ਗੁਜਰਾਤ ਵਿੱਚ ਇਹ ਸੱਚ ਕਰ ਵਿਖਾਇਆ ਹੈ। 'ਅਮੂਲ' ਦਾ ਨਾਂ ਭਾਰਤ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੋਇਆ ਹੈ। ਉੱਥੇ ਦੁੱਧ ਦਾ ਉਤਪਾਦਨ ਗ਼ਰੀਬ ਕਿਸਾਨ ਪਰਿਵਾਰ ਕਰਦੇ ਹਨ। ਗ਼ਰੀਬੀ ਨਾਲ ਜੂਝਦੇ ਕਿਸਾਨਾਂ ਨੂੰ ਗ਼ਰੀਬੀ ਵਿੱਚੋਂ ਕੱਢਿਆ ਗਿਆ ਹੈ। ਇਹੋ ਕੁਝ ਪੰਜਾਬ ਵਿੱਚ ਹੋ ਸਕਦਾ ਹੈ। ਲੋੜ ਸੁਚੱਜੇ ਅਤੇ ਗੰਭੀਰ ਯਤਨਾਂ ਦੀ ਹੈ। ਦੁੱਧ ਦੀ ਵਿਕਰੀ ਵਿੱਚ ਕੋਈ ਦਿੱਕਤ ਨਹੀਂ ਹੋ ਸਕਦੀ ਕਿਉਂਕਿ ਇਸ ਨੂੰ ਉਤਪਾਦਾਂ ਦੇ ਰੂਪ ਵਿੱਚ ਸਾਂਭਿਆ ਜਾ ਸਕਦਾ ਹੈ। ਸਬਜ਼ੀਆਂ ਦੀ ਵਿਕਰੀ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਸਾਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਦੇਸ਼ ਵਿੱਚੋਂ ਭੁੱਖਮਰੀ ਨੂੰ ਦੂਰ ਕਰਨ ਵਿੱਚ ਸਬਜ਼ੀਆਂ ਵਿਸ਼ੇਸ਼ ਯੋਗਦਾਨ ਪਾ ਸਕਦੀਆਂ ਹਨ। ਇਨ੍ਹਾਂ ਦਾ ਪ੍ਰਤੀ ਏਕੜ ਝਾੜ ਅਨਾਜੀ ਫ਼ਸਲਾਂ ਨਾਲੋਂ ਕਈ ਗੁਣਾ ਵੱਧ ਹੁੰਦਾ ਹੈ ਅਤੇ ਫ਼ਸਲ ਤਿਆਰ ਹੋਣ ਲਈ ਸਮਾਂ ਵੀ ਘੱਟ ਲੱਗਦਾ ਹੈ। ਸਬਜ਼ੀਆਂ ਦੀ ਵਿਕਰੀ ਦੇ ਪ੍ਰਬੰਧ ਦੇ ਨਾਲ-ਨਾਲ ਇਨ੍ਹਾਂ ਦੀ ਗੁਣਵੱਤਾ ਬਣਾਈ ਰੱਖਣਾ ਵੀ ਜ਼ਰੂਰੀ ਹੈ। ਸਰਕਾਰੀ ਯਤਨਾਂ ਦੇ ਨਾਲ ਹੀ ਕਿਸਾਨਾਂ ਨੂੰ ਆਪਣੇ ਗਰੁੱਪ ਵੀ ਬਣਾਉਣੇ ਪੈਣਗੇ ਤਾਂ ਜੋ ਰਲ ਕੇ ਵਿਕਰੀ ਦਾ ਪ੍ਰਬੰਧ ਕੀਤਾ ਜਾ ਸਕੇ ਤੇ ਗੁਣਵੱਤਾ ਬਣਾਈ ਰੱਖੀ ਜਾ ਸਕੇ।ਉਪਜ ਵਿੱਚ ਵਾਧਾ ਕੇਵਲ ਦੋ ਹੀ ਤਰੀਕਿਆਂ ਨਾਲ ਹੋ ਸਕਦਾ ਹੈ, ਰਕਬੇ ਵਿੱਚ ਵਾਧਾ ਕਰ ਕੇ ਜਾਂ ਪ੍ਰਤੀ ਯੂਨਿਟ ਉਪਜ ਵਿੱਚ ਵਾਧਾ ਕਰ ਕੇ। ਜਿੱਥੋਂ ਤਕ ਰਕਬੇ ਵਿੱਚ ਵਾਧੇ ਦਾ ਸਬੰਧ ਹੈ, ਇਹ ਅਸੰਭਵ ਜਾਪਦਾ ਹੈ। ਭਾਰਤ ਵਿੱਚ ਪਹਿਲਾਂ ਹੀ ਵਾਹੀ ਹੇਠ ਰਕਬਾ ਵੱਧ ਹੈ ਜਦੋਂਕਿ ਜੰਗਲ ਹੇਠ ਲੋੜ ਨਾਲੋਂ ਰਕਬਾ ਬਹੁਤ ਘੱਟ ਹੈ। ਪੰਜਾਬ ਵਿੱਚ ਤਾਂ ਹੋਰ ਵੀ ਬੁਰਾ ਹਾਲ ਹੈ। ਜੰਗਲ ਹੇਠ ਰਕਬਾ ਨਾਮਾਤਰ ਹੀ ਹੈ। ਸ਼ਹਿਰਾਂ ਦੇ ਨੇੜਲੀ ਉਪਜਾਊ ਧਰਤੀ ਨੂੰ ਸ਼ਹਿਰ ਬੜੀ ਤੇਜ਼ੀ ਨਾਲ ਖਾ ਰਹੇ ਹਨ। ਸੈਂਕੜੇ ਪਿੰਡ ਸ਼ਹਿਰਾਂ ਦੀ ਭੇਟ ਚੜ੍ਹ ਚੁੱਕੇ ਹਨ। ਵੱਡੀਆਂ ਫੈਕਟਰੀਆਂ ਵੀ ਉਪਜਾਊ ਜ਼ਮੀਨ ਨੂੰ ਹੜੱਪ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸ਼ਹਿਰਾਂ ਦੇ ਬਿਨਾਂ ਕਿਸੇ ਯੋਜਨਾ ਤੋਂ ਹੋ ਰਹੇ ਵਾਧੇ ਨੂੰ ਰੋਕਿਆ ਜਾਵੇ। ਉਪਜਾਊ ਧਰਤੀ ਉੱਤੇ ਨਵੀਆਂ ਕਲੋਨੀਆਂ ਨਾ ਕੱਟੀਆਂ ਜਾਣ। ਨਵੀਆਂ ਫੈਕਟਰੀਆਂ ਨੂੰ ਵਸੋਂ ਤੋਂ ਦੂਰ ਬੰਜਰ ਧਰਤੀ 'ਤੇ ਸਥਾਪਿਤ ਕੀਤਾ ਜਾਵੇ। ਇਸ ਨਾਲ ਵਾਤਾਵਰਨ ਦੇ ਪ੍ਰਦੂਸ਼ਣ ਨੂੰ ਵੀ ਰੋਕਿਆ ਜਾ ਸਕਦਾ ਹੈ। ਜਿੱਥੋਂ ਤਕ ਪ੍ਰਤੀ ਯੂਨਿਟ ਉਪਜ ਵਿੱਚ ਵਾਧੇ ਦਾ ਸਬੰਧ ਹੈ, ਇਸ ਦੇ ਵੀ ਦੋ ਹੀ ਢੰਗ ਹਨ, ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨੂੰ ਵਿਕਸਤ ਕਰਨਾ ਅਤੇ ਸਿੰਚਾਈ ਸਹੂਲਤਾਂ ਦਾ ਪ੍ਰਬੰਧ ਕਰਨਾ। ਪੰਜਾਬ ਵਿੱਚ ਆਏ ਹਰੇ ਇਨਕਲਾਬ ਲਈ ਤਿੰਨੇ ਪੱਖ ਇਕੱਠੇ ਕਾਰਜਸ਼ੀਲ ਹੋਏ ਸਨ। ਸਿੰਚਾਈ ਸਹੂਲਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਜਿਸ ਕਾਰਨ ਵਾਹੀ ਹੇਠ ਰਕਬੇ ਵਿੱਚ ਵੀ ਵਾਧਾ ਹੋਇਆ ਤੇ ਉਦੋਂ ਹੀ ਵੱਧ ਝਾੜ ਦੇਣ ਵਾਲੀਆਂ ਕਣਕ ਤੇ ਝੋਨੇ ਦੀਆਂ ਕਿਸਮਾਂ ਆ ਗਈਆਂ। ਪਿਛਲੇ ਕਈ ਦਹਾਕਿਆਂ ਤੋਂ ਤਕਨਾਲੋਜੀ ਵਿੱਚ ਕੋਈ ਚਮਤਕਾਰੀ ਖੋਜ ਨਹੀਂ ਹੋਈ ਹੈ। ਪੰਜਾਬ ਅੰਦਰ ਵਾਹੀ ਹੇਠ ਰਕਬੇ ਵਿੱਚ ਹੋਰ ਵਾਧਾ ਹੋਣਾ ਅਸੰਭਵ ਹੈ ਪਰ ਇਸ ਦੇ ਘੱਟ ਹੋਣ ਦਾ ਖ਼ਤਰਾ ਜ਼ਰੂਰ ਹੈ। ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਸਿੰਚਾਈ ਸਹੂਲਤਾਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ਼ ਵਿੱਚ ਪਾਣੀ ਦੀ ਕਮੀ ਹੋ ਰਹੀ ਹੈ ਪਰ ਫਿਰ ਵੀ ਸਮੁੰਦਰ ਵਿੱਚ ਜਾਣ ਦੀ ਥਾਂ ਦਰਿਆਵਾਂ ਦਾ ਪਾਣੀ ਗੁਆਂਢੀਆਂ ਨਾਲ ਜ਼ਰੂਰ ਸਾਂਝਾ ਕਰ ਲੈਣਾ ਚਾਹੀਦਾ ਹੈ। ਦੇਸ਼ ਤਾਂ ਇੱਕ ਹੀ ਹੈ। ਦੂਜਾ ਖੇਤੀ ਖੋਜ ਦੀ ਆਈ ਖੜੋਤ ਨੂੰ ਤੋੜਨ ਲਈ ਖੋਜ ਸੰਸਥਾਵਾਂ ਦੀ ਮਾਇਕ ਸਹਾਇਤਾ ਖੁੱਲ੍ਹ ਕੇ ਕੀਤੀ ਜਾਵੇ।ਸਾਡੇ ਦੇਸ਼ ਵਿੱਚ ਖੇਤੀ ਉਪਜ ਦੀ ਸਾਂਭ-ਸੰਭਾਲ ਵੱਲ ਉੱਨਾ ਧਿਆਨ ਨਹੀਂ ਦਿੱਤਾ ਗਿਆ ਜਿੰਨਾ ਦਿੱਤਾ ਜਾਣਾ ਚਾਹੀਦਾ ਹੈ। ਜਿੰਨੇ ਮੁੱਲ ਦਾ ਅਨਾਜ ਨੀਲੇ ਅੰਬਰ ਹੇਠ ਪਿਆ ਸੜ ਰਿਹਾ ਹੈ, ਉੱਨੇ ਪੈਸਿਆਂ ਨਾਲ ਸਾਰੀਆਂ ਵੱਡੀਆਂ ਮੰਡੀਆਂ ਵਿੱਚ ਆਧੁਨਿਕ ਗੁਦਾਮ (ਸਾਈਲੋ) ਉਸਾਰੇ ਜਾ ਸਕਦੇ ਸਨ। ਇਸ ਦਾ ਇੱਕ ਕਾਰਨ ਖਰਾਬੇ ਕਾਰਨ ਹੋਣ ਵਾਲੀ ਲੁੱਟ ਨਹੀਂ ਹੋ ਸਕੇਗੀ। ਬੇਈਮਾਨੀ ਹੀ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਇਸ ਕਮੀ ਨੂੰ ਪੂਰਾ ਕਰਨ ਲਈ ਹੁਣ ਵਿਦੇਸ਼ੀ ਕੰਪਨੀਆਂ ਨੂੰ ਬੁਲਾਇਆ ਜਾ ਰਿਹਾ ਹੈ। ਵਿਦੇਸ਼ੀ ਕੰਪਨੀਆਂ ਤਾਂ ਪਹਿਲਾਂ ਹੀ ਇੱਥੇ ਹਨ ਪਰ ਕੋਈ ਬਹੁਤਾ ਫ਼ਰਕ ਨਹੀਂ ਪਿਆ। ਕੁਝ ਦਹਾਕੇ ਪਹਿਲਾਂ ਪੈਪਸੀ ਨੂੰ ਦੇਸ਼ ਵਿੱਚ ਆਉਣ ਦੀ ਆਗਿਆ ਇਸੇ ਸ਼ਰਤ 'ਤੇ ਦਿੱਤੀ ਗਈ ਸੀ ਕਿ ਉਹ ਖੇਤੀ ਉਪਜ ਦਾ ਪਦਾਰਥੀਕਰਨ ਕਰੇਗੀ। ਪੰਜਾਬ ਨੇ ਉਸ ਸਮੇਂ ਸਭ ਤੋਂ ਵੱਧ ਹਮਾਇਤ ਕੀਤੀ ਸੀ। ਉਨ੍ਹਾਂ ਟਮਾਟਰਾਂ ਦਾ ਇੱਕ ਕਾਰਖਾਨਾ ਲਗਾਇਆ। ਪਿੰਡਾਂ ਵਿੱਚ ਵੀ ਗਏ ਪਰ ਕੁਝ ਸਾਲਾਂ ਵਿੱਚ ਹੀ ਚਾਅ ਮੱਠਾ ਪੈ ਗਿਆ। ਉਹ ਕਾਰਖਾਨਾ ਤਾਂ ਬੰਦ ਹੋ ਗਿਆ ਪਰ ਪੈਪਸੀ ਸਾਡੇ ਜੀਵਨ ਦਾ ਅੰਗ ਬਣ ਗਿਆ ਹੈ। ਪਹਿਲਾਂ ਵੀ ਭਾਰਤੀ ਕੰਪਨੀਆਂ ਦੇ ਸਟੋਰ ਹਨ ਪਰ ਉਹ ਮਸਾਂ ਇੱਕ ਫ਼ੀਸਦੀ ਉਪਜ ਨੂੰ ਹੀ ਵੇਚ ਸਕਦੇ ਹਨ। ਸਰਕਾਰ ਨੂੰ ਨਿੱਜੀ ਕੰਪਨੀਆਂ ਨਾਲ ਸਾਂਝ ਪਾ ਕੇ ਅੱਗੇ ਆਉਣਾ ਪਵੇਗਾ ਅਤੇ ਤਿਆਰ ਮਾਲ ਵਿਦੇਸ਼ਾਂ ਨੂੰ ਭੇਜਣਾ ਪਵੇਗਾ।ਜਿਹੜੇ ਵਿਦੇਸ਼ੀ ਕੰਪਨੀਆਂ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਦਾ ਡਰ ਵੀ ਨਿਰਾਧਾਰ ਹੈ। ਇਨ੍ਹਾਂ ਸਟੋਰਾਂ ਉੱਤੇ ਵਸੋਂ ਦਾ ਮਸਾਂ 20 ਫ਼ੀਸਦੀ ਹਿੱਸਾ ਹੀ ਜਾਂਦਾ ਹੈ। ਬਹੁਤੇ ਲੋਕ ਤਾਂ ਰੇਹੜੀ ਜਾਂ ਨੁੱਕੜ ਵਾਲੀ ਦੁਕਾਨ ਤੋਂ ਨਿੱਤ ਤਾਜ਼ੀ ਸਬਜ਼ੀ ਹੀ ਖਰੀਦਦੇ ਹਨ। ਗ਼ਰੀਬ ਦਿਹਾੜੀ ਦੇ ਪੈਸੇ ਲੈ ਕੇ ਰੋਜ਼ ਆਪ ਦਾਲ ਖਰੀਦਦਾ ਹੈ। ਸਵੇਰੇ ਉਠ ਉਹ ਡੰਗ ਦੀ ਚਾਹ-ਪੱਤੀ ਲੈਂਦਾ ਹੈ। ਪਿਛਲੇ ਸਾਲਾਂ ਵਿੱਚ ਗਾਹਕਾਂ ਦੀ ਕਮੀ ਕਾਰਨ ਸਟੋਰ ਤਾਂ ਕਈ ਬੰਦ ਹੋਏ ਹਨ ਪਰ ਕੋਈ ਰੇਹੜੀ ਵਾਲਾ ਬੇਕਾਰ ਨਹੀਂ ਹੋਇਆ। ਭੋਜਨ ਵਸੋਂ ਦੀ ਮੁੱਢਲੀ ਲੋੜ ਹੈ। ਇਸ ਵੱਲੋਂ ਅਵੇਸਲੇ ਨਹੀਂ ਹੋਇਆ ਜਾ ਸਕਦਾ। ਪਹਿਲ ਖੇਤੀ ਵਿਕਾਸ ਨੂੰ ਦੇਣੀ ਚਾਹੀਦੀ ਹੈ। ਪੰਡਤ ਨਹਿਰੂ ਦੇ ਸ਼ਬਦ ਹੁਣ ਵੀ ਸਾਰਥਿਕ ਹਨ, ਹੋਰ ਸਭ ਕੁਝ ਉਡੀਕ ਕਰ ਸਕਦਾ ਹੈ ਪਰ ਖੇਤੀ ਵਿਕਾਸ ਨੂੰ ਪਹਿਲ ਦੇਣੀ ਪਵੇਗੀ।

# ਸ਼ਿਕਾਰੀ ਖੁਦ ਸ਼ਿਕਾਰ

ਚੋਰਾਂ ਬਦਮਾਸ਼ਾਂ ਵੱਲੋਂ ਲੁੱਟ ਖੋਹ ਲਈ ਵਰਤੇ ਜਾਂਦੇ ਤਰੀਕਿਆਂ ਵਿੱਚੋਂ ਸਭ ਤੋਂ ਸੌਖਾ ਤਰੀਕਾ ਸ਼ਿਕਾਰ ਨੂੰ ਜ਼ਹਿਰ ਦੇ ਕੇ ਲੁੱਟਣ ਦਾ ਹੈ। ਧਾਰਮਿਕ ਸਥਾਨਾਂ ਦੇ ਨਜ਼ਦੀਕ ਅਤੇ ਰੇਲਵੇ ਸਫਰ ਦੌਰਾਨ ਅਣਭੋਲ ਸ਼ਰਧਾਲੂਆਂ ਤੇ ਮੁਸਾਫਰਾਂ ਨੂੰ ਨਸ਼ੀਲਾ ਪਦਾਰਥ ਮਿਲੇ ਪ੍ਰਸ਼ਾਦ ਜਾਂ ਬਿਸਕੁਟ ਖਵਾ ਕੇ ਬੇਹੋਸ਼ ਕਰ ਕੇ ਸਮਾਨ ਗਾਇਬ ਕਰ ਦਿੱਤਾ ਜਾਂਦਾ ਹੈ। ਇਹ ਜ਼ਹਿਰ ਐਨਾ ਤੇਜ਼ ਹੁੰਦਾ ਹੈ ਕਿ ਕਈ ਵਾਰ ਸ਼ਿਕਾਰ ਕਈ ਕਈ ਦਿਨ ਸੁੱਤਾ ਰਹਿੰਦਾ ਹੈ ਤੇ ਭੁੱਖ ਪਿਆਸ ਨਾਲ ਉਸ ਦੀ ਮੌਤ ਹੋ ਜਾਂਦੀ ਹੈ। ਜਦੋਂ ਮੈਂ ਮਜੀਠਾ ਸਬ ਡਵੀਜ਼ਨ ਦਾ ਡੀ.ਐਸ.ਪੀ. ਸੀ ਤਾਂ ਮੇਰਾ ਅਜਿਹੇ ਕਈ ਕੇਸਾਂ ਨਾਲ ਵਾਹ ਪਿਆ ਸੀ। ਇੱਕ ਵਾਰ ਸੜਕ ਕਿਨਾਰੇ ਝਾੜੀਆਂ ਵਿੱਚੋਂ ਇੱਕ ਟਰੱਕ ਡਰਾਈਵਰ ਦੀ ਲਾਸ਼ ਮਿਲੀ ਸੀ। ਜਦੋਂ ਉਸ ਦਾ ਪੋਸਟਮਾਰਟਮ ਕਰਵਾਇਆ ਗਿਆ ਤਾਂ ਪਤਾ ਲੱਗਾ ਕਿ ਇਹ ਭੁੱਖ ਪਿਆਸ ਕਾਰਨ ਮਰਿਆ ਹੈ। ਕਿਸੇ ਦੇ ਗਲੋਂ ਇਹ ਗੱਲ ਨਾ ਉੱਤਰੇ ਕਿ ਪੰਜਾਬ ਵਿੱਚ ਕੋਈ ਵਿਅਕਤੀ ਭੁੱਖ ਪਿਆਸ ਕਾਰਨ ਕਿਵੇਂ ਮਰ ਸਕਦਾ ਹੈ? ਤਫਤੀਸ਼ ਕਰਨ 'ਤੇ ਸਾਰੀ ਗੱਲ ਸਾਫ ਹੋ ਗਈ ਤੇ ਜ਼ਹਿਰ ਦੇ ਕੇ ਮਾਰਨ ਵਾਲਾ ਗਿਰੋਹ ਪਕੜਿਆ ਗਿਆ। ਉਹ ਗਿਰੋਹ ਉਦੋਂ ਤੱਕ ਦਰਜ਼ਨ ਤੋਂ ਵੱਧ ਟਰੱਕ ਲੁੱਟ ਚੁੱਕਾ ਸੀ ਤੇ ਛੇ ਸੱਤ ਬੰਦੇ ਮਾਰ ਚੁੱਕਾ ਸੀ। ਅੰਮ੍ਰਿਤਸਰ ਵਿੱਚ ਖੂਬਸੂਰਤ ਔਰਤਾਂ ਦਾ ਇੱਕ ਅਜਿਹਾ ਹੀ ਗਿਰੋਹ ਸਰਗਰਮ ਹੈ ਜੋ ਅਮੀਰ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਕਿਸੇ ਹੋਟਲ ਵਿੱਚ ਲੈ ਜਾਂਦੀਆਂ ਤੇ ਖਾਣੇ ਜਾਂ ਸ਼ਰਾਬ ਵਿੱਚ ਜ਼ਹਿਰ ਦੇ ਕੇ ਲੁੱਟ ਪੁੱਟ ਕੇ ਗਾਇਬ ਹੋ ਜਾਂਦੀਆਂ ਹਨ। ਅਗਲੇ ਦਿਨ ਆਸ਼ਿਕ ਸਾਹਿਬ ਬੇਹੋਸ਼ ਜਾਂ ਮਰੇ ਹੋਏ ਲੱਭਦੇ ਹਨ ਤੇ ਘਰ ਵਾਲੇ ਵੀ ਸ਼ਰਮ ਦੇ ਮਾਰੇ ਮਾਮਲੇ ਨੂੰ ਬਹੁਤੀ ਤੂਲ ਨਹੀਂ ਦਿੰਦੇ। ਅਜਿਹਾ ਹੀ ਇੱਕ ਮਾਮਲਾ ਮੇਰੇ ਗੰਨਮੈਨ ਟੋਨੀ (ਨਾਮ ਬਦਲਿਆ ਹੋਇਆ) ਨਾਲ ਵਾਪਰਿਆ ਸੀ। ਜੁਲਾਈ 2003 ਦਾ ਮਹੀਨਾ ਸੀ ਤੇ ਉਹ ਕੈਸ਼ੀਅਰ ਤੋਂ ਤਨਖਾਹ ਲੈ ਕੇ ਘਰ ਨੂੰ ਜਾ ਰਿਹਾ ਸੀ। ਜਦੋਂ ਉਹ ਪੁਲਿਸ ਲਾਈਨ ਤੋਂ ਬਾਹਰ ਨਿਕਲਿਆ ਤਾਂ ਦੋ ਔਰਤਾਂ ਨੇ ਉਸ ਦੇ ਸਕੂਟਰ ਨੂੰ ਹੱਥ ਦੇ ਦਿੱਤਾ। ਉਨ੍ਹਾਂ ਵਿੱਚੋਂ ਇੱਕ ਸਿਆਣੀ ਉਮਰ ਦੀ ਤੇ ਦੂਸਰੀ ਬਹੁਤ ਹੀ ਖੂਬਸੂਰਤ ਤੇ ਜਵਾਨ ਸੀ। ਸੁੰਦਰ ਔਰਤ ਵੇਖ ਕੇ ਟੋਨੀ ਦੀਆਂ ਲਾਲਾਂ ਵਗਣ ਲੱਗ ਪਈਆਂ ਤੇ ਸਕੂਟਰ ਥਾਏਂ ਹੀ ਗੱਡਿਆ ਗਿਆ। ਬਜ਼ੁਰਗ ਔਰਤ ਨੇ ਟੋਨੀ ਨੂੰ ਕਿਹਾ ਕਿ ਅਸੀਂ ਬੱਸ ਸਟੈਂਡ ਜਾਣਾ ਹੈ, ਜੇ ਤੁਸੀਂ ਉਧਰ ਚੱਲੇ ਹੋ ਤਾਂ ਸਾਨੂੰ ਵੀ ਨਾਲ ਲੈ ਜਾਉ। ਟੋਨੀ ਨੇ ਜਾਣਾ ਤਾਂ ਵੇਰਕੇ ਵੱਲ ਸੀ, ਪਰ ਉਸ ਨੇ ਫਟਾਫਟ ਬੱਸ ਸਟੈਂਡ ਜਾਣ ਦੀ ਹਾਮੀ ਭਰ ਦਿੱਤੀ।

ਹਰ ਬੰਦੇ ਨੂੰ ਵਹਿਮ ਹੁੰਦਾ ਹੈ ਕਿ ਮੈਂ ਬਹੁਤ ਹੀ ਖੂਬਸੂਰਤ ਹਾਂ ਤੇ ਇਹ ਔਰਤ ਮੇਰੀ ਸੁੰਦਰਤਾ 'ਤੇ ਮਰ ਗਈ ਹੈ। ਪਰ ਅਸਲ ਵਿੱਚ ਸ਼ਿਕਾਰੀ ਨੂੰ ਸਿਰਫ ਸ਼ਿਕਾਰ ਦੀ ਜ਼ੇਬ ਨਾਲ ਮਤਲਬ ਹੁੰਦਾ ਹੈ। ਬੱਸ ਸਟੈਂਡ ਪਹੁੰਚਣ ਤੋਂ ਪਹਿਲਾਂ ਹੀ ਟੋਨੀ ਨੇ ਔਰਤਾਂ ਨਾਲ ਅੱਟੀ ਸੱਟੀ ਲਾ ਲਈ ਤੇ ਉਨ੍ਹਾਂ ਨੂੰ ਲੈ ਕੇ ਬੱਸ ਸਟੈਂਡ ਦੇ ਸਾਹਮਣੇ ਇੱਕ ਘਟੀਆ ਜਿਹੇ ਹੋਟਲ ਵਿੱਚ ਦੋ ਘੰਟੇ ਲਈ ਕਮਰਾ ਲੈ ਕੇ ਜਾ ਵੜਿਆ। ਕਮਰੇ ਵਿੱਚ ਪਹੁੰਚਦੇ ਹੀ ਔਰਤਾਂ ਨੇ ਆਪਣੀ ਗੇਮ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਟੋਨੀ ਨੂੰ ਕਿਹਾ ਕਿ ਗਰਮੀ ਬਹੁਤ ਹੈ, ਇਸ ਲਈ ਪਹਿਲਾਂ ਕੋਲਡ ਡਰਿੰਕ ਪੀਤਾ ਜਾਵੇ। ਟੋਨੀ ਨੇ ਫਟਾਫਟ ਤਿੰਨ ਬੋਤਲਾਂ ਕੋਲਡ ਡਰਿੰਕ ਦੀਆਂ ਮੰਗਾ ਲਈਆਂ। ਜਦੋਂ ਕੋਲਡ ਡਰਿੰਕ ਆਇਆ ਤਾਂ ਟੋਨੀ ਕਮੀਜ਼ ਬਾਹਰ ਟੰਗ ਕੇ ਫਰੈੱਸ਼ ਹੋਣ ਲਈ ਬਾਥਰੂਮ ਵਿੱਚ ਜਾ ਵੜਿਆ ਕਿ ਮੂੰਹ ਹੱਥ ਧੋ ਕੇ ਅਰਾਮ ਨਾਲ ਪੀਂਦੇ ਹਾਂ। ਅਚਾਨਕ ਉਸ ਨੂੰ ਖਿਆਲ ਆਇਆ ਕਿ ਮੇਰੀ ਤਨਖਾਹ ਤਾਂ ਕਮੀਜ਼ ਦੀ ਜ਼ੇਬ ਵਿੱਚ ਹੈ, ਇਹ ਔਰਤਾਂ ਕਿਤੇ ਪੈਸੇ ਹੀ ਨਾ ਕੱਢ ਲੈਣ। ਉਹ ਹੱਥ ਮੂੰਹ ਧੋਤੇ ਬਗੈਰ ਹੀ ਕਾਹਲੀ ਨਾਲ ਬਾਹਰ ਨਿਕਲ ਆਇਆ। ਉਸ ਨੇ ਵੇਖਿਆ ਕਿ ਬਜ਼ੁਰਗ ਔਰਤ ਉਸ ਦੇ ਕੋਲਡ ਡਰਿੰਕ ਦੀ ਬੋਤਲ ਵਿੱਚ ਚੂਰਨ ਵਰਗਾ ਕੋਈ ਪਾਊਡਰ, ਜੋ ਅਸਲ ਵਿੱਚ ਜ਼ਹਿਰ ਸੀ, ਮਿਲਾ ਰਹੀ ਹੈ। ਟੋਨੀ ਨੂੰ ਵੇਖ ਕੇ ਉਹ ਆਪਣੀਆਂ ਬੋਤਲਾਂ ਵਿੱਚ ਵੀ ਝੂਠੀ ਮੂਠੀ ਚੂਰਨ ਮਿਲਾਉਣ ਦੀ ਐਕਟਿੰਗ ਕਰਨ ਲੱਗ ਪਈ। ਟੋਨੀ ਦੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਇਹ ਕਾਲਾ ਲੂਣ ਹੈ, ਇਸ ਨਾਲ ਕੋਲਡ ਡਰਿੰਕ ਦਾ ਸਵਾਦ ਬਹੁਤ ਵਧ ਜਾਂਦਾ ਹੈ।

ਟੋਨੀ ਕਮੀਜ਼ ਚੁੱਕ ਕੇ ਫਿਰ ਬਾਥਰੂਮ ਵਿੱਚ ਜਾ ਵੜਿਆ ਤੇ ਕਾਮ ਵਾਸ਼ਨਾ ਨਾਲ ਅੰਨ੍ਹੇ ਹੋਏ ਹੋਣ ਕਾਰਨ ਉਸ ਨੂੰ ਇਸ ਸਬੰਧੀ ਕੋਈ ਸ਼ੱਕ ਨਾ ਹੋਇਆ। ਪਰ ਲੱਗਦਾ ਹੈ ਕਿ ਉਸ ਦਿਨ ਉਸ ਦੀ ਕਿਸਮਤ ਸਾਥ ਦੇ ਰਹੀ ਸੀ। ਬਾਥਰੂਮ ਤੋਂ ਬਾਹਰ ਆ ਕੇ ਉਸ ਨੇ ਅਜੇ ਕੋਲਡ ਡਰਿੰਕ ਦਾ ਇੱਕ ਘੁੱਟ ਹੀ ਭਰਿਆ ਸੀ ਕਿ ਅਚਾਨਕ ਏਅਰ ਕੰਡੀਸ਼ਨਰ ਬੰਦ ਹੋ ਗਿਆ। ਟੋਨੀ ਉੱਠ ਕੇ ਏ.ਸੀ. ਬਾਰੇ ਕਹਿਣ ਲਈ ਰਿਸੈੱਪਸ਼ਨ ਵੱਲ ਜਾਣ ਲੱਗਾ ਤਾਂ ਔਰਤਾਂ ਉਸ ਨੂੰ ਰੋਕਣ ਲੱਗ ਪਈਆਂ ਕਿ ਕੋਲਡ ਡਰਿੰਕ ਪੀ ਕੇ ਚਲਾ ਜਾਈਂ, ਪਰ ਟੋਨੀ ਨਾ ਰੁਕਿਆ। ਜ਼ਹਿਰ ਐਨਾ ਤੇਜ਼ ਸੀ ਕਿ ਕੋਲਡ ਡਰਿੰਕ ਦਾ ਸਿਰਫ ਇੱਕ ਘੁੱਟ ਪੀਣ ਨਾਲ ਹੀ ਟੋਨੀ ਦਾ ਦਿਮਾਗ ਹਿੱਲ ਗਿਆ ਤੇ ਰਿਸੈੱਪਸ਼ਨ 'ਤੇ ਪਹੁੰਚਣ ਤੱਕ ਉਹ ਇਹ ਹੀ ਭੁੱਲ ਗਿਆ ਉਹ ਕੌਣ ਹੈ ਤੇ ਇਥੇ ਕੀ ਕਰਨ ਆਇਆ ਹੈ। ਉਹ ਡਿੱਗਦਾ ਢਹਿੰਦਾ ਜਾ ਕੇ ਸੰਗਮ ਸਿਨੇਮੇ ਦੇ ਸਾਹਮਣੇ ਚੌਂਕ ਵਿੱਚ ਲੰਮਾ ਪੈ ਗਿਆ ਤੇ ਪਾਗਲਾਂ ਵਾਲੀਆਂ ਹਰਕਤਾਂ ਕਰਨ ਲੱਗ ਪਿਆ। ਚੰਗੀ ਕਿਮਸਤ ਨੂੰ ਚੌਂਕ ਵਿੱਚ ਉਸ ਦੇ ਪਿੰਡ ਦਾ ਸਿਪਾਹੀ ਟਰੈਫਿਕ ਡਿਊਟੀ ਦੇ ਰਿਹਾ ਸੀ। ਕਿਉਂਕਿ ਟੋਨੀ ਨਸ਼ੇ ਪੱਤੇ ਕਰਨ ਦਾ ਆਦੀ ਸੀ, ਇਸ ਲਈ ਉਸ ਸਿਪਾਹੀ ਨੇ ਸੋਚਿਆ ਕਿ ਸ਼ਾਇਦ ਇਸ ਨੇ ਭੰਗ ਵਗੈਰਾ ਜਿਆਦਾ ਖਾ ਲਈ ਹੈ। ਉਹ ਉਸ ਨੂੰ ਚੁੱਕ ਕੇ ਉਸ ਦੇ ਘਰ ਛੱਡ ਆਇਆ। ਜਦੋਂ ਟੋਨੀ ਦੋ ਤਿੰਨ ਦਿਨ ਡਿਊਟੀ 'ਤੇ ਨਾ ਆਇਆ ਤਾਂ ਮੈਂ ਬਾਕੀ ਗੰਨਮੈਨਾਂ ਤੋਂ ਉਸ ਬਾਰੇ ਪੁੱਛਿਆ। ਉਨ੍ਹਾਂ ਦੱਸਿਆ ਕਿ ਉਹ ਤਾਂ ਭੰਗ ਪੀ ਕੇ ਘਰ ਹੀ ਪਿਆ ਹੈ। ਜਦੋਂ ਉਹ ਹਫਤੇ ਕੁ ਬਾਅਦ ਹਾਜ਼ਰ ਹੋਇਆ ਤਾਂ ਅਸਲੀ ਗੱਲ ਪਤਾ ਲੱਗੀ। ਉਹ ਅਜੇ ਵੀ ਇਹ ਸੋਚ ਕੇ ਕੰਬ ਉੱਠਦਾ ਹੈ ਕਿ ਜੇ ਉਸ ਨੇ ਕੋਲਡ ਡਰਿੰਕ ਦੀ ਪੂਰੀ ਬੋਤਲ ਪੀ ਲਈ ਹੁੰਦੀ ਤਾਂ ਉਸ ਦਾ ਕੀ ਬਣਦਾ? ਲੋਕਾਂ ਨੇ ਤਾਂ ਭੋਗ 'ਤੇ ਵੀ ਗਾਲ੍ਹਾਂ ਕੱਢਣੀਆਂ ਸਨ ਕਿ ਕਿਹੋ ਜਿਹੀ ਭੈੜੀ ਮੌਤੇ ਮਰਿਆ ਹੈ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਬਦਲਦੇ ਚਿਹਰੇ !!

"ਵੇ ਕਾਕੇ ਏਧਰ ਆ, ਤੂੰ ਵੋਟਾਂ ਬਣਾਉਂਦਾ ਏ ਨਾਂ, ਸਾਡੀਆਂ ਦੋਵਾਂ ਕੁੜੀਆਂ ਦੇ ਬਣਾ ਦੇ, ਲੈ ਲਵੀਂ ਜਿਹੜੇ 20-50 ਲੈਣੇ ਨੇ"। ਇਲੈਕਸ਼ਨ ਕਮਿਸ਼ਨ ਆਲ੍ਹਾ ਝੋਲਾ ਟੰਗੀਂ ਜਾਂਦੇ ਨੂੰ, ਗੇਟ ਚੋਂ ਹੂਬਹੂ 'ਨਿਰਮਲ ਰਿਸ਼ੀ' ਦੇ 'ਨਿੱਕਾ ਜੈਲਦਾਰ' ਆਲੀ 'ਦਾਦੀ' ਵਰਗੀ ਅਸਲੀ 'ਦਾਦੀ' ਨੇ ਮਰਦਾਨਾ ਆਵਾਜ਼ ਚ ਲਗਭਗ ਹੁਕਮ ਈ ਸੁਣਾਇਆ। ਮੈਂ ਐਕਟਿਵਾ ਰੋਕ ਅੰਦਰ ਵੜਿਆ, ਤਾਂ ਮਾਤਾ ਨੂੰਹ ਨੂੰ ਗੁੱਸੇ ਨਾਲ,"ਕਿੱਥੇ ਮਰਗੀ ਏਂ, ਲੈ ਆ ਕੁਰਸੀ ਹੋਰ ਚੁਲ੍ਹੇ ਕੋਲ੍ਹ ਈ ਆ ਜਾਵੇ ਅਗਲਾ,,," । ਮੈਂ ਸਮਝ ਗਿਆ, ਅਸਲ ਚ ਇਸ਼ਾਰਾ ਮੈਨੂੰ ਸੀ ਕਿ ਖੜਜਾ ਇੱਥੇ ਈ। ਇੰਨੇ ਨੂੰ ਬੀਬੀ ਦਾ ਪੁੱਤਰ ਰੇਸ਼ਮ ਆ ਗਿਆ, "ਹੋਰ ਜੀ ਮਾਸਟਰ ਜੀ! ਆਓ-ਆਓ ਬਾਹਰ ਕਿਉਂ ਖੜ੍ਹੇ ਜੇ, ਤੁਸੀਂ ਬੈਠੋ, ਵੋਟ ਬਣਾ ਕੇ ਜਾਇਓ, ਮਾਫ ਕਰਨਾ, ਮੈਂ ਪਿੰਡ ਚੱਲਿਆਂ, ਪਟਵਾਰੀ ਆ ਰਿਹਾ ਏ ਗਿਰਦਾਵਰੀ ਕਰਨ" । ਮਾਤਾ ਸਮਝ ਗਈ, ਕਮੇਟੀਆਂ ਕੱਠੀ ਕਰਨ ਆਲੇ ਏਜੰਟਾ ਤੇ ਵੋਟ ਬਣਾਉਣ ਆਲਿਆਂ ਚ ਫਰਕ ਏ। ਲੀਡਰਾਂ ਵਾਂਗ ਤੁਰੰਤ ਪਲਟਦਿਆਂ ਮਾਤਾ ਨੇਂ ਆਡਰ ਕੀਤੇ,"ਵੇ ਕੁੜੇ ਪਹਿਲਾਂ ਚਾਹ ਤਾਂ ਧਰੋ, ਆ ਮਾਸਟਰ ਜੀ ਕਿਹੜਾ ਰੋਜ-ਰੋਜ ਘਰੇ ਆਉਂਦੇ ਨੇਂ, ਆਜਾ-ਆਜਾ ਪੁੱਤਰ" । ਮੈਂ ਫਾਰਮ ਭਰਨ ਲੱਗਾ। "ਪੁੱਤ, ਆ ਗੁਰਪ੍ਰੀਤ ਏ, 16ਮੀ ਚ ਪੜ੍ਹਦੀ ਏ, ਅਔਰ ਵੱਡੇ ਕਾਲਜ ਚ, ਛੋਟੀ ਸਿਮਰਨ ਹੁਣ 13ਮੀ ਚ ਏ, ਜੈ ਵੱਢੀ ਦਾ ਲੋਕਡੋਨ ਡੂਢ ਸਾਲ ਲੱਗਾ ਰਿਯਾ, ਪਰ ਕੰ,,,ਰਾਂ ਨੇ ਫੀਸ ਚੋਂ ਠਿਆਨੀ ਨੀਂ ਛੱਡੀ, ਬਾਕੀ ਸਾਡੀ ਗੁਰਪ੍ਰੀਤ ਪੜ੍ਹਾਈ ਚੋਂ ਹੁਸ਼ਿਆਰ ਬੜੀ ਏ, ਘਰਦਾ ਵੀ ਸਾਰਾ ਈ ਕੰਮ ਜਾਣਦੀ ਏ" । ਮੈਂ ਪਾਣੀ ਪੀ ਗਲਾਸ ਥੱਲੇ ਰੱਖਿਆ ਤੇ ਜਰੂਰੀ ਕਾਗਜਾਂ ਤੇ ਦਸਤਖਤ ਕਰਵਾਏ। ਇੰਨੇ ਨੂੰ ਚਾਹ ਤੇ ਬਿਸਕੁਟ ਆ ਗਏ ।

ਮੈਂ ਦੋ ਚੁਸਕੀਆਂ ਈ ਲਈਆਂ ਸੀ ਕਿ,"ਪੁੱਤ, ਤਨਖਾਹ ਕਿੰਨੀ ਕੁ ਏ, ਤੇਰੀ ? ਅੱਜਕਲ ਮਾਸਟਰ ਕਿਹੜੇ ਇਕੋ ਤਰਾਂ ਦੇ ਨੇਂ, ਤੂੰ ਪੱਕਾ ਏ ਜਾਂ ਟੈਂਕੀ ਵਾਲਾ ਈ ਏਂ" ? ਮਾਤਾ ਨੇਂ ਪੁੱਛਿਆ। "ਜੀ, ਮੈਂ ਸੀ ਤਾਂ ਟੈਂਕੀ ਆਲ੍ਹਾ ਈ ਪਰ ਹੁਣ ਪੱਕਾ ਆਂ" । ਅੱਖਾਂ ਚ ਚਮਕ ਨਾਲ, ਮਾਤਾ ਨੇ ਪੁੱਛਿਆ,"ਤੁਸੀਂ ਵੀ ਜਿੰਮੀਦਾਰਾਂ ਚੋਂ ਆਉਂਦੇ ਜੇ ਨਾਂ" ? ਮੈਂ ਸਮਝ ਗਿਆ ਕਿ ਮਾਤਾ 12 ਸਾਲ ਪਹਿਲਾਂ ਚੱਲੇ ਕਾਰਤੂਸਾਂ ਨੂੰ ਫ੍ਰੈਸ਼ ਬੰਬ ਸਮਝਣ ਦੀ ਭੁੱਲ ਕਰ ਰਹੀ ਏ, ਪਰ ਮੈਂ ਸੋਚਿਆ ਕਿਉਂ ਨਾਂ ਮਾਤਾ ਦਾ ਇਕ ਰੂਪ ਹੋਰ ਵੇਖਿਆ ਜਾਵੇ। ਮੈਂ ਚਾਹ ਦਾ ਖਾਲੀ ਕੱਪ ਥੱਲੇ ਰੱਖਦਿਆਂ ਕਿਹਾ,"ਜੀ ਨਹੀਂ, ਅਸੀਂ ਤਾਂ,,,,,,, ਆਂ" ।

"ਜਦੋਂ ਫਾਰਮ ਭਰੇ, ਗਏ ਤਾਂ ਤੁਸੀਂ ਇੱਥੇ ਖੜੀਆਂ ਕੀ, ਨੱਚੂੰ-ਨੱਚੂੰ ਕਰਦੀਆਂ ਜੇ, ਚੱਲੋ ਅੰਦਰ" । ਮਾਤਾ ਦਾ ਤਿਓਰਾ ਦੱਸ ਰਿਹਾ ਸੀ ਕਿ ਝਿੜਕਾਂ ਪੋਤੀਆਂ ਲਈ ਨਹੀਂ ਸਨ।

**ਅਸ਼ੋਕ ਸੋਨੀ, ਕਾਲਮ ਨਵੀਸ**
**ਖੂਈ ਖੇੜਾ 9872705078**

# ਹੈਲੋ ਹੈਲੋ ਤੁਸੀਂ ਕੌਣ ਬੋਲਦੇ ਹੋ.....



ਪ੍ਰਿੰਸੀਪਲ ਰੰਧਾਵਾ ਸਿੰਘ
ਪਟਿਆਲਾ 9417131332

ਇਹ ਤਕਰੀਬਨ 25 -30 ਸਾਲ ਪੁਰਾਣੀਆਂ ਗੱਲਾਂ ਹਨ ਉਸ ਸਮੇਂ ਘਰ ਵਿੱਚ ਟੈਲੀਫੋਨ ਹੋਣਾ ਇੱਕ ਖਾਸ ਸਟੇਟਸ ਸਿੰਬਲ ਮੰਨਿਆ ਜਾਂਦਾ ਸੀ, ਉਸ ਸਮੇਂ ਟੈਲੀਫੋਨ ਲਗਾਉਣਾ ਬੜਾ ਹੀ ਔਖਾ ਕੰਮ ਸੀ ਅਤੇ ਕਿੰਨੇ ਸਾਲ ਅਪਲਾਈ ਕਰਨ ਤੋਂ ਬਾਅਦ ਵੀ ਕਿਸੇ ਨੇਤਾ ਜਾਂ ਉੱਚ ਅਧਿਕਾਰੀ ਦੀ ਸਿਫਾਰਸ਼ ਲਗਾਉਣੀ ਪੈਂਦੀ ਸੀ, ਫੇਰ ਜਾ ਕੇ ਕਿਤੇ ਟੈਲੀਫੋਨ ਲੱਗਦਾ ਸੀ। ਜ਼ਿਕਰ ਹੈ ਕਿ ਉਸ ਵੇਲੇ ਟੈਲੀਫੋਨ ਲਗਾਉਣ ਲਈ ਤਾਰਾਂ ਪਾਉਣੀਆਂ ਪੈਂਦੀਆਂ ਸੀ ਤੇ ਇੱਕ ਵਿੱਚ ਜਿੰਨੀਆਂ ਤਾਰਾਂ ਹੁੰਦੀਆਂ ਉਹਨੇ ਕਨੈਕਸ਼ਨ ਦੇ ਟੈਲੀਫੋਨ ਲੱਗਦੇ ਸਨ। ਜਦੋਂ ਨਵਾਂ ਟੈਲੀਫੋਨ ਲੱਗਦਾ ਸਾਰੇ ਪਰਿਵਾਰ ਨੂੰ ਚਾਅ ਜਿਹਾ ਹੀ ਚੜ੍ਹ ਜਾਂਦਾ । ਟੈਲੀਫੋਨ ਘਰ ਦੀ ਇਹੋ ਜਿਹੀ ਜਗ੍ਹਾ ਤੇ ਰੱਖਿਆ ਜਾਂਦਾ ਸੀ ਜਿੱਥੇ ਹਰ ਆਉਣ ਜਾਣ ਵਾਲ਼ੇ ਦੀ ਨਜ਼ਰ ਸਿੱਧੀ ਟੈਲੀਫੋਨ ਤੇ ਪਵੇ ,ਟੈਲੀਫੋਨ ਲਈ ਇੱਕ ਖਾਸ ਪੱਟਾ ਮਿਸਤਰੀ ਤੋਂ ਬਣਾ ਕੇ ਕੰਧ ਵਿੱਚ ਲਗਾਇਆ ਜਾਂਦਾ ਸੀ। ਟੈਲੀਫੋਨ ਨੂੰ ਰੱਖਣ ਤੋਂ ਪਹਿਲਾਂ ਪੱਟੇ ਦੇ ਥੱਲੇ ਕੋਈ ਕਰੋਸ਼ੀਏ ਨਾਲ਼ ਬੁਣਿਆਂ ਹੋਇਆ ਰੁਮਾਲ ਜਾਂ ਹੱਥ ਨਾਲ ਕੱਢਿਆ ਹੋਇਆ ਕੋਈ ਸੋਹਣਾ ਜਿਹਾ ਕੱਪੜਾ ਵਿਛਾਇਆ ਜਾਂਦਾ ਸੀ । ਟੈਲੀਫੋਨ ਰੱਖਣ ਤੋਂ ਬਾਅਦ ਉਸ ਨੂੰ ਸੋਹਣੇ ਕੱਪੜੇ ਨਾਲ਼ ਢੱਕ ਕੇ ਰੱਖਿਆ ਜਾਂਦਾ ਸੀ ਤਾਂ ਜੋ ਉਸ ਉੱਪਰ ਕੋਈ ਮਿੱਟੀ ਘੱਟਾ ਨਾ ਪਵੇ ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਟੈਲੀਫੋਨ ਆਰਾਮਦਾਇਕ ਜਗ੍ਹਾ ਤੇ ਨਹੀਂ ਲਗਾਇਆ ਜਾਂਦਾ ਸੀ, ਸਗੋਂ ਇਹੋ ਜਿਹੀ ਜਗ੍ਹਾ ਤੇ ਲਗਾਇਆ ਜਾਂਦਾ ਸੀ ਕਿ ਆਦਮੀ ਗੱਲ ਖੜ੍ਹਾ ਹੋ ਕੇ ਕਰ ਸਕਦਾ ਹੋਵੇ ਤਾਂ ਜ਼ੋ ਗੱਲਾਂ ਘੱਟ ਤੋਂ ਘੱਟ ਸੰਜਮ ਨਾਲ ਕਰੇ । ਪਹਿਲਾਂ ਪਹਿਲ ਜਦੋਂ ਟੈਲੀਫੋਨ ਦੀ ਘੰਟੀ ਵੱਜਦੀ ਘਰ ਦੇ ਸਾਰੇ ਮੈਂਬਰ ਛੋਟੇ ਵੱਡੇ ਤੱਕ ਸਾਰਿਆਂ ਨੂੰ ਹੁੰਦਾ ਕਿ ਟੈਲੀਫੋਨ ਮੈਂ ਚੁੱਕਾ, ਘਰ ਦਾ ਵੱਡਾ ਮੈਂਬਰ ਜਿਸ ਨੂੰ ਟੈਲੀਫੋਨ ਤੇ ਗੱਲ ਕਰਨ ਦਾ ਸਲੀਕਾ ਹੁੰਦਾ ਸੀ, ਉਹ ਸਾਰਿਆਂ ਨੂੰ ਟੈਲੀਫੋਨ ਵਿੱਚ ਗੱਲ ਕਰਨ ਦਾ ਤਰੀਕਾ ਸਿਖਾਉਂਦਾ ਉਹ ਦੱਸਦਾ ਕਿ ਫੋਨ ਚੁੱਕ ਕੇ ਸਭ ਤੋਂ ਪਹਿਲਾਂ ਸਤਿ ਸ੍ਰੀ ਅਕਾਲ ਬੁਲਾਉਂਣੀ ਹੈ , ਫੇਰ ਉਸ ਨੂੰ ਪੁੱਛਣਾ ਹੁੰਦਾ ਤੁਸੀਂ ਕੌਣ ਬੋਲਦੇ ਹੋ, ਕਿਸੇ ਅਣਜਾਣੇ ਦਾ ਫੋਨ ਜੇਕਰ ਆਵੇ ਤਾਂ ਪਹਿਲਾਂ ਉਸ ਦਾ ਵੇਰਵਾ ਲੈਣਾ ਹੁੰਦਾ ਤੇ ਕਨਫਰਮ ਹੋਣ ਤੇ ਹੀ ਆਪਣਾ ਵੇਰਵੇ ਦੇਣਾ ਹੈ । ਬਜ਼ੁਰਗ ਇਸ ਬਾਰੇ ਦੱਸਣਾ ਜ਼ਰੂਰੀ ਸਮਝਦੇ ਸਨ ਕਿ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਵੇਰਵੇ ਜਾਂ ਜਾਣਕਾਰੀ ਨਹੀਂ ਦੇਣੀ ।

ਜਿਸ ਦੇ ਘਰ ਟੈਲੀਫੋਨ ਹੁੰਦਾ ਤਾਂ ਉਹ ਸਮਾਜ ਵਿੱਚ ਫਕਰ ਨਾਲ ਦੱਸਦਾ ਕਿ ਸਾਡੇ ਘਰ ਟੈਲੀਫੋਨ ਲੱਗਿਆ ਹੋਇਆ ਜਦੋਂ ਕਿਸੇ ਦੇ ਘਰ ਵਿਆਹ ਲਈ ਕੋਈ ਰਿਸ਼ਤਾ ਪੱਕਾ ਹੁੰਦਾ ਤਾਂ ਘਰ ਟੈਲੀਫੋਨ ਲੱਗਿਆ ਕਰਕੇ ਕੁੜੀ ਜਾ ਮੁੰਡੇ ਵਾਲ਼ੇ ਮਾਣ ਮਹਿਸੂਸ ਕਰਦੇ ਕਿ ਸਾਡੇ ਨਵੇਂ ਰਿਸ਼ਤੇਦਾਰਾਂ ਦੇ ਘਰੇ ਟੈਲੀਫੋਨ ਲੱਗਿਆ ਹੋਇਆ ਹੈ। ਇਸੇ ਤਰ੍ਹਾਂ ਗੁਆਂਢੀਆਂ ਜਾਂ ਦੁਕਾਨਦਾਰ ਨੂੰ ਮਾਣ ਮਹਿਸੂਸ ਹੁੰਦਾ ਕਿ ਸਾਡੇ ਗੁਆਂਢੀਆਂ ਦੇ ਘਰ ਟੈਲੀਫੋਨ ਲੱਗਿਆ ਹੋਇਆ ਹੈ ।ਜਦੋਂ ਕੋਈ ਵੀ ਗੁਆਂਢੀ ਜਾਂ ਦੁਕਾਨਦਾਰ ਆਪਣਾ ਵਿਜ਼ਟਿੰਗ ਕਾਰਡ ਜਾਂ ਵਿਆਹ ਦੇ ਕਾਰਡ ਛਪਾਉਣ ਵੇਲੇ ਟੈਲੀਫੋਨ ਨੰਬਰ ਦੇ ਨਾਲ਼ ਪੀਪੀ ਲਿਖਵਾ ਦਿੰਦੇ ਸਨ , ਪੀ ਪੀ ਤੋਂ ਭਾਵ ਪੜੋਸੀ ਦਾ ਫੋਨ, ਤਕਰੀਬਨ ਆਲੇ ਦੁਆਲੇ ਗੁਆਂਢੀਆਂ ਨੇ ਆਪਣੇ ਫੋਨ ਲੱਗੇ ਗੁਆਂਢੀ ਦਾ ਟੈਲੀਫੋਨ ਨੰਬਰ ਹੀ ਆਪਣੇ ਦੋਸਤ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਦਿੱਤਾ ਹੁੰਦਾ ਸੀ। ਜਦੋਂ ਕਦੇ ਵੀ ਗੁਆਂਢੀ ਦੇ ਰਿਸ਼ਤੇਦਾਰ ਦਾ ਫੋਨ ਆਉਂਦਾ ਤਾਂ ਉਹਨਾਂ ਦੇ ਚਾਹ ਪਾਣੀ ਦਾ ਧਿਆਨ ਵੀ ਰੱਖਿਆ ਜਾਂਦਾ ਸੀ। ਕਈ ਵਾਰ ਫੋਨ ਰਾਤ ਦੇ 9 ਵਜੇ,10 ਵਜੇ ,11 ਵਜੇ ਆਉਂਦਾ ਤਾਂ ਟੈਲੀਫੋਨ ਦਾ ਮਾਲਕ ਜ਼ਰੂਰ ਆਪਣੇ ਗੁਆਂਢੀ ਨੂੰ ਸੱਦ ਕੇ ਲਿਆਂਦਾ, ਜਿਸ ਨਾਲ਼ ਇੱਕ ਦੂਜੇ ਦੇ ਘਰ ਆਉਣ ਜਾਣਾ ਵੀ ਬਣਿਆ ਰਹਿੰਦਾ। ਜੇਕਰ ਟੈਲੀਫੋਨ ਦੇ ਬਿੱਲ ਦੀ ਗੱਲ ਕਰੀਏ ਤਾਂ ਟੈਲੀਫੋਨ ਦੇ ਬਿੱਲ ਗੱਲ ਦੀ ਲੰਬਾਈ ਅਨੁਸਾਰ ਆਉਂਦਾ ਸੀ। ਜਿਹੜੇ ਪਰਿਵਾਰ ਟੈਲੀਫੋਨ ਦੀ ਵਰਤੋਂ ਸੰਜਮ ਨਾਲ ਕਰਦੇ ਸੀ ਉਹਨਾਂ ਦਾ ਬਿੱਲ ਘੱਟ ਆਉਂਦਾ ਸੀ । ਜਿਹੜੇ ਉਸਦੀ ਵਰਤੋਂ ਲੋੜ ਤੋਂ ਵੱਧ ਕਰਦੇ ਸੀ ਉਹਨਾਂ ਦੇ ਬਿੱਲ ਬਹੁਤ ਜ਼ਿਆਦਾ ਆਉਂਦੇ ਸਨ । ਕਈ ਵਾਰ ਘਰ ਦੀਆਂ ਔਰਤਾਂ, ਬਜ਼ੁਰਗ ਜਾਂ ਬੱਚੇ ਆਪਣੇ ਰਿਸ਼ਤੇਦਾਰਾਂ ਨੂੰ ਫੋਨ ਜ਼ਿਆਦਾ ਕਰਨ ਲੱਗ ਪੈਂਦੇ ਸਨ। ਜਿਸ ਕਰਕੇ ਬਿੱਲ ਬਹੁਤ ਹੀ ਜ਼ਿਆਦਾ ਆ ਜਾਂਦਾ ਸੀ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਜ਼ਿਆਦਾ ਹੋਣ ਲੱਗ ਪਈਆਂ ਤਾਂ ਟੈਲੀਫੋਨ ਨੂੰ ਜਿੰਦਰੇ ਲਗਾਣੇ ਸ਼ੁਰੂ ਕਰ ਦਿੱਤੇ ,ਇੱਕ ਤਰ੍ਹਾਂ ਦਾ ਲੱਕੜ ਦਾ ਜਾ ਲੋਹੇ ਦਾ ਬਕਸਾ ਬਣਿਆ ਹੁੰਦਾ ਸੀ ਤੇ ਉਸ ਦੇ ਵਿੱਚ ਟੈਲੀਫੋਨ ਰੱਖ ਕੇ ਜਿੰਦਰਾ ਲਗਾ ਦਿੱਤਾ ਜਾਂਦਾ ਸੀ। ਇਸ ਦੀ ਖਾਸੀਅਤ ਇਹ ਸੀ ਕਿ ਟੈਲੀਫੋਨ ਰਿਸੀਵਰ ਚੁੱਕ ਕੇ ਸੁਣ ਸਕਦੇ ਸਨ, ਫੋਨ ਡਾਇਲ ਨਹੀਂ ਕਰ ਸਕਦੇ ਸੀ ਕਿਉਂਕਿ ਨੰਬਰ ਡਾਇਲ ਤੇ ਜਿੰਦਰਾ ਲੱਗਿਆ ਹੁੰਦਾ ਸੀ, ਕੁਝ ਸ਼ਰਾਰਤੀ ਅਨਸਰ ਫੋਨ ਦੀਆਂ ਤਾਰਾਂ ਪਿੱਛੇ ਵੀ ਕੱਟ ਮਾਰ ਕੇ ਰਿਸੀਵਰ ਲਗਾ ਕੇ ਚੋਰੀ ਨਾਲ ਗੱਲਾਂ ਕਰਦੇ ਸਨ,ਜਿਸ ਨਾਲ ਟੈਲੀਫੋਨ ਮਾਲਕਾਂ ਨੂੰ ਬਿੱਲ ਜ਼ਿਆਦਾ ਆਉਂਦਾ ਸੀ ਤਾਂ ਟੈਲੀਫੋਨ ਐਕਸਚੇਂਜ ਤੋਂ ਫੋਨ ਦੀ ਸਾਰੀ ਡਿਟੇਲ ਕਢਵਾ ਲਈ ਜਾਂਦੀ ਸੀ ਜਿਸ ਤੋਂ ਪਤਾ ਲੱਗਦਾ ਸੀ ਕਿਹੜੇ ਕਿਹੜੇ ਮੈਂਬਰ ਨੇ ਕਿਸ ਕਿਸ ਨੰਬਰ ਤੇ ਕਦੋਂ ਕਦੋਂ ਗੱਲ ਕੀਤੀ ਹੈ। ਜਿਸ ਨਾਲ਼ ਘਰ ਵਿੱਚ ਵਾਦ ਵਿਵਾਦ ਅਤੇ ਕਲੇਸ਼ ਵੀ ਛਿੜ ਜਾਂਦਾ ਸੀ। ਵਾਦ ਵਿਵਾਦ ਤੋਂ ਬਾਅਦ ਟੈਲੀਫ਼ੋਨ ਨੂੰ ਜਿੰਦਾ ਲਗਾ ਦਿੱਤਾ ਜਾਂਦਾ ਸੀ ।ਜਿਸਦੀ ਚਾਬੀ ਘਰ ਦੇ ਮੁਖੀ ਕੋਲ ਹੁੰਦੀ ਸੀ। ਜੇਕਰ ਕੋਈ ਗੁਆਂਢੀ ਘਰ ਫੋਨ ਕਰਨ ਆਉਂਦਾ ਤਾਂ ਇਹ ਕਹਿ ਕੇ ਪੈਂਡਾਂ ਛੁਡਵਾ ਲਿਆ ਜਾਂਦਾ ਸੀ ਕਿ ਚਾਬੀ ਫਲਾਣੇ ਕੋਲ਼ ਹੈ ।ਜੇਕਰ ਕਿਸੇ ਗੁਆਂਢੀ ਨੂੰ ਚਾਬੀ ਦੇਣੀ ਵੀ ਪੈ ਜਾਵੇ ਤਾਂ ਜ਼ਿਆਦਾ ਗੱਲ ਕਰਦੇ ਵੇਖ ਕੇ ਅੱਕ ਕੇ ਕਹਿਣਾ ਪੈਂਦਾ ਸੀ। ਬਸ ਕਰ ਭਾਈ ਬਹੁਤ ਲੰਬੀ ਗੱਲ ਕਰ ਲਈ ਬਿੱਲ ਬਹੁਤ ਜ਼ਿਆਦਾ ਆਵੇਗਾ। ,ਜਿਸ ਨਾਲ਼ ਟੈਲੀਫੋਨ ਤੇ ਗੱਲ ਕਰਨ ਵਾਲਾ ਛੇਤੀ ਟੈਲੀਫੋਨ ਕੱਟ ਦਿੰਦਾ ਸੀ । ਸੈੱਲਫੋਨ ਦੇ ਆਉਣ ਨਾਲ ਟੈਲੀਫ਼ੋਨ ਘਰਾਂ ਵਿੱਚ ਲਗਭਗ ਅਲੋਪ ਹੀ ਹੋ ਗਿਆ , ਬੇਚਾਰਾ ਟੈਲੀਫ਼ੋਨ ਇਹੋ ਜਿਹਾ ਖ਼ਤਮ ਹੋਇਆ ਕਿ ਅੱਜ ਤੱਕ ਮੁੜ ਕੇ ਨਹੀਂ ਆਇਆ। ਜੋ ਕਿ ਹੁਣ ਸਿਰਫ਼ ਸ਼ੋਅ ਪੀਸ ਦੀਆਂ ਚੀਜ਼ਾਂ @ਚ ਜਾ ਸ਼ਾਮਿਲ ਹੋਇਆ। ਅੱਜਕੱਲ ਦੇ ਬੱਚਿਆਂ ਨੂੰ ਟੈਲੀਫ਼ੋਨ ਅਜਾਇਬ ਘਰਾਂ ਦੇ ਵਿੱਚ ਦਿਖਾਈ ਜਾਂਦੇ ਹਨ। ਸੈਲਫੋਨ ਦੇ ਆਉਣ ਨਾਲ਼ ਜਿੱਥੇ ਕੁਝ ਸਕਾਰਾਤਮਕ ਪੱਖ ਹਨ ਉੱਥੇ ਨਕਾਰਾਤਮਕ ਪੱਖ ਵੀ ਬਹੁਤ ਜ਼ਿਆਦਾ ਹਨ। ਸਭ ਤੋਂ ਵੱਧ ਸਮੇਂ ਦੀ ਬਰਬਾਦੀ ਹੁੰਦੀ ਹੈ ਕਿਉਂਕਿ ਇਸ ਵਿੱਚ ਗੱਲਾਂ ਕਰਨਾ ਅਤੇ ਸੁਣਨਾ ਬਿਲਕੁੱਲ ਫਰੀ ਵਾਂਗ ਹਨ ਬੰਦਾ ਘੰਟਿਆਂ ਬਧੀ ਇਸ ਤੇ ਗੱਲ ਕਰਦਾ ਰਹਿੰਦਾ ਹੈ। ਜਿਸ ਨਾਲ਼ ਸਮੇਂ ਦਾ ਪਤਾ ਹੀ ਨਹੀਂ ਚੱਲਦਾ। ਜਿਵੇਂ ਵਿਰਾਸਤ ਦੀਆਂ ਚੀਜ਼ਾਂ ਇਤਿਹਾਸ ਵਿੱਚ ਖੋ ਗਈਆਂ ਉਸੇ ਤਰ੍ਹਾਂ ਟੈਲੀਫੋਨ ਦੀ ਘੰਟੀ ਦੀਆਂ ਆਵਾਜ਼ਾਂ ਵੀ ਇਤਿਹਾਸ ਵਿੱਚ ਖੋ ਗਈਆਂ। ਮੈਨੂੰ ਤਾਂ ਅੱਜ ਵੀ ਆਪਣੇ ਘਰ ਦੇ ਟੈਲੀਫੋਨ ਦੀ ਘੰਟੀ ਦੀ ਆਵਾਜ਼ ਅਤੇ ਆਪਣਾ ਟੈਲੀਫੋਨ ਨੰਬਰ 0164-271204 ਚੰਗੀ ਤਰ੍ਹਾਂ ਯਾਦ ਹੈ, ਕੀ ਤੁਹਾਨੂੰ ਵੀ ਆਪਣੇ ਘਰ ਦਾ ਟੈਲੀਫ਼ੋਨ ਜਾਂ ਕਿਸੇ ਗੁਆਂਢੀ ਦੇ ਘਰ ਦਾ ਟੈਲੀਫੋਨ ਨੰਬਰ ਯਾਦ ਹੈ ......

# ਤਿਉਹਾਰਾਂ ਦੇ ਮੌਸਮ ’ਚ ਮਿਲਾਵਟ ਦੀ ਖੇਡ

ਤਿਉਹਾਰਾਂ ਦਾ ਮੌਸਮ ਸ਼ੁਰੂ ਹੁੰਦੇ ਹੀ ਸਾਰੇ ਦੇਸ਼ ਵਿਚ ਲੋਕਾਂ ਨੇ ਆਪੋ.:.ਆਪਣੇ ਪੱਧਰ *ਤੇ ਤਿਉਹਾਰ ਮਨਾਉਣ ਦੀ ਜ਼ੋਰ.:.ਸ਼ੋਰ ਨਾਲ ਤਿਆਰੀ ਸ਼ੁਰੂ ਕਰ ਦਿੱਤੀ ਹੈ. ਤਿਉਹਾਰਾਂ *ਤੇ ਹਰ ਕੋਈ ਆਪੋ.:.ਆਪਣੀ ਪਹੁੰਚ ਮੁਤਾਬਕ ਨਵੇਂ ਕੱਪੜੇ, ਗਹਿਣੇ, ਮਿਠਾਈਆਂ ਅਤੇ ਫਲ.:.ਫਰੂਟ ਖਰੀਦ ਦਾ ਹੈ. ਭਾਰਤ ਵਿਚ ਹਾਸੇ ਠੱਠੇ ਅਤੇ ਖੁਸ਼ੀ ਨਾਲ ਤਿਓਹਾਰ ਮਨਾਉਣ ਦੀ ਪਰੰਪਰਾ ਹੈ. ਅਕਤੂਬਰ ਮਹੀਨੇ *ਚ ਦਸ਼ਹਿਰੇ ਤੋਂ ਲੈਕੇ ਦਿਵਾਲੀ ਤੱਕ ਲਗਪਗ ਇਕ ਦਰਜ਼ਨ ਛੋਟੇ ਅਤੇ ਵੱਡੇ ਤਿਓਹਾਰ ਆਉਂਦੇ ਹਨ. ਸਾਰੇ ਤਿਓਹਾਰ ਸਾਡੀ ਲੋਕ ਸੰਸਕ੍ਰਿਤੀ *ਚ ਰਚੇ .:.ਵਸੇ ਹਨ. ਅਸੀਂ ਸ਼ੁਰੂ ਤੋਂ ਹੀ ਗੀਤ.:.ਸੰਗੀਤ, ਨੱਚਣ.:.ਗਾਉਣ ਅਤੇ ਖਾਣ .:.ਪੀਣ ਨਾਲ ਆਪਣੇ ਤਿਓਹਾਰ ਮਨਾਉਂਦੇ ਹਾਂ.



ਤਿਓਹਾਰਾ ਦੇ ਮੌਸਮ ਸ਼ੁਰੂ ਹੋਣ ਦੇ ਨਾਲ ਹੀ ਸੋਨੇ ਤੋਂ ਲੈਕੇ ਰਸੋਈ ਤੱਕ ਮਿਲਾਵਟਖੋਰ ਵੀ ਸਰਗਰਮ ਹੋ ਜਾਂਦੇ ਹਨ. ਹਰ ਚੀਜ ਵਿਚ ਮਿਲਾਵਟ ਜਿਵੇਂ ਆਮ ਗੱਲ ਹੋ ਗਈ ਹੈ. ਮਿਠਾਈ ਤੋਂ ਬਿਨਾਂ ਤਿਓਹਾਰ ਅਧੂਰਾ ਹੈ. ਤਿਓਹਾਰ ਆਵੇ ਅਤੇ ਅਸੀਂ ਮਿਠਾਈ ਨਾ ਖਾਈਏ ਇਹ ਹੋ ਨਹੀਂ ਸਕਦਾ. ਮਿਠਾਈ ਤਿਓਹਾਰਾਂ ਦੀ ਖੁਸ਼ੀ ਨੂੰ ਦੂੱਗਣਾ ਕਰ ਦਿੰਦੀ ਹੈ. ਮਿਲਾਵਟਖੋਰ ਵੀ ਇਸੇ ਇੰਤਜ਼ਾਰ *ਚ ਰਹਿੰਦੇ ਹਨ .ਉਨ੍ਹਾਂ ਦੀਆ ਦੁਕਾਨਾਂ ਰੰਗ.:.ਬਿਰੰਗੀਆ ਮਿਠਾਈਆਂ ਨਾਲ ਸਜ ਜਾਂਦੀਆਂ ਹਨ ਅਤੇ ਅਸੀਂ ਉਨ੍ਹਾਂ ਮਿਠਾਈਆਂ ਨੂੰ ਬਿਨਾਂ ਜਾਂਚੇ .:.ਪਰਖੇ ਖਰੀਦ ਲੈ ਆਉਂਦੇ ਹਾਂ. ਮਿਲਾਵਟਖੋਰ ਜਿਆਦਾ ਮੁਨਾਫ਼ੇ ਦੇ ਚੱਕਰ *ਚ ਧੜੱਲੇ ਨਾਲ ਆਪਣਾ ਮਿਲਾਵਟੀ ਸਮਾਨ ਵੇਚਦੇ ਦੇਰ ਨਹੀਂ ਲਾਉਂਦੇ .ਮਿਲਾਵਟਖੋਰਾਂ ਨੂੰ ਨਿਯਮ.:.ਕਾਨੂੰਨ ਦਾ ਵੀ ਡਰ ਨਹੀਂ ਰਿਹਾ ਹੈ. ਖਾਸਕਰ ਖਾਣ.:.ਪੀਣ ਦੀਆ ਵਸਤਾਂ *ਚ ਅਸ਼ੁੱਧ, ਸਸਤੀਆ ਅਤੇ ਬੇਲੋੜੀਆਂ ਚੀਜ਼ਾਂ ਦੇ ਮਿਲਾਉਣ ਨੂੰ ਮਿਲਾਵਟ ਕਿਹਾ ਜਾਂਦਾ ਹੈ. ਅੱਜ ਸਮਾਜ ਵਿਚ ਹਰ ਪਾਸੇ ਮਿਲਾਵਟ ਹੀ ਮਿਲਾਵਟ ਦੇਖਣ ਨੂੰ ਮਿਲ ਰਹੀ ਹੈ. ਪਾਣੀ ਤੋਂ ਸੋਨੇ ਤੱਕ ਮਿਲਾਵਟ ਦੇ ਬਜਾਰ ਨੇ ਸਾਡੀ ਬੁਨਿਆਦ ਹੀ ਹਿਲਾ ਕੇ ਰੱਖ ਦਿੱਤੀ ਹੈ, ਪਹਿਲਾਂ ਸਿਰਫ ਦੁੱਧ *ਚ ਪਾਣੀ ਅਤੇ ਦੇਸ਼ੀ ਘਿਓ *ਚ ਵਨਸਪਤੀ (ਡਾਲਡਾ) ਦੀ ਮਿਲਾਵਟ ਦੀ ਗੱਲ ਸੁਣੀ ਜਾਂਦੀ ਸੀ, ਪਰ ਅੱਜ ਘਰ .:.ਘਰ ਵਿਚ ਲਗਪਗ ਹਰੇਕ ਚੀਜ਼ *ਚ ਮਿਲਾਵਟ ਦੇਖਣ ਨੂੰ ਮਿਲ ਰਹੀ ਹੈ.

ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ ,ਬਠਿੰਡਾ

ਮਿਲਾਵਟ ਦਾ ਮਤਲਬ ਕੁਦਰਤੀ ਤੱਤਾਂ ਜਾਂ ਪਦਾਰਥਾ *ਚ ਬਾਹਰੀ, ਬਣੌਟੀ ਜਾਂ ਹੋਰ ਮਾੜੀਆਂ ਚੀਜਾਂ ਦੇ ਮਿਸ਼ਰਣ ਤੋਂ ਹੈ. ਮੁਨਾਫ਼ਾਖੋਰੀ ਕਰਨ ਵਾਲੇ ਲੋਕ ਰਾਤੋਰਾਤ ਅਮੀਰ ਬਣਨ ਦੇ ਸੁਫ਼ਨੇ ਦੇਖਦੇ ਹਨ. ਆਪਣੇ ਇਹੋ ਜਿਹੇ ਸੁਫ਼ਨੇ ਸੱਚ ਕਰਨ ਕਰਨ ਦੇ ਲਈ ਉਹ ਬਿਨਾਂ ਸੋਚੇ ਸਮਝੇ ਮਿਲਾਵਟ ਦਾ ਸਹਾਰਾ ਲੈਂਦੇ ਹਨ.ਸਸਤੀਆ ਅਤੇ ਘਟੀਆ ਚੀਜਾਂ ਨਾਲ ਅਸਲ ਅਤੇ ਸ਼ੁੱਧ ਸਮਾਨ *ਚ ਮਿਲਾਵਟ ਕਰਕੇ ਮਹਿੰਗੀਆਂ ਕੀਮਤਾਂ *ਤੇ ਵੇਚਕੇ ਲੋਕਾਂ ਨੂੰ ਨਾ ਸਿਰਫ ਧੋਖਾ ਦਿੱਤਾ ਜਾਂਦਾ ਹੈ, ਸਗੋਂ ਸਾਡੀ ਸਿਹਤ ਨਾਲ ਵੀ ਖਿਲਵਾੜ ਕੀਤਾ ਜਾਂਦਾ ਹੈ. ਮਿਲਾਵਟੀ ਪਦਾਰਥਾਂ ਨਾਲ ਹਰੇਕ ਸਾਲ ਹਜਾਰਾਂ ਲੋਕ ਕਈ ਬਿਮਾਰੀਆਂ ਦੇ ਸ਼ਿਕਾਰ ਹੋਕੇ ਆਪਣੀ ਕੀਮਤੀ ਜਾਨ ਗਵਾ ਬਹਿੰਦੇ ਹਨ.

ਮਿਲਾਵਟ ਦਾ ਧੰਧਾ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ. ਦੁੱਧ ਵੇਚਣ ਅਤੇ ਮਿਲਾਵਟ ਕਰਨ ਵਾਲਿਆਂ ਤੋਂ ਲੈਕੇ ਨਾਮੀ ਕੰਪਨੀਆਂ ਤੱਕ ਨੇ ਮਿਲਾਵਟ ਦੇ ਬਜ਼ਾਰ *ਤੇ ਆਪਣਾ ਕਬਜ਼ਾ ਕਰ ਲਿਆ ਹੈ. ਸੱਚ ਤਾਂ ਇਹ ਹੈ ਕਿ ਅਸੀਂ ਜੋ ਕੁਝ ਵੀ ਖਾ ਰਹੇ ਹਾਂ, ਉਨ੍ਹਾਂ ਸਾਰੀਆ ਚੀਜਾਂ ਵਿਚ ਮਿਲਾਵਟ ਹੋ ਰਹੀ ਹੈ. ਦੁੱਧ, ਸੁੱਕੇ ਮੇਵੇ, ਘਿਓ, ਹਲਦੀ, ਲਾਲ ਮਿਰਚ, ਧਨੀਆਂ, ਫਲ.:.ਸਬਜੀਆਂ ਸਭ ਮਿਲਾਵਟ ਦੀ ਚਪੇਟ ਵਿਚ ਆ ਚੁੱਕੇ ਹਨ. ਅੱਜ ਖਾਣ.:.ਪੀਣ ਸਮੇਤ ਸਾਰੀਆਂ ਚੀਜਾਂ *ਚ ਧੜੱਲੇ ਨਾਲ ਮਿਲਾਵਟ ਹੋ ਰਹੀ ਹੈ. ਖਾਣ ਵਾਲੀ ਅਜਿਹੀ ਕੋਈ ਚੀਜ ਨਹੀਂ ਹੈ, ਜੋ ਜ਼ਹਿਰੀਲੇ ਕੀਟਨਾਸ਼ਕਾਂ ਅਤੇ ਮਿਲਾਵਟ ਤੋਂ ਮੁਕਤ ਹੋਵੇ. ਬਜਾਰ *ਚ ਪਪੀਤਾ, ਅੰਬ, ਕੇਲਾ, ਸੇਬ ਅਤੇ ਅਨਾਰ ਜਿਹੇ ਫਲਾਂ ਨੂੰ ਕੈਲਸ਼ੀਅਮ ਕਾਰਬਾਈਡ ਦੀ ਮਦਦ ਨਾਲ ਸਮੇਂ ਤੋਂ ਪਹਿਲਾਂ ਪਕਾਇਆ ਜਾਂਦਾ ਹੈ. ਡਾਕਟਰਾਂ ਅਤੇ ਸਿਹਤ ਮਾਹਿਰਾ ਦੇ ਮੁਤਾਬਕ ਅਜਿਹੇ ਫਲ ਸਿਹਤ ਲਈ ਬਹੁਤ ਹਾਨੀਕਾਰਕ ਹਨ. ਫਲਾਂ ਨੂੰ ਸੁਣਹਿਰਾ ਬਣਾਉਣ ਦੇ ਲਈ ਪੈਰਾਫੀਨ ਵੈਕਸ(ਮੋਮ) ਵੀ ਲਗਾਈ ਜਾ ਰਹੀ ਹੈ.ਇਨ੍ਹਾਂ ਫਲਾ ਨੂੰ ਖਾਣ ਨਾਲ ਕੈਂਸਰ ਅਤੇ ਡਾਇਰੀਏ ਜਿਹੀਆਂ ਬਿਮਾਰੀਆਂ ਹੁੰਦੀਆਂ ਹਨ.ਡੇਅਰੀ ਅਤੇ ਖੇਤੀ ਉਤਪਾਦਾਂ.:.ਖਾਸਕਰ ਕੱਚੀਆਂ ਸਬਜੀਆਂ *ਚ ਆੱਕਸਿਟੋਸਿਨ ਦਾ ਬਹੁਤ ਇਸਤੇਮਾਲ ਹੋ ਰਿਹਾ ਹੈ. ਸਾਡੇ ਦੇਸ਼ *ਚ ਮਿਲਾਵਟ ਕਰਨ ਨੂੰ ਇਕ ਗੰਭੀਰੀ ਜੁਰਮ ਮੰਨਿਆ ਗਿਆ ਹੈ.ਮਿਲਾਵਟ ਸਾਬਤ ਹੋਣ *ਤੇ ਭਾਰਤੀ ਕਾਨੂੰਨ ਦੀ ਧਾਰਾ 272 ਦੇ ਤਹਿਤ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਦੇਣ ਦਾ ਜ਼ਿਕਰ ਹੈ. ਪਰ ਬਹੁਤ ਘਟ ਮਾਮਲਿਆਂ *ਚ ਸਜਾ ਅਤੇ ਜੁਰਮਾਨਾ ਹੋ ਪਾਉਂਦਾ ਹੈ. ਮਿਲਵਾਟੀ ਪਦਾਰਥਾਂ ਦੇ ਸੇਵਨ ਨਾਲ ਮਨੁੱਖ ਕਈ ਤਰ੍ਹਾਂ ਦੀਆ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ. ਪੇਟ ਦੀਆਂ ਗੰਭੀਰ ਬਿਮਾਰੀਆਂ ਤੋਂ ਲੈਕੇ ਕੈਂਸਰ ਤੱਕ ਦੇ ਰੋਗ ਵੀ ਲੱਗ ਜਾਂਦੇ ਹਨ. ਅੱਖਾਂ ਦੀ ਨਜ਼ਰ ਚਲੇ ਜਾਣਾ ਅਤੇ ਅਪਾਹਜਤਾ ਨੂੰ ਵੀ ਝੱਲਣਾ ਪੈਂਦਾ ਹੈ. ਮਿਲਾਵਟ ਸਿੱਧ ਹੋਣ *ਤੇ ਕਈ ਵਾਰ ਛੋਟੇ.:.ਮੋਟੋ ਮਿਲਾਵਟਖੋਰਾਂ ਦੀ ਧਰ .:.ਪਕੜ ਦੀਆਂ ਖਬਰਾਂ ਜਰੂਰ ਪੜ੍ਹਨ ਅਤੇ ਸੁਣਨ ਨੂੰ ਮਿਲ ਜਾਂਦੀਆ ਹਨ ਪਰ ਮਿਲਾਵਟ ਦਾ ਥੋਕ ਵਪਾਰ ਕਰਨ ਵਾਲੇ ਲੋਕ ਅਕਸਰ ਕਾਨੂੰਨ ਦੀ ਪਹੁੰਚ ਤੋਂ ਦੂਰ ਰਹਿ ਜਾਂਦੇ ਹਨ.

# ਮਿਹਨਤ ਦਾ ਸਕੂਨ



ਗੁਰਜੀਤ ਕੌਰ ਮੋਗਾ
Gurjeetkaurwriter@gmail.com

ਦਸੰਬਰ ਮਹੀਨੇ ਦੀ ਪਹਿਲੀ ਬਾਰਸ਼ ਹੋਣ ਨਾਲ ਸਰਦੀ ਦੀ ਰੁੱਤ ਦਾ ਆਗਾਜ਼ ਹੋ ਚੁੱਕਿਆ ਸੀ। ਸ਼ਾਮ ਦਾ ਵੇਲਾ ਅਤੇ ਠੰਢੀ-ਠੰਢੀ ਹਵਾ ਚੱਲ ਰਹੀ ਸੀ। ਸਰੀਰ ਨੂੰ ਠੰਢਕ ਮਹਿਸੂਸ ਹੋਣੀ ਸੁਭਾਵਿਕ ਸੀ ।ਮੈਂ ਘਰ ਲਈ ਸਬਜ਼ੀ ਭਾਜੀ ਲੈਣ ਲਈ ਘਰੋਂ ਨਿਕਲੀ ।ਅਜੇ ਕੁਝ ਹੀ ਦੂਰੀ ਤੇ ਗਈ ਤਾਂ ਸਬਜ਼ੀ ਦੀਆਂ ਦੋ ਰੇਹੜੀਆਂ ਮੇਰੇ ਨਜ਼ਰੀਂ ਪਈਆਂ। ਮੈਂ ਹੋਰ ਅੱਗੇ ਵਧੀ ਤਾਂ ਇਕ ਰੇਹੜੀ ਤੇ ਰੁਕੀ ਜਿੱਥੇ ਇੱਕ ਪੈਂਤੀ ਕੁ ਸਾਲ ਦੀ ਔਰਤ ਸਬਜ਼ੀ ਵਾਲੇ ਨਾਲ ਰੇਟ ਘੱਟ ਕਰਨ ਨੂੰ ਲੈ ਕੇ ਬਹਿਸਦੀ ਹੋਈ ਅੱਗੇ ਤੁਰ ਗਈ। ਰੇਹੜੀ ਵਾਲੇ ਨੇ “ਚਲੋ ਲੈ ਜਾਓ“ ਕਹਿ ਕੇ ਉਸ ਨੂੰ ਉੱਚੀ ਅਵਾਜ਼ ‘ਚ ਦੁਬਾਰਾ ਬੁਲਾ ਲਿਆ। ਮਸਤ ਜਿਹੀ ਚਾਲ ਚਲਦਿਆਂ ਖਿੜੇ ਚਿਹਰੇ ਨਾਲ ਉਹ ਦੁਬਾਰਾ ਕੋਲ ਰੇਹੜੀ ਆ ਗਈ। ਰੇਹੜੀ ਤੇ ਕਈ ਸਬਜ਼ੀਆਂ ਪਾਈਆਂ ਸਨ ਪਰ ਉਸ ਨੇ ਦਸ ਕੁ ਰੁਪੈ ਦੀਆਂ ਤਿੰਨ ਮੂਲੀਆਂ ਖਰੀਦੀਆਂ ਅਤੇ ਮੇਰੇ ਵੱਲ ਤੱਕ ਕੇ ਬੋਲਣ ਲੱਗੀ। ਅੱਜ ਕੱਲ੍ਹ ਕੋਈ ਸਬਜ਼ੀ ਹੈਨੀ ਬਣਾਉਣ ਲਈ ...। ਇਹ ਸੁਣ ਕੇ ਮੈਂ ਥੋੜ੍ਹੀ ਹੈਰਾਨ ਹੋਈ ਕਿਉਂਕਿ ਸਬਜੀਆਂ ਤਾਂ ਪਈਆਂ ਸਨ ਰੇਹੜੀ ਤੇ ਪਰ ਮਹਿੰਗੀਆਂ। ਅੱਸੀ ਰੁਪਏ ਕਿੱਲੋ ਮਟਰ, ਸੱਠ ਰੁਪਏ ਕਿਲੋ ਗੋਭੀ ਵਗੈਰਾ ਵਗੈਰਾ ... ਉਹਦੀ ਜੇਬ ਇਜਾਜ਼ਤ ਨਹੀਂ ਸੀ ਦੇ ਰਹੀ।ਸ਼ਾਇਦ ਏਨੀਆਂ ਮਹਿੰਗੀਆਂ ਸਬਜੀਆਂ ਖਰੀਦਣ ਦੀ ਪਰ ਆਪਣੀ ਇਸ ਬੇਵਸੀ ਨੂੰ ਦਰ ਕਿਨਾਰ ਕਰਦਿਆਂ ਮੇਰੇ ਵੱਲ ਤੱਕਦਿਆਂ ਉਹ ਫਿਰ ਬੋਲੀ “ਠੰਢ ਵੀ ਸ਼ੁਰੂ ਹੋ ਗਈ ਐ ਜੀ.... ਅੱਜ ਤਾਂ ਪੈਰਾਂ ਨੂੰ ਠੰਢ ਵੀ ਲੱਗ ਰਹੀ ਹੈ.... ਹੁਣ ਜਾਂਦੀ ਹੋਈ ਬੂਟ ਵੀ ਲੈ ਕੇ ਜਾਓਗੀਂ.. ਪਹਿਲਾਂ ਤਾਂ ਜੀ ਘਰੇ ਵਿਹਲੇ ਬੈਠੇ ਰਹੀਦਾ ਸੀ। ਘਰੇ ਵਿਹਲੇ ਬੈਠਿਆਂ ਨੂੰ ਕੌਣ ਦਿੰਦਾ ਹੈ ।ਨਾ ਕੋਈ ਚੀਜ਼ ਲਈ ਜਾਂਦੀ ਸੀ ਪੈਸਿਆਂ ਬਗ਼ੈਰ। ਹੁਣ ਕੰਮ ਤੇ ਲੱਗ ਗਈ ਸਵੇਰੇ ਜਾ ਕੇ ਸ਼ਾਮ ਨੂੰ ਘਰ ਜਾਈਦਾ ਹੈ। ਅੱਜ ਮੈਡਮ ਨੂੰ ਮਾੜਾ ਜਿਹਾ ਕਿਹਾ ਜੀ ਠੰਢ ਲੱਗਦੀ ਹੈ ਪੈਰਾਂ ਨੂੰ ਹੁਣ ਉਸ ਨੇ ਝੱਟ ਪੈਸੇ ਕੱਢ ਕੇ ਫੜਾ ਤੇ ..ਕਹਿੰਦੀ ਘਰ ਨੂੰ ਜਾਂਦੀ ਬੂਟ ਲੈ ਜੀਂ। ਮੈਨੂੰ ਬਗੈਰ ਜਾਣਦਿਆਂ ਕਿੰਨੀਆਂ ਗੱਲਾਂ ਇਕੋ ਸਾਹੇ ਮੇਰੇ ਨਾਲ ਕਰ ਗਈ।“ਹੂੰ“ ਕਹਿ ਕੇ ਮੈਂ ਉਸ ਦੇ ਚਿਹਰੇ ਵੱਲ ਤੱਕਦੀ ਰਹੀ। ਸਾਧਾਰਨ ਜਿਹਾ ਸੂਟ, ਸਾਂਵਲਾ ਰੰਗ, ਫਟੀਆਂ ਅੱਡੀਆਂ ਤੇ ਪੈਰਾਂ ‘ਚ ਚੱਪਲ, ਚਿਹਰੇ ਤੇ ਅੰਤਾਂ ਦੀ ਮੁਸਕਾਨ ।“ਮਿਹਨਤ ਦਾ ਕੋਈ ਡਰ ਨਹੀਂ“ ਮੈਂ ਫੇਰ ਉਸ ਦੀਆਂ ਗੱਲਾਂ ਦਾ ਜਵਾਬ ਦਿੱਤਾ। ਹੁਣ ਉਹ ਜਾ ਚੁੱਕੀ ਸੀ । ਇੰਜ ਲੱਗਦਾ ਸੀ ਕਿ ਮਿਹਨਤ ਨਾਲ ਕੀਤੀ ਕਮਾਈ ਨਾਲ ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ।ਮਨ ਦਾ ਖੜਿਾਅ ਉਹਦੇ ਚਿਹਰੇ ਤੇ ਚਾਲ ‘ਤੇ ਝਲਕ ਰਿਹਾ ਸੀ। ਸ਼ਾਇਦ ਮੈਨੂੰ ਬਗੈਰ ਜਾਣਦਿਆਂ ਹੀ ਉਸ ਨੇ ਮਨ ਦੇ ਵਲਵਲਿਆਂ ਨੂੰ ਮੇਰੇ ਨਾਲ ਸਾਂਝਾ ਕੀਤਾ।ਮਿਹਨਤ ਰੰਗ ਨੇ ਉਸ ਦੇ ਵਾਜੂਦ ਨੂੰ ਮੁਸਕਰਾਹਟ ਨਾਲ ਲਬਰੇਜ਼ ਕਰ ਦਿੱਤਾ। ਅੰਦਰੂਨੀ ਖ਼ੁਸ਼ੀ ਉਸ ਦੇ ਚਿਹਰੇ ਤੇ ਰੂਪਮਾਨ ਹੋ ਰਹੀ ਸੀ। ਮਿਹਨਤ ਜਿਹੋ ਜਿਹੀ ਮਰਜ਼ੀ ਹੋਵੇ ਉਸ ਦੀ ਪਵਿੱਤਰਤਾ ਹੀ ਜੀਵਨ ਨੂੰ ਸਕੂਨ ਬਖ਼ਸ਼ਦੀ ਹੈ।

# ਪੰਚਾਇਤਾਂ 'ਚ ਔਰਤਾਂ ਦੀ ਸ਼ਮੂਲੀਅਤ ਦਾ ਕੱਚ-ਸੱਚ

ਭਾਰਤੀ ਸੰਵਿਧਾਨ 'ਚ ਲੋਕਤੰਤਰ ਪ੍ਰਣਾਲੀ ਦੀ ਸਭ ਤੋਂ ਛੋਟੀ ਇਕਾਈ ਪੰਚਾਇਤ ਹੈ। ਜਿਸ ਨੂੰ ਗ੍ਰਾਮ ਸਭਾ ਦੇ ਲੋਕ ਆਪਣੇ ਹੀ ਪਿੰਡ ਦੇ ਨਾਗਰਿਕਾਂ ਵਿੱਚੋਂ ਪੰਚਾਂ ਤੇ ਸਰਪੰਚ ਦੀ ਚੋਣ ਕਰਦੇ ਹਨ।ਜਿਸ ਦੀ ਚੋਣ ਸਰਬਸੰਮਤੀ ਜਾਂ ਚੋਣ ਪ੍ਰਕਿਰਿਆ ਦੁਆਰਾ ਜੋ ਸੰਭਵ ਦੁਆਰਾ ਚੁਣੀ ਜਾਂਦੀ ਹੈ ਜੋ ਪਿੰਡ ਦੇ ਸਰਬਪੱਖੀ ਵਿਕਾਸ ਲਈ ਸਰਵਰਜਨਿਕ, ਪ੍ਰਸ਼ਾਸਨਿਕ ਤੇ ਕਾਨੂੰਨੀ ਕੰਮਾਂ ਰਾਹੀਂ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਭਾਰਤੀ ਸੰਵਿਧਾਨ ਦੀ ਧਾਰਾ 243 ਡੀ ਦੇ ਅਧੀਨ ਅਨੁਸੂਚਿਤ ਕਬੀਲਿਆਂ, ਜਾਤੀਆਂ, ਪਿਛੜੇ ਵਰਗਾਂ ਦੇ ਨਾਗਰਿਕਾਂ ਤੇ ਔਰਤਾਂ ਲਈ ਪੰਚਾਇਤਾਂ ਵਿੱਚ 50% ਰਾਖਵੇਂਕਰਨ ਦੀ ਵਿਵਸਥਾ ਕਰਦੀ ਹੈ। ਜਿਸ ਦੇ ਫ਼ਲਸਰੂਪ ਔਰਤਾਂ ਪੰਚਾਇਤੀ ਚੋਣਾਂ ਵਿੱਚ ਪੰਚ ਜਾਂ ਸਰਪੰਚ ਵਜੋਂ ਭੂਮਿਕਾ ਨਿਭਾਉਂਦੀਆਂ ਹਨ ਜੋ ਨਜ਼ਰ ਤਾਂ ਆਉਂਦਾ ਹੈ ਪਰ ਅਸਲੀਅਤ ਵਿੱਚ ਬਹੁ-ਗਿਣਤੀ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਸਿਰਫ਼ ਦਫ਼ਤਰਾਂ ਦੀ ਫਾਇਲਾਂ ਤੱਕ ਸੀਮਤ ਰਹਿ ਜਾਂਦੀ ਹੈ। ਜੇਕਰ ਪੰਚਾਇਤ ਪੱਧਰ @ਤੇ ਔਰਤਾਂ ਦੀ ਰਾਜਨੀਤਿਕ ਸ਼ਮੂਲੀਅਤ ਦੀ ਗੱਲ ਕੀਤੀ ਜਾਵੇ ਤਾਂ ਜਿਸ ਵਿੱਚ ਔਰਤਾਂ ਦੁਆਰਾ ਬਗੈਰ ਕਿਸੇ ਦਬਾਅ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਾ, ਚੋਣਾਂ ਲੜਨਾ, ਸ਼ਕਤੀਆਂ ਦੀ ਵੰਡ ਕਰਨਾ, ਰਾਜਨੀਤਿਕ ਪਾਰਟੀਆਂ ਦੀ ਮੈਂਬਰਸ਼ਿਪ, ਚੋਣ ਪ੍ਰਚਾਰ, ਪਾਰਟੀ ਮੀਟਿੰਗਾਂ ਵਿੱਚ ਸ਼ਾਮਿਲ ਹੋਣਾ, ਪਾਰਟੀ ਅਹੁਦੇ ਸੰਭਾਲਣਾ, ਸਾਂਝੇ ਫੈਸਲੇ ਲੈਣਾ, ਰਾਜ ਦੇ ਸ਼ਾਸਨ ਦੇ ਸਾਰੇ ਪੱਧਰਾਂ ਤੇ ਸਾਂਝੀ-ਨੀਤੀ ਬਣਾਉਣਾ ਹੈ। ਆਮ ਸ਼ਬਦਾਂ ਵਿੱਚ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਸਮੂਹ ਨਾਗਰਿਕ ਸਮਾਜ ਦੇ ਸਾਂਝੇ ਟੀਚਿਆਂ ਦਾ ਫ਼ੈਸਲਾ ਤੇ ਪ੍ਰਾਪਤ ਕਰਨ ਲਈ ਰਾਜਨੀਤਿਕ ਜੀਵਨ ਵਿੱਚ ਇੱਕ ਖਾਸ ਭੂਮਿਕਾ ਨਿਭਾਉਂਦੇ ਹਨ।ਜਿਸ ਦੇ ਫਲਸਰੂਪ ਔਰਤਾਂ ਵੀ ਰਾਜਨੀਤਿਕ ਖੇਤਰ ਵਿੱਚ ਆਪਣੀ ਬਰਾਬਰ ਭਾਗੀਦਾਰੀ ਨਾਲ ਸ਼ਾਮਿਲ ਹੋ ਕੇ ਦੇਸ਼ ਦੇ ਸਰਬਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਣ।

ਪੰਜਾਬ ਸਰਕਾਰ ਦੁਬਾਰਾ ਵੀ ਵੱਖ-ਵੱਖ ਸਮਿਆਂ ਦਸੰਬਰ 2013, ਮਈ 2015, ਅਗਸਤ 2022, ਸੰਤਬਰ 2024 ਨੂੰ ਜ਼ਿਲ੍ਹੇ ਦੇ ਕਮਿਸ਼ਨਰਾਂ ਤੇ ਸੰਬੰਧਿਤ ਵਿਭਾਗਾਂ ਨੂੰ ਨੋਟੀਫਿਕੇਸ਼ਨ ਜਾਰੀ ਕਰਦਿਆਂ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਜਿਸ ਤਹਿਤ ਔਰਤਾਂ ਦੀ ਰਾਜਨੀਤਿਕ ਖ਼ਾਸਕਰ ਪੰਚਾਇਤਾਂ ਵਿੱਚ ਚੋਣਾਂ ਲੜਨਾ ਹੀ ਨਹੀਂ ਬਲਕਿ ਆਪਣੇ ਕਾਰਜਕਾਲ ਵਿੱਚ ਕੰਮਾਂ ਤੇ ਸ਼ਕਤੀਆਂ ਦੀ ਵਰਤੋਂ ਦੀ ਸ਼ਮੂਲੀਅਤ ਲਾਜ਼ਮੀ ਬਣਾਈ ਜਾਵੇ। ਦੇਖਿਆ ਜਾਂਦਾ ਹੈ ਕਿ ਸੰਵਿਧਾਨਿਕ ਅਧਿਕਾਰਾਂ ਦੁਆਰਾ ਔਰਤਾਂ ਦੀ 50% ਭਾਗੀਦਾਰੀ ਨੂੰ ਲੈ ਕੇ ਮਿਲੇ ਅਧਿਕਾਰਾਂ ਅਨੁਸਾਰ ਪਿੰਡ ਦੀ ਪੰਚਾਇਤ ਲਈ ਪੰਚਾਂ ਤੇ ਸਰਪੰਚਾਂ ਦੇ ਉਮੀਦਵਾਰਾਂ ਵਜੋਂ ਔਰਤਾਂ ਵੱਲੋਂ ਨਾਮਜਾਦਗੀਆਂ ਦਾਖ਼ਲ ਤਾਂ ਕੀਤੀਆਂ ਜਾਂਦੀਆਂ ਹਨ ਪ੍ਰੰਤੂ ਜਿੱਤਣ ਉਪਰੰਤ ਪੰਚਾਇਤਾਂ @ਚ ਪੰਚਾਂ-ਸਰਪੰਚਾਂ ਦੇ ਅਧਿਕਾਰਤ ਤੌਰ @ਤੇ ਸ਼ਕਤੀਆਂ ਤੇ ਕੰਮਾਂ ਦੀ ਵਰਤੋਂ ਔਰਤ ਦਾ ਪਤੀ, ਪੁੱਤਰ ਜਾਂ ਪਰਿਵਾਰ ਨਾਲ ਸੰਬੰਧਿਤ ਹੋਰ ਮਰਦ ਵਿਅਕਤੀ ਹੀ ਕਾਰਜਕਾਲ ਦੌਰਾਨ ਕਰਦਾ ਹੈ। ਇੱਥੋਂ ਤੱਕ ਕਿ ਬਹੁ ਗਿਣਤੀ ਔਰਤਾਂ ਨੂੰ ਕਿਸੇ ਵੀ ਗ੍ਰਾਮ ਸਭਾ ਪੰਚਾਇਤਾਂ ਦੀ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਣ ਦਿੱਤਾ ਜਾਂਦਾ

ਲੇਖਕ: ਗੁਰਵੀਰ ਸਿੰਘ ਸਰੌਦ
ਸੰਪਰਕ: 9417971451

ਹੈ ਅਤੇ ਪੰਚਾਇਤੀ ਮੀਟਿੰਗਾਂ @ਤੇ ਰਾਜਨੀਤਿਕ ਮਸਲਿਆਂ ਵਿੱਚ ਔਰਤਾਂ ਦੇ ਪਰਿਵਾਰਿਕ ਮਰਦ ਵਿਅਕਤੀ ਹੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਸੂਬੇ ਅੰਦਰ ਪੰਚਾਇਤੀ ਚੋਣਾਂ 2024 ਦੇ ਚਲਦਿਆਂ ਦੇਖਿਆ ਗਿਆ ਹੈ ਕਿ ਪੰਚ ਜਾਂ ਸਰਪੰਚ ਦੀ ਉਮੀਦਵਾਰ ਵਜੋਂ ਨਾਮਜ਼ਦ ਹੋਈਆਂ ਔਰਤਾਂ ਦੇ ਅਪੀਲ ਪੱਤਰ ਭਾਵ ਪੋਸਟਰ ਜੋ ਦੀਵਾਰਾਂ @ਤੇ ਲਗਾਏ ਜਾ ਰਹੇ ਹਨ ਜਾਂ ਸੋਸ਼ਲ ਮੀਡੀਆ ਰਾਹੀਂ ਸੰਚਾਰਿਤ ਕੀਤੇ ਜਾ ਰਹੇ ਹਨ, ਉਨ੍ਹਾਂ ਅਪੀਲ ਪੱਤਰਾਂ @ਤੇ ਬਹੁਤਿਆਂ ਨੇ ਔਰਤਾਂ ਉਮੀਦਵਾਰਾਂ ਦਾ ਸਿਰਫ਼ ਨਾਮ ਹੀ ਛੋਟੇ ਅੱਖਰਾਂ ਵਿੱਚ ਲਗਾਇਆ ਹੋਇਆ ਹੈ ਅਤੇ ਸਬੰਧਿਤ ਔਰਤ ਦੇ ਪਰਿਵਾਰ ਦਾ ਮਰਦ ਵਿਅਕਤੀ ਦੀ ਫ਼ੋਟੋ ਤੇ ਨਾਮ ਨਾਮਜ਼ਦ ਉਮੀਦਵਾਰ ਨਾਲੋਂ ਕਈ ਗੁਣਾ ਵੱਡੀ ਕਰਕੇ ਲਗਾਈ ਗਈ ਹੈ ਤਾਂ ਸੁਭਾਵਿਕ ਹੈ ਕਿ ਅਜਿਹੀ ਮਾਨਸਿਕਤਾ ਵਾਲੇ ਵਿਅਕਤੀ ਦੇ ਘਰ ਦੀ ਔਰਤ ਆਜ਼ਾਦ ਰਾਜਨੀਤਿਕ ਭਾਗੀਦਾਰੀ ਕਿਵੇਂ ਕਰ ਸਕੇਗੀ..? ਕੀ ਉਹ ਪੰਚ ਜਾਂ ਸਰਪੰਚ ਬਣਨ ਤੋਂ ਬਾਅਦ ਆਪਣੀਆਂ ਕਾਰਜ ਸ਼ਕਤੀਆਂ ਦੀ ਵਰਤੋਂ ਖੁਦ ਆਪ ਕਰੇਗੀ..? ਬਿਲਕੁਲ ਨਹੀਂ ..! ਬਲਕਿ ਉਸ ਔਰਤ ਦੇ ਘਰ ਦਾ ਕੋਈ ਮਰਦ ਵਿਅਕਤੀ ਪੰਚਾਇਤ ਦੀਆਂ ਹੋਣ ਵਾਲੀਆਂ ਮੀਟਿੰਗਾਂ ਜਾਂ ਪਿੰਡ ਦੇ ਮਸਲਿਆਂ ਵਿੱਚ ਹਿੱਸਾ ਹੀ ਲਵੇਗਾ।ਇਸ ਪ੍ਰਤੀ ਆਮ ਲੋਕ ਵੀ ਇਸ ਵਰਤਾਰੇ ਨੂੰ ਆਮ ਨਜ਼ਰ ਨਾਲ ਹੀ ਦੇਖਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਆਪਣੇ ਮਾਂ ਜਾਂ ਪਤਨੀ ਦੇ ਪੰਚ ਜਾਂ ਸਰਪੰਚ ਦੀ ਨਾਮਜ਼ਦਗੀ ਤੇ ਜਿੱਤ ਤੋਂ ਬਾਅਦ ਮਿਲੀਆਂ ਸ਼ਕਤੀਆਂ @ਤੇ ਆਪਣਾ ਹੱਕ ਪੁਸ਼ਤੈਨੀ ਜਾਪਦਾ ਹੈ। ਜਦੋਂ ਕਿ ਸੰਵਿਧਾਨਿਕ ਤੇ ਨੈਤਿਕਤਾ ਦੇ ਆਧਾਰ @ਤੇ ਵੀ ਗਲਤ ਹੈ। ਇੱਥੇ ਹੀ ਵੱਸ ਨਹੀਂ ਦੂਸਰਾ ਕਿਸੇ ਘੱਟ ਗਿਣਤੀ, ਅਨੁਸੂਚਿਤ ਜਾਤੀ ਜਾਂ ਕਬੀਲੇ ਵਜੋਂ ਰਾਖਵਾਂਕਰਨ ਦੇ ਆਧਾਰ @ਤੇ ਕੋਈ ਵਿਅਕਤੀ ਚੋਣ ਲੜਦਾ ਹੈ ਤਾਂ ਉਸਨੂੰ ਵੀ ਰਸੂਖਦਾਰ ਆਪਣੀ ਰਬੜ ਦੀ ਮੋਹਰ ਹੀ ਸਮਝਦੇ ਹਨ ਪਰ ਸਾਨੂੰ ਇਸ ਸੰਦਰਭ ਵਿੱਚ ਜਾਗਰੂਕ ਵੋਟਰ ਵਜੋਂ ਸੋਚਣ ਦੀ ਲੋੜ ਹੈ। ਜਦੋਂ ਵੀ ਪੰਚਾਇਤ @ਚ ਪੰਚ ਲਈ ਵਾਰਡ ਜਾਂ ਸਰਪੰਚ ਲਈ ਪਿੰਡ ਵਿੱਚ ਕਿਸੇ ਔਰਤ ਲਈ ਰਾਖਵੀਂ ਉਮੀਦਵਾਰ ਵਜੋਂ ਚੋਣ ਲੜਦੀ ਹੈ ਉਸ ਨਾਲ ਸੰਬੰਧਿਤ ਵੋਟਰ ਉਮੀਦਵਾਰ ਤੋਂ ਤਸਦੀਕ ਕਰਵਾਉਣ ਕਿ ਤੁਸੀਂ ਆਪਣਾ ਕਾਰਜਕਾਲ ਤੇ ਸ਼ਕਤੀਆਂ ਦੀ ਵਰਤੋਂ ਆਪ ਖ਼ੁਦ ਕਰੋਗੇ ਜਾਂ ਤੁਹਾਡਾ ਪਤੀ ਜਾਂ ਪਰਿਵਾਰਿਕ ਮਰਦ ਕਰੇਗਾ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ। ਜਿਨ੍ਹਾਂ ਨੂੰ ਉਹ ਮਾਣਦਾ ਹੈ ਅਤੇ ਕੁਝ ਅਧਿਕਾਰ ਕਿਸੇ ਖ਼ਾਸ ਖਿੱਤੇ, ਕੌਮ ਜਾਂ ਲਿੰਗ ਨੂੰ ਸਮਾਜ ਵਿੱਚ ਬਰਾਬਰਤਾ ਹਿੱਤ ਰਾਖਵਾਂਕਰਨ ਵਜੋਂ ਪ੍ਰਾਪਤ ਹੋਏ ਹਨ। ਸੋ ਆਓ ਸੰਵਿਧਾਨਿਕ ਅਧਿਕਾਰਾਂ ਨੂੰ ਮਾਣਦੇ ਹੋਏ ਆਪਣੀਆਂ ਜ਼ਿੰਮੇਵਾਰੀਆਂ ਦਾ ਵੀ ਪਾਲਣ ਕਰੀਏ ਤੇ ਸਮਾਜ ਵਿੱਚ ਵਿਚਰਦਿਆਂ ਹਰੇਕ ਵਿਅਕਤੀ ਨੂੰ ਆਪਣੇ ਖੇਤਰ ਵਿੱਚ ਵੱਧਣ-ਫੁੱਲਣ ਦੇ ਯੋਗ ਮੌਕੇ ਪ੍ਰਦਾਨ ਕਰੀਏ।

# ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਉਪਰਾਲੇ ਕੀਤੇ ਜਾਣ

ਸੁਪਰੀਮ ਕੋਰਟ ਨੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਪਰਾਲੀ ਸਾੜਨ ਦੇ ਮੁੱਦੇ @ਤੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (ਸੀਏਕਿਊਐਮ) ਤੋਂ ਜਵਾਬ ਮੰਗਿਆ ਹੈ ਕਿ ਕਿਉਂ ਪਰਾਲੀ ਸਾੜਨਾ ਦੁਬਾਰਾ ਸ਼ੁਰੂ ਹੋ ਗਿਆ ਹੈ। ਸੁਪਰੀਮ ਕੋਰਟ ਨੇ ਪੁੱਛਿਆ ਕਿ @ਸੀਏਕਿਊਐਮ ਐਕਟ ਦੀ ਧਾਰਾ 14 ਤਹਿਤ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ਹੈ।@ ਅਦਾਲਤ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਵੀ ਫਟਕਾਰ ਲਾਈ ਹੈ ਅਤੇ ਕਿਹਾ ਕਿ ਦੋਵਾਂ ਸੂਬਿਆਂ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ। ਸੀਏਕਿਊਐਮ ਦੀ ਧਾਰਾ ਤਹਿਤ ਪਰਾਲੀ ਸਾੜਨ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਜ਼ਾ ਦਾ ਵੀ ਪ੍ਰਬੰਧ ਹੈ। ਸਵਾਲ ਇਹ ਹੈ ਕਿ ਕੀ ਸੁਪਰੀਮ ਕੋਰਟ ਨੂੰ ਬਿਨਾਂ ਕਾਰਨ ਪਰਾਲੀ ਸਾੜਨ ਲਈ ਜ਼ਿੰਮੇਵਾਰ ਅਦਾਰੇ ਨੂੰ ਤਾੜਨਾ ਕਰਨੀ ਪਈ ਸੀ! ਕੀ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਰਾਲੀ ਦਾ ਪ੍ਰਬੰਧਨ ਅਸਫਲ ਰਿਹਾ ਹੈ? ਕੀ ਕਿਸਾਨਾਂ ਦੇ ਮਨ ਅਜੇ ਵੀ ਪਰਾਲੀ ਪ੍ਰਬੰਧਨ ਦੀ ਪੁਰਾਣੀ ਰਵਾਇਤ @ਤੇ ਚੱਲ ਰਹੇ ਹਨ? ਸਪੱਸ਼ਟ ਹੈ, ਕੁਝ ਕੁਪ੍ਰਬੰਧਨ ਹੈ. ਸਤੰਬਰ ਮਹੀਨੇ ਦੇ ਅੰਕੜਿਆਂ ਅਨੁਸਾਰ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਤੋਂ ਪਰਾਲੀ ਸਾੜਨ ਦੇ ਕੁੱਲ 75 ਮਾਮਲੇ ਸਾਹਮਣੇ ਆਏ ਹਨ।ਹਨ। ਹੈਰਾਨੀ ਦੀ ਗੱਲ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ 15 ਤੋਂ 25 ਸਤੰਬਰ ਦਰਮਿਆਨ ਹਰਿਆਣਾ ਅਤੇ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਪੰਜ ਤੋਂ ਗਿਆਰਾਂ ਫੀਸਦੀ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਇਸੇ ਅਰਸੇ ਦੌਰਾਨ ਜਿੱਥੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ 13 ਮਾਮਲੇ ਸਾਹਮਣੇ ਆਏ ਸਨ, ਉੱਥੇ ਇਸ ਵਾਰ ਇਹ ਵੱਧ ਕੇ 70 ਹੋ ਗਏ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਪਰਾਲੀ ਸਾੜਨ ਦੇ ਮਾਮਲੇ ਅੱਠ ਤੋਂ ਵਧ ਕੇ 93 ਹੋ ਗਏ ਹਨ। ਕਰਨਾਲ, ਕੁਰੂਕਸ਼ੇਤਰ ਅਤੇ ਯਮੁਨਾਨਗਰ ਹਰਿਆਣਾ ਦੇ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ ਹਨ। ਉੱਥੇ 70 ਵਿੱਚੋਂ ਕੁੱਲ 31 ਕੇਸ ਪਾਏ ਗਏ। ਇਸੇ ਤਰ੍ਹਾਂ ਪੰਜਾਬ ਵਿੱਚ ਕੁੱਲ 93 ਕੇਸਾਂ ਵਿੱਚੋਂ 58 ਕੇਸ ਤਰਨਤਾਰਨ ਵਿੱਚ ਹਨ।ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚ ਪਾਇਆ ਗਿਆ। ਪਰਾਲੀ ਨੂੰ ਲਗਾਤਾਰ ਸਾੜਨ ਕਾਰਨ ਵਿਗੜ ਰਹੇ ਮਾਹੌਲ ਦਾ ਸਿੱਟਾ ਸਮੁੱਚੇ ਵਾਤਾਵਰਣ ਨੂੰ ਸਿੱਧੇ ਜਾਂ ਅਸਿੱਧੇ ਤੌਰ @ਤੇ ਭੁਗਤਣਾ ਪੈਂਦਾ ਹੈ। ਸਰਦੀਆਂ ਦੀ ਸ਼ੁਰੂਆਤ @ਚ ਸਾਹ ਘੁੱਟਣ ਲੱਗਦਾ ਹੈ। 24 ਸਤੰਬਰ ਤੱਕ, ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਹਵਾ ਗੁਣਵੱਤਾ ਸੂਚਕ ਅੰਕ 203 ਦਰਜ ਕੀਤਾ ਗਿਆ ਸੀ। ਅਜਿਹੇ ਹਾਲਾਤ ਵਿੱਚ ਸੁਪਰੀਮ ਕੋਰਟ ਤੋਂ ਫਟਕਾਰ ਸੁਭਾਵਿਕ ਹੈ। ਅਜਿਹਾ ਨਹੀਂ ਹੈ ਕਿ ਸਰਕਾਰ ਨੇ ਪਿਛਲੇ ਸਾਲਾਂ ਦੌਰਾਨ ਪਰਾਲੀ ਸਾੜਨ ਸਬੰਧੀ ਕੁਝ ਨਹੀਂ ਕੀਤਾ। ਪਰ ਪ੍ਰਸ਼ਾਸਨ, ਪ੍ਰਸ਼ਾਸਨ, ਸਰਕਾਰੀ ਅਦਾਰਿਆਂ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਚਕਾਰ ਰਿਸ਼ਤੇ ਦੀ ਲੋੜ ਹੈ।ਅਤੇ ਕੁਝ ਗੁੰਮ ਹੈ. ਪਿਛਲੇ ਸਾਲ ਸੁਪਰੀਮ ਕੋਰਟ ਦਾ ਹਵਾਲਾ ਦਿੰਦੇ ਹੋਏ ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਨੂੰ ਪਰਾਲੀ ਸਾੜਨ ਦੇ ਦੋਸ਼ੀ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦਾ ਲਾਭ ਨਾ ਦੇਣ ਦੀਆਂ ਸਖ਼ਤ ਹਦਾਇਤਾਂ ਦਿੱਤੀਆਂ ਸਨ। ਪਰਾਲੀ ਸਾੜਨ ਦੀ ਨਿਗਰਾਨੀ ਕਰਨ ਲਈ, ਸੈਟੇਲਾਈਟ ਨਿਗਰਾਨੀ ਕਨਸੋਰਟੀਅਮ ਫਾਰ ਰਿਸਰਚ ਆਨ ਐਗਰੋ-ਈਕੋਸਿਸਟਮ ਮਾਨੀਟਰਿੰਗ ਐਂਡ ਮਾਡਲਿੰਗ ਫਰਾਮ ਸਪੇਸ (ਕ੍ਰੀਮ) ਦੁਆਰਾ ਹਰ ਸਾਲ 15 ਸਤੰਬਰ ਤੱਕ ਬਣਾਈ ਜਾਂਦੀ ਹੈ। ਇਸ ਨਾਲ @ਗੂਗਲ ਲੋਕੇਸ਼ਨ@ ਨਾਲ ਪਰਾਲੀ ਸਾੜਨ ਦਾ ਪਤਾ ਲਗਾਇਆ ਜਾ ਸਕਦਾ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਨੇ ਦੋ ਏਕੜ ਤੋਂ ਘੱਟ ਰਕਬੇ ਵਿੱਚ ਪਰਾਲੀ ਸਾੜਨ @ਤੇ ਪਾਬੰਦੀ ਲਗਾ ਦਿੱਤੀ ਹੈ।ਗੈਰ-ਕਾਨੂੰਨੀ ਗਤੀਵਿਧੀਆਂ ਲਈ 2500 ਰੁਪਏ, ਦੋ ਤੋਂ ਪੰਜ ਏਕੜ ਦੇ ਖੇਤਰ ਲਈ 5,000 ਰੁਪਏ ਅਤੇ ਪੰਜ ਏਕੜ ਤੋਂ ਵੱਧ ਖੇਤਰ ਲਈ 15,000 ਰੁਪਏ ਜੁਰਮਾਨੇ ਦੀ ਵਿਵਸਥਾ ਹੈ। ਪਰਾਲੀ ਨੂੰ ਦੋਹਰੀ ਵਾਰ ਸਾੜਨ ਲਈ ਸਬੰਧਤ ਕਿਸਾਨ ਵਿਰੁੱਧ ਕੈਦ ਅਤੇ ਜੁਰਮਾਨੇ ਦੀ ਵਿਵਸਥਾ ਵੀ ਹੈ। ਇਸੇ ਤਰ੍ਹਾਂ ਝੋਨੇ ਦੀ ਕਟਾਈ ਕਰਨ ਵਾਲੇ ਕੰਬਾਈਨ ਹਾਰਵੈਸਟਰਾਂ ਵਿੱਚ 'ਸਟਰਾਅ ਮੈਨੇਜਮੈਂਟ ਸਿਸਟਮ' (ਐਸਐਮਐਸ) ਲਾਜ਼ਮੀ ਕੀਤਾ ਗਿਆ ਹੈ। ਐਸਐਮਐਸ ਤੋਂ ਬਿਨਾਂ ਕੰਬਾਈਨਾਂ ਵਿਰੁੱਧ ਦੰਡਕਾਰੀ ਕਾਰਵਾਈ ਦੀ ਵਿਵਸਥਾ ਹੈ। ਪਿਛਲੇ ਸਾਲਾਂ ਵਿੱਚ, ਪਰਾਲੀ ਸਾੜਨ ਲਈ ਵੱਖ-ਵੱਖ ਰਾਜਾਂ ਵਿੱਚ ਹਜ਼ਾਰਾਂ ਕਿਸਾਨਾਂ ਵਿਰੁੱਧ ਐਫ.ਆਈ.ਆਰ.ਦਰਜ ਕੀਤਾ ਗਿਆ ਹੈ। ਪਰਾਲੀ ਨੂੰ ਸਾੜਨ ਨਾਲ ਮਿੱਟੀ ਵਿੱਚ ਮੌਜੂਦ ਬਹੁਤ ਸਾਰੇ ਲਾਭਕਾਰੀ ਸੂਖਮ ਜੀਵ ਨਸ਼ਟ ਹੋ ਜਾਂਦੇ ਹਨ। ਇੱਕ ਅਧਿਐਨ ਅਨੁਸਾਰ ਇੱਕ ਟਨ ਪਰਾਲੀ ਸਾੜਨ ਨਾਲ ਮਿੱਟੀ ਵਿੱਚ ਮੌਜੂਦ 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼ੀਅਮ, 1.2 ਕਿਲੋ ਸਲਫਰ ਅਤੇ ਹੋਰ ਉਪਯੋਗੀ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਉੱਤਰੀ ਭਾਰਤ ਦੇ ਰਾਜਾਂ ਵਿੱਚ ਪਰਾਲੀ ਸਾੜਨ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਆਰਥਿਕ ਨੁਕਸਾਨ ਹੋਇਆ ਹੈ। ਇੱਕ ਹੋਰ ਜਾਣਕਾਰੀ ਅਨੁਸਾਰ ਦਿੱਲੀ ਵਿੱਚ ਪਰਾਲੀ ਪ੍ਰਦੂਸ਼ਣਇਸ ਕਰਕੇ @ਐਕਿਊਟ ਰੈਸਪੀਰੇਟਰੀ ਇਨਫੈਕਸ਼ਨ@ (ਏ.ਆਰ.ਆਈ.) ਪੇਂਡੂ ਖੇਤਰਾਂ ਦੇ ਮੁਕਾਬਲੇ ਬੱਚਿਆਂ ਅਤੇ ਬਜ਼ੁਰਗਾਂ ਵਿੱਚ ਜ਼ਿਆਦਾ ਹੁੰਦੀ ਹੈ। ਪ੍ਰਦੂਸ਼ਣ ਦੇ ਉੱਚੇ ਪੱਧਰ ਕਾਰਨ ਦਿੱਲੀ ਵਾਸੀਆਂ ਦੀ ਉਮਰ ਲਗਭਗ ਸਾਢੇ ਛੇ ਸਾਲ ਘੱਟ ਗਈ ਹੈ। ਪਰਾਲੀ ਨੂੰ ਸਾੜਨ ਨਾਲ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ,

ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ

ਮੀਥੇਨ, ਪੌਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ। ਇਨ੍ਹਾਂ ਪ੍ਰਦੂਸ਼ਕਾਂ ਦੇ ਫੈਲਣ ਨਾਲ @ਸਮੋਗ@ ਦੀ ਮੋਟੀ ਪਰਤ ਬਣ ਜਾਂਦੀ ਹੈ, ਜਿਸ ਨਾਲ ਬ੍ਰੌਨਕਾਈਟਸ, ਨਰਵਸ ਅਤੇ ਕਾਰਡੀਓਵੈਸਕੁਲਰ ਬਿਮਾਰੀਆਂ ਅਤੇ ਇੱਥੋਂ ਤੱਕ ਕਿ ਕੈਂਸਰ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।ਵਧਦਾ ਹੈ। ਸਿਰਫ਼ ਸਰਕਾਰੀ ਤੰਤਰ @ਤੇ ਭਰੋਸਾ ਕਰਕੇ ਇਸ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਕਿਸਾਨਾਂ ਨੂੰ ਜਾਗਰੂਕ ਕਰਨਾ ਹੋਵੇਗਾ। ਕਿਸਾਨਾਂ ਨੂੰ ਥੋੜ੍ਹੇ ਸਮੇਂ ਦੀ ਝੋਨੇ ਦੀਆਂ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ, ਤਾਂ ਜੋ ਪਰਾਲੀ ਨੂੰ ਸਾੜਨ ਦੀ ਲੋੜ ਨਾ ਪਵੇ ਅਤੇ ਅਗਲੀ ਫ਼ਸਲ ਲਈ ਪਰਾਲੀ ਨੂੰ ਸੜਨ ਲਈ ਢੁਕਵਾਂ ਸਮਾਂ ਦਿੱਤਾ ਜਾਵੇ। ਪਿਛਲੇ ਸਾਲ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹਿਤ ਕੀਤਾ ਸੀ, ਜਿਸ ਕਾਰਨ 30 ਸਤੰਬਰ ਤੱਕ ਉਥੋਂ ਦੀਆਂ ਮੰਡੀਆਂ ਵਿੱਚ ਅੱਠ ਲੱਖ ਟਨ ਝੋਨਾ ਵਿਕ ਗਿਆ ਸੀ। ਇਸ ਤੋਂ ਇਲਾਵਾ ਝੋਨੇ ਦੀਆਂ ਘੱਟ ਮਿਆਦ ਵਾਲੀਆਂ ਕਿਸਮਾਂ ਦੀ ਬਿਜਾਈ ਲਈ ਪੀ.ਆਰ. 126, ਪੀ.ਬੀ. 1509 ਆਦਿ।ਇਸ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। @ਹੈਪੀ ਸੀਡਰ@ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿੱਚ ਪਰਾਲੀ ਦਾ ਬੰਡਲ ਆ ਜਾਂਦਾ ਹੈ, ਕਣਕ ਦੀ ਬਿਜਾਈ ਕੀਤੀ ਜਾਂਦੀ ਹੈ ਅਤੇ ਪਰਾਲੀ ਦੇ ਬੰਡਲ ਨੂੰ ਮਲਚ ਦੇ ਰੂਪ ਵਿੱਚ ਖੇਤ ਵਿੱਚ ਵਿਛਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ 'ਪੈਲੇਟਾਈਜ਼ੇਸ਼ਨ' ਨੂੰ ਅਪਣਾਇਆ ਜਾ ਸਕਦਾ ਹੈ। ਇਸ ਵਿੱਚ ਪਰਾਲੀ ਨੂੰ ਸੁਕਾ ਕੇ ਪਰਾਲੀ ਵਿੱਚ ਬਦਲਿਆ ਜਾਂਦਾ ਹੈ, ਕੋਲੇ ਵਿੱਚ ਰਲਾ ਕੇ ਥਰਮਲ ਪਾਵਰ ਪਲਾਂਟਾਂ ਅਤੇ ਉਦਯੋਗਾਂ ਵਿੱਚ ਬਾਲਣ ਵਜੋਂ ਵਰਤਿਆ ਜਾਂਦਾ ਹੈ। ਇੱਕ ਪਾਸੇ ਇਸ ਨਾਲ ਕੋਲੇ ਦੀ ਬਚਤ ਹੁੰਦੀ ਹੈ ਅਤੇ ਦੂਜੇ ਪਾਸੇ ਇਹ ਕਾਰਬਨ ਦੇ ਨਿਕਾਸ ਨੂੰ ਘਟਾਉਂਦਾ ਹੈ। @ਗੌਥਨ@ ਛੱਤੀਸਗੜ੍ਹ ਤੋਂ ਹੈਏ ਇੱਕ ਨਵਾਂ ਪ੍ਰਯੋਗ ਹੈ। ਇਸ ਵਿੱਚ ਪੰਜ ਏਕੜ ਸਰਕਾਰੀ ਜ਼ਮੀਨ ਵਿੱਚੋਂ ਦਾਨ ਕੀਤੀ ਪਰਾਲੀ ਇਕੱਠੀ ਕਰਕੇ ਇਸ ਵਿੱਚ ਗੋਬਰ ਅਤੇ ਕੁਦਰਤੀ ਪਾਚਕ ਮਿਲਾ ਕੇ ਜੈਵਿਕ ਖਾਦ ਤਿਆਰ ਕੀਤੀ ਜਾਂਦੀ ਹੈ। ਜੇਕਰ ਪਰਾਲੀ ਨੂੰ @ਕੰਪ੍ਰੈਸਡ ਬਾਇਓ ਗੈਸ ਪਲਾਂਟ@ (ਸੀਬੀਜੀਪੀ) ਨੂੰ ਭੇਜਿਆ ਜਾਂਦਾ ਹੈ, ਤਾਂ ਦਿੱਲੀ ਦੇ ਪੂਸਾ ਇੰਸਟੀਚਿਊਟ ਨੇ @ਬਾਇਓ ਵੇਸਟ ਡੀਕੰਪੋਜ਼ਰ@ ਤਿਆਰ ਕੀਤਾ ਹੈ। ਇਸਦੀ ਵਰਤੋਂ ਨਾਲ ਖੇਤ ਵਿੱਚ ਮੌਜੂਦ ਪਰਾਲੀ ਜਲਦੀ ਗਲ ਜਾਂਦੀ ਹੈ ਅਤੇ ਖਾਦ ਵਿੱਚ ਬਦਲ ਜਾਂਦੀ ਹੈ। ਇਸ ਤਰ੍ਹਾਂ ਅਸੀਂ ਸਰਕਾਰੀ ਤੰਤਰ ਨੂੰ ਛੱਡ ਕੇ ਹਰ ਕਿਸੇ ਦੀ ਸਮੁੱਚੀ ਗੰਭੀਰਤਾ ਨਾਲ ਪਰਾਲੀ @ਤੇ ਕਾਬੂ ਪਾ ਸਕਦੇ ਹਾਂ।

# ਅਸਲ ਵਿੱਚ ਸਿੱਖ ਮਨੋਵਿਗਿਆਨ ਕੀ ਹੈ ?

ਸਿੱਖ ਵਿਚਾਰਧਾਰਾ ਗੁਰੂ ਨਾਨਕ ਸੱਚੇ ਪਾਤਸ਼ਾਹ ਵਲੋਂ ਸ਼ੁਰੂ ਕੀਤੀ ਗਈ ਇੱਕ
ਵਿਲੱਖਣ ਤਰਕ-ਅਧਾਰਿਤ, ਅਗਾਧੀ, ਅਗੰਮੀ, ਬ੍ਰਹਿਮੰਡਕ, ਦੋਸ਼-ਰਹਿਤ,
ਸਮਾਜਿਕ, ਅਗਾਧੀਆਂ, ਉਪਾਧੀਆਂ ਤੋਂ ਉੱਪਰ, ਜਨ-ਮਾਨਸ ਨੂੰ ਪਵਿੱਤਰ
ਕਰ
ਦੇਣ ਵਾਲੀ ਵਿਚਾਰਧਾਰਾ ਹੈ,
ਅਤੇ ਇਸ ਵਿੱਚ ਮਨੋਵਿਗਿਆਨ ਵਿਸ਼ਾ ਇੱਕ ਵਿਆਪਕ ਵਿਸ਼ਾ ਹੈ,
ਜਿਸ ਵਿੱਚ ਗੁਰਮਤਿ ਮਨੋਵਿਗਿਆਨ ਸਰਵ-ਉੱਚ ਸਥਾਨ ਰੱਖਦਾ ਹੈ,
ਕਿਉਂਕਿ ਸਿੱਖ ਮੱਤ ਨੂੰ ਅੰਗੀਕਾਰ ਕਰਨ ਵਾਲੇ ਹਰ
ਮਨੁੱਖ ਨੇ ਗੁਰੂ ਦੇ ਮੱਤ (ਸਿਧਾਂਤ) ਦੀ ਹੀ ਗੱਲ ਕਰਨੀ
ਹੈ !

ਪਰਮਜੀਤ ਸਿੰਘ

ਜੋ ਅਗੰਮੀ ਵਲਵਲਿਆਂ ਤੋਂ ਮਨ ਅੰਦਰ ਧੁਰ-ਅੰਦਰਲੇ ਪਏ ਖਿਲਾਅ ਨੂੰ
ਜਨਮਾਂ-ਜਨਮਾਂਤਰਾਂ ਦੀ ਜੰਮੀ ਕਾਈ ਨੂੰ ਤਾਰਕਿਕ ਸ਼ਬਦਾਂ ਦੀ ਰੌਸ਼ਨੀ ਦੇ
ਗਿਆਨ ਨਾਲ ਸਾਫ ਕਰਕੇ, ਉਸ ਵਿੱਚ ਨਵੀਂ ਊਰਜਾ, ਮਤਵਾਲਾਪਨ, ਰਜ਼ਾ-
ਰਹਿਤ, ਰਜ਼-ਅੰਦਰ, ਆਤਮ-ਦੁਆਰ ਦੀ ਸੋਝੀ ਵਾਲਾ ਤੇ ਨਿਰੋਲ, ਅੰਹ-
ਮੁਕਤ, ਨਿਹ-ਕਲੰਕ, ਪਵਿੱਤਰ ਗਿਆਨ ਦਾ ਚਸ਼ਮਾ ਨਿਰੰਤਰ ਚਲਾਉਣਾ
ਗੁਰਮਤਿ ਮਨੋਵਿਗਿਆਨ ਦਾ ਇਲਾਹੀ ਗੁਰਬਾਣੀ ਦੀ ਸਾਰਥਿਕਤਾ ਨੂੰ
ਜੀਵਨ ਪ੍ਰਵਾਹ ਵਿੱਚ ਸ਼ਾਮਿਲ ਕਰਨਾ ਹੀ ਮਨੋਰਥ ਹੈ ॥
ਹੁਣ ਇਸ ਵਿੱਚ ਪਹਿਲਾ ਸ਼ਬਦ ਆਂਉਂਦਾ ਹੈ ਮਨ
ਤੇ ਦੂਜਾ ਹੈ ਵਿਗਿਆਨ ਸੁਮੇਲ ਹੈ ਮਨ ਦੀ ਸਾਇੰਸ ਦਾ,
ਮਨ ਇੱਕ ਅਜਿਹਾ ਗੁੰਝਲਦਾਰ ਵਿਸ਼ਾ ਹੈ ਜਿਸਨੂੰ ਸੁਲਝਾਉਣ ਲਈ ਹੀ ਇਸਨੂੰ
ਸਾਇੰਸ ਨਾਲ ਜੋੜਨਾ ਪਿਆ, ਤੇ ਹਜ਼ਾਰਾਂ ਕਿਤਾਬਾਂ ਇਸਤੇ ਲਿਖੀਆਂ
ਗਈਆਂ ਪਰ ਪੜ ਇਸਨੂੰ ਕੋਈ ਵੀ ਨਹੀਂ ਸਕਿਆ,
ਸਾਡੀ ਗੁਰਬਾਣੀ ਵਿੱਚ ਸਾਰਾ ਜ਼ੋਰ ਧਿਆਨ ਹੀ ਮਨ-ਸਾਧਨਾ ਤੇ ਲੱਗਾ

ਮਨ ਤੂੰ ਜੋਤ ਸਰੂਪ ਹੈਂ ਆਪਣਾ ਬਿਰਦ ਪਛਾਣ ॥

ਗੁਰੂ ਸਾਹਿਬ ਨੇ ਮਨ ਨੂੰ ਹੀ ਜੋਤ ਦਾ ਸਰੂਪ ਕਹਿ ਦਿੱਤਾ, ਇਸਨੂੰ ਹੀ ਤਾਕੀਦ
ਕਰ ਦਿੱਤੀ ਕਿ ਸਾਰੀ ਜੋਤ ਨੂਰ ਤੇਰੇ ਵਿਚ ਹੀ ਭਰੀ ਹੈ, ਲੋੜ ਹੈ ਤੈਨੂੰ ਪਛਾਨਣ
ਦੀ, ਮਨ ਸਾਧ ਲਿਆ ਤਾਂ ਜੱਗ ਸਾਧ ਲਿਆ,

ਮਨ ਜੀਤੈ ਜੱਗ ਜੀਤ

ਮਨ ਦਾ ਗਿਆਨ ਹੀ ਸਰਵੋਤਮ ਹੈ, ਕਿਉਂਕਿ ਇਸਦੇ
ਗਿਆਨਵਾਨ ਹੋਣ ਨਾਲ ਰੂਹ ਦੇ ਰਸਤੇ ਰੁਸ਼ਨਾ ਜਾਣਗੇ
, ਜੇ ਮਨ ਵਿੱਚ ਹਾਂ ਕੂੜ ਭਰਿਆ ਹੈ ਤਾਂ ਏਸ ਰਸਤੇ
ਚੱਲਣਾ ਨਾ-ਮੁਮਕਿਨ ਹੈ,

ਮਨ ਮੰਦਿਰ ਤਨ ਵੇਸ ਕਲੰਦਰ, ਘੱਟ ਹੀ ਤੀਰਿਥ ਨਾਹ੍ਵਾ ॥
ਏਕ ਸਬਿਦ ਮੇਰੇ ਪ੍ਰਧਾਨ ਬਸਿਤ ਹੈ, ਬਹੁਰ ਜਨਮ ਨਾ ਆਵਾ ॥

ਮਨ ਇੱਕ ਮੰਦਿਰ ਦੀ ਤਰਾਂ ਵੀ ਹੈ, ਜਿਸ ਵਿੱਚ ਗਿਆਨ ਦੀ ਮੂਰਤ ਸੁਭਾਇਮਾਨ
ਕਰਨੀ ਹੈ, ਤਨ ਤਾਂ ਬਾਜ਼ੀਗਰ ਦੀ ਨਿਆਂਈਂ ਹੈ, ਜੋ ਮਨ ਹੁਕਮ ਕਰਦਾ ਓਹੀ
ਕਰੀ ਜਾਂਦਾ, ਮਨ ਅੰਦਰ ਵਾਸ ਸ਼ਬਦ ਰੂਪੀ ਗਿਆਨ ਦਾ ਹੀ ਕਰਨਾ ਪੈਣਾ, ਜੇ
ਜਨਮਾਂ ਜਨਮਾਂਤਰਾਂ ਦੇ ਚਕੱਰ ਨੂੰ ਠੱਲ ਪਾਉਣੀ ਹੈ ਤਾਂ ॥
ਵਾਹਿਗੁਰੂ ਅਕਾਲ ਪੁਰਖ ਆਪ ਕਿਰਪਾ ਕਰਨ ॥ ਮਨ ਦਾ ਵਿਸ਼ਾ ਬਹੁਤ ਵਿਆਪਕ
ਹੈ ॥
ਓਹੀ ਅਕਾਲ ਪੁਰਖ ਮਾਰਗ ਦਰਸ਼ਕ ਹੈ,
ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ ॥

# ਮਾਸਟਰ ਜੀ

ਔਖੇ-ਸੌਖੇ ਮੈਂ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਬਾਰ੍ਹਵੀਂ ਪਹਿਲੇ ਦਰਜੇ ਵਿੱਚ ਪਾਸ ਕੀਤੀ।ਫਿਰ ਮੈਂ ਤੇ ਮੇਰੇ ਦੋਸਤ ਹਰਮੇਸ਼ ਸਿੰਘ ਨੇ ਨਿਆਲ ਕਿਰਤੀ ਕਾਲਜ ਪਾਤੜਾਂ ਵਿਖੇ ਬੀ.ਏ. ਭਾਗ ਪਹਿਲਾ ਵਿੱਚ ਦਾਖਲਾ ਲੈ ਲਿਆ। ਸਾਡੀ ਪੀੜ੍ਹੀ @ਚ ਮੈਂ ਪਹਿਲਾ ਮੁੰਡਾ ਸੀ, ਜਿਸਨੇ ਕਾਲਜ ਦਾ ਮੂੰਹ ਦੇਖਿਆ ਸੀ। ਪਰਮਾਤਮਾ ਦੀ ਮਿਹਰ ਸਦਕਾ ਮੈਂ ਬੀ. ਏ. ਦੂਜੇ ਦਰਜੇ ਵਿੱਚ ਪਾਸ ਕਰ ਲਈ। ਹੁਣ ਮਨ ਬਹੁਤ ਖ਼ੁਸ਼ ਸੀ ਕਿ ਹੁਣ ਆਪਣੀ ਨੌਕਰੀ ਪੱਕੀ ਹੈ। ਨੌਕਰੀ ਲਈ ਕਈ ਤਰਾਂ ਦੇ ਪੇਪਰ ਦਿੱਤੇ ਪਰ ਅਸਫਲ ਰਿਹਾ।

ਮੈਂ ਆਪਣੇ ਵੱਡੇ ਭਰਾ ਕਰਮਜੀਤ ਸਿੰਘ ਨਾਲ ਸਲਾਹ ਕਰਕੇ ਸ਼ਹੀਦ ਊਧਮ ਸਿੰਘ ਕਾਲਜ ਮਹਿਲਾਂ ਚੌਂਕ ਵਿੱਚ ਬੀ.ਐਡ. ਕੋਰਸ ਵਿੱਚ ਦਾਖਲਾ ਲੈ ਲਿਆ। ਇੱਕ ਸਾਲ ਬਾਅਦ ਮੈਂ ਮਾਸਟਰ ਕੋਰਸ ਵੀ ਪਹਿਲੇ ਦਰਜੇ ਵਿੱਚ ਪਾਸ ਕਰ ਲਿਆ। ਹੁਣ ਇੱਕ ਬਲਾ ਨਾਲ ਪੰਗਾ ਪਿਆ ਜਿਹਨੂੰ ਕਹਿੰਦੇ ਨੇ ਪੰਜਾਬ ਟੈੱਟ। ਸਰਕਾਰ ਕਹਿੰਦੀ ਪਹਿਲਾਂ ਟੈੱਟ ਪਾਸ ਕਰੋ ਜੇ ਮਾਸਟਰ ਬਣਨਾ ਹੈ। ਮੈਂ ਟੈੱਟ ਪਾਸ ਕਰਨ ਵਿੱਚ ਲਗਾਤਾਰ ਚਾਰ ਵਾਰ ਅਸਫ਼ਲ ਰਿਹਾ। ਇਸਦੇ ਨਾਲ ਹੀ ਮੈਂ ਪਬਲਿਕ ਕਾਲਜ ਸਮਾਣਾ ਤੋਂ ਐਮ. ਏ. ਪੰਜਾਬੀ ਦੀ ਡਿਗਰੀ ਪਹਿਲੇ ਦਰਜੇ ਵਿੱਚ ਪ੍ਰਾਪਤ ਕਰ ਲਈ ਸੀ। ਪਰ ਪੰਜਾਬ ਟੈੱਟ, ਸੀ. ਟੈੱਟ ਅਤੇ ਯੂ ਜੀ ਸੀ ਨੈੱਟ ਨੇ ਦਮ ਕੱਢ ਦਿੱਤਾ ਸੀ। ਕੋਈ ਵੀ ਟੈਸਟ ਪਾਸ ਨਹੀਂ ਸੀ ਹੋ ਰਿਹਾ।ਫਿਰ ਮੈਂ ਮੇਰੇ ਦੋਸਤ ਸੁਖਵੀਰ ਸਿੰਘ ਦੇ ਕਹਿਣ ਤੇ ਘਰ ਵਾਲਿਆਂ ਤੋਂ ਇਜਾਜ਼ਤ ਲੈ ਕੇ ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰ ਵਿਖੇ ਐਮ.ਫਿਲ ਪੰਜਾਬੀ ਦੇ ਦਾਖਲੇ ਲਈ ਚਲਾ ਗਿਆ। ਦਾਖਲਾ ਪੇਪਰ ਤੋਂ ਬਾਅਦ ਪਹਿਲੀਆਂ ਦੋ ਕਾਉਂਸਲਿੰਗਾਂ ਵਿੱਚ ਮੇਰਾ ਦਾਖਲਾ ਨਾ ਹੋ ਸਕਿਆ। ਮੈਂ ਭਰੇ ਮਨ ਨਾਲ ਘਰ ਵਾਪਸ ਆ ਜਾਂਦਾ। ਮਨ ਤੇ ਕਈ ਦਿਨ ਬੜਾ ਬੋਝ ਰਿਹਾ ਸੀ ਕਿ ਹੁਣ ਕੀ ਕਰਾਂਗੇ? ਕੁੱਝ ਦਿਨਾਂ ਬਾਅਦ ਐਮ.ਫਿਲ ਪੰਜਾਬੀ ਦੀ ਤੀਜੀ ਕਾਉਂਸਲਿੰਗ ਲਈ ਪੰਜਾਬੀ ਵਿਭਾਗ ਤੋਂ ਮੈਸਜ ਆਇਆ। ਜਦੋਂ ਕਾਉਂਸਲਿੰਗ ਤੇ ਗਿਆ ਤਾਂ ਦੋ ਪੁਆਇੰਟ ਘੱਟ ਹੋਣ ਕਰਕੇ ਮੇਰਾ ਦਾਖਲਾ ਨਾ ਹੋਇਆ। ਮੈਂ ਅੱਖਾਂ ਵਿੱਚੋਂ ਹੰਝੂ ਵਹਾਉਂਦਾ ਤੇ ਮੂੰਹ ਛੁਪਾਉਂਦਾ ਹੋਇਆ ਵਿਭਾਗ ਤੋਂ ਬਾਹਰ ਬੱਸ ਅੱਡੇ ਵੱਲ ਨੂੰ ਚੱਲ ਪਿਆ। ਜਦੋਂ ਮੈਂ ਅੱਡੇ ਕੋਲ ਪੁੱਜਿਆ ਤਾਂ ਮੈਨੂੰ ਅਸਿਸਟੈਂਟ ਪ੍ਰੋਫੈਸਰ ਡਾਕਟਰ ਕੁਲਦੀਪ ਸਿੰਘ ਜੀ ਦਾ ਫੋਨ ਆਇਆ,÷ ਕਿੱਥੇ ਆ ਯਰ ਕਲੇਰ ਤੈਨੂੰ ਅਸੀਂ ਏਥੇ ਲੱਭੀ ਜਾਂਦੇ ਆ, ਜਲਦੀ ਆ ਤੇਰਾ ਦਾਖਲਾ ਕਰੀਏ।÷ ਮੈਂ ਬੱਸ ਏਨਾ ਹੀ ਕਿਹਾ ,÷ਆ ਗਿਆ ਜੀ ਬੱਸ ਹੁਣੇ ਦੋ ਮਿੰਟਾਂ @ਚ।÷ ਮੈਂ ਦੌੜ ਕੇ ਪੰਜਾਬੀ ਵਿਭਾਗ ਪਹੁੰਚਿਆ। ਦਫ਼ਤਰ ਵਿੱਚ ਡਾਕਟਰ ਹਰਸਿਮਰਨ ਸਿੰਘ ਰੰਧਾਵਾ ਜੀ ਤੇ ਡਾਕਟਰ ਕੁਲਦੀਪ ਸਿੰਘ ਜੀ ਨੇ ਮੇਰੇ ਸਾਰੇ ਸਰਟੀਫਿਕੇਟ ਚੈੱਕ ਕੀਤੇ। ਫਿਰ ਡਾਕਟਰ ਕੁਲਦੀਪ ਸਿੰਘ ਜੀ ਨੇ ਮੈਨੂੰ ਕਿਹਾ ਕਲੇਰ ਤੇਰਾ ਦਾਖਲਾ ਤਾਂ ਹੋ ਰਿਹੈ, ਇੱਕ ਲੜਕੀ ਨੇ ਐੱਮ.ਐਡ. ਵਿੱਚ ਦਾਖਲਾ ਲੈ ਲਿਆ, ਤੇ ਉਸ ਨੇ ਐਮ.ਫਿਲ. ਕਰਨ ਤੋਂ ਮਨ੍ਹਾ ਕਰ ਦਿੱਤਾ।÷ ÷ਸ਼ੁਕਰੀਆ ਸਰ ਜੀ÷ ਮੈਂ ਕਿਹਾ। ਮੈਂ ਬੜੇ ਖੁਸ਼ੀ ਮਨ ਨਾਲ ਘਰ ਪਹੁੰਚਿਆ। ਕੁਰੂਕਸ਼ੇਤਰ ਦੂਰ ਹੋਣ ਕਰਕੇ ਰੋਜ਼ਾਨਾ ਆਉਣਾ-ਜਾਣਾ ਬਹੁਤ ਔਖਾ ਸੀ। ਮੈਂ ਹੋਸਟਲ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਚੰਗੇ ਦੋਸਤਾਂ ਦੀ ਸੰਗਤ ਅਤੇ ਘਰ ਛੱਡ ਕੇ ਬਾਹਰ ਪੜ੍ਹਨ ਲਈ ਪੈਸੇ ਦੀ ਚਿੰਤਾ ਨੇ ਮੈਨੂੰ ਪੜ੍ਹਨ ਦੀ ਹੋਰ ਵੀ ਚੇਟਕ ਲਾ ਦਿੱਤੀ। ਯੂਨੀਵਰਸਿਟੀ ਵਿੱਚ ਲੈਕਚਰ ਲਾਉਣ ਤੋਂ ਬਾਅਦ ਲਾਇਬ੍ਰੇਰੀ ਵਿੱਚ ਜਾ ਕੇ ਕਈ-ਕਈ ਘੰਟੇ ਪੜ੍ਹਨਾ ਅਤੇ ਫਿਰ ਰਾਤ ਨੂੰ ਹੋਸਟਲ ਵਿੱਚ ਆ ਕੇ ਪੜ੍ਹਨਾ। ਇਸ ਤਰ੍ਹਾਂ ਮੇਰੀ ਪੜ੍ਹਾਈ ਵਿੱਚ ਬਹੁਤ ਸੁਧਾਰ ਹੋ ਰਿਹਾ ਸੀ। ਛੇ ਮਹੀਨਿਆਂ ਬਾਅਦ ਐਮ. ਫਿਲ ਪੰਜਾਬੀ ਦੇ ਪੱਕੇ ਪੇਪਰ ਦੇਣ ਤੋਂ ਬਾਅਦ ਮੈਂ ਹੋਸਟਲ ਛੱਡ ਕੇ ਘਰ ਆ ਗਿਆ ਕਿ ਘਰ ਰਹਿ ਕੇ ਹੀ ਥੀਸਿਸ ਲਿਖ ਲਵਾਂਗਾ ਕਿਉਂਕਿ ਪੈਸੇ ਦੀ ਵੀ ਸਮੱਸਿਆ ਸੀ। ਘਰ ਰਹਿ ਕੇ ਹੀ ਮੈਂ ਥੀਸਿਸ ਤੇ ਨੈੱਟ, ਟੈੱਟ ਦੀ ਤਿਆਰੀ ਸ਼ੁਰੂ ਕਰ ਦਿੱਤੀ। ਲੋਕਾਂ ਦੀ ਨਜ਼ਰ ਵਿੱਚ ਮੈਂ ਪੜ੍ਹ-ਲਿਖ ਕੇ ਘਰ ਬਹਿ ਗਿਆ ਸੀ। ਮਹੁੱਲੇ ਦੀਆਂ ਕਈ ਔਰਤਾਂ ਤੇ ਮੁੰਡਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ,÷ ਕੀ ਗੱਲ ਘਰੇ ਹੀ ਵਿਹਲਾ ਰਹਿਣ ਲੱਗ ਪਿਆ,ਮਿਲੀ ਨੀ ਨੌਕਰੀ ? ਕੋਈ ਕੰਮ ਧੰਦਾ ਸਿੱਖ ਲੈ, ਹੁਣ ਨੀ ਮਿਲਦੀ ਨੌਕਰੀ ਨੂਕਰੀ।÷ ਪਰ ਮੈਂ ਅਜਿਹੇ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਕਿਉਂਕਿ ਮੇਰੇ ਨਾਲ ਮੇਰੇ ਘਰ ਵਾਲਿਆਂ ਦਾ ਪੂਰਾ ਸਾਥ ਸੀ।

ਜੂਨ ਵਿੱਚ ਮੈਂ ਪੰਜਵੀਂ ਵਾਰ ਨੈੱਟ ਦਾ ਪੇਪਰ ਦਿੱਤਾ ਤੇ ਅਖੀਰ ਵਿੱਚ ਪਾਸ ਹੋ ਹੀ ਗਿਆ ਤੇ ਨਾਲ ਹੀ ਮੈਨੂੰ ਐਮ. ਫਿਲ ਪੰਜਾਬੀ ਦੀ ਡਿਗਰੀ ਵੀ ਮਿਲ ਗਈ। ਇਸ ਤਰ੍ਹਾਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬੜੀ ਖ਼ੁਸ਼ੀ ਮਨਾਈ ਕਿ ਹੁਣ ਆਪਾਂ ਕਾਲਜ ਵਿੱਚ ਪ੍ਰੋਫੈਸਰ ਲੱਗਾਂਗੇ। ਫਿਰ ਸੋਚਿਆ ਕਿ ਪੰਜਾਬ ਟੈੱਟ ਵੀ ਪਾਸ ਹੋ ਜਾਵੇ ਤਾਂ ਵਧੀਆ। ਉਸੇ ਸਾਲ ਮੈਂ ਪੰਜਾਬ ਟੈੱਟ ਦਾ ਪੇਪਰ

ਮਾਸਟਰ ਹੰਸ ਕਲੇਰ
98789 46038

ਦਿੱਤਾ। ਪੰਜਾਬ ਟੈੱਟ ਦੀ ਮੈਨੂੰ ਕੋਈ ਉਮੀਦ ਨਹੀਂ ਸੀ ਕਿਉਂਕਿ ਟੈੱਟ ਹੁੰਦਾ ਹੀ ਬਹੁਤ ਔਖਾ ਸੀ ਪਤਾ ਨੀ ਕਿੱਥੋਂ ਪ੍ਰਸ਼ਨ ਲੱਭ ਕੇ ਪਾ ਦਿੰਦੇ ਸੀ।ਦੋ ਮਹੀਨਿਆਂ ਬਾਅਦ ਟੀ.ਵੀ ਤੇ ਖ਼ਬਰ ਆਈ ਕਿ ਪੰਜਾਬ ਟੈੱਟ ਦਾ ਨਤੀਜਾ ਐਲਾਨਿਆ ਗਿਆ। ਅਸੀਂ ਸਾਰੇ ਘਰ ਦੇ ਇਕੱਠੇ ਬੈਠੇ ਟੀ.ਵੀ. ਦੇਖ ਰਹੇ ਸੀ। ਖ਼ਬਰ ਦੇਖ ਕੇ ਭਰਜਾਈ ਕਹਿੰਦੀ,÷ਅਬਦਾ ਨਤੀਜਾ ਚੈੱਕ ਕਰਲੈ।÷ ਮੈਂ ਕਿਹਾ,÷ ਕਾਹਨੂੰ ਕਰਲੋ ਚੈੱਕ ਭਾਬੀ ਨਤੀਜਾ ਪਤਾ ਤਾਂ ਹੈਗਾ ਫੇਲ੍ਹ ਆਂ, ਨਾਲ਼ੇ ਹੁਣ ਸਾਰੀ ਰਾਤ ਚਿੰਤਾ ਰਹੂਗੀ, ਤੜਕੇ ਚੈੱਕ ਕਰ ਲੈਣਾ ਮੈਂ ਆਪੇ।÷ ਤੜਕੇ ਚਾਹ ਪੀਂਦੇ-ਪੀਂਦੇ ਮੈਂ ਪੰਜਾਬ ਟੈੱਟ ਦਾ ਰੋਲ ਨੰਬਰ ਲੱਭਿਆ ਅਤੇ ਜਦੋਂ ਸਾਈਟ ਤੇ ਚੈੱਕ ਕਰਿਆ ਤਾਂ ਮੈਂ ਇੱਕ ਨੰਬਰ ਤੋਂ ਫੇਲ੍ਹ ਹੋ ਗਿਆ ਸੀ। ਇਹ ਦੇਖ ਕੇ ਮੈਨੂੰ ਅੱਚਵੀ ਲੱਗ ਗਈ ਕਿ ਇਹ ਕਿਵੇਂ ਮੈਂ ਬੱਸ ਇੱਕ ਨੰਬਰ ਤੋਂ ਰਹਿ ਗਿਆ। ਮੈਨੂੰ ਚੈਨ ਨਹੀਂ ਆ ਰਿਹਾ ਸੀ। ਮੈਂ ਉੱਤਰਕੁੰਜੀ ਨਾਲ ਪੇਪਰ ਦਾ ਮਿਲਾਣ ਕਰਿਆ ਤਾਂ ਵਿਭਾਗ ਨੇ ਨੈੱਟ ਦੀਆਂ ਕਿਤਾਬਾਂ ਮੁਤਾਬਕ ਇੱਕ ਪ੍ਰਸ਼ਨ ਦਾ ਉੱਤਰ ਗਲਤ ਕਰਿਆ ਹੋਇਆ ਸੀ। ਮੈਂ ਦੋ-ਤਿੰਨ ਨੈੱਟ ਵਾਲੀਆਂ ਕਿਤਾਬਾਂ ਚੁੱਕੀਆਂ ਤੇ ਫੋਟੋ ਕਾਪੀ ਕਰਵਾ ਕੇ ਵਿਭਾਗ ਦੇ ਪਤੇ ਤੇ ਗਲਤ ਪ੍ਰਸ਼ਨ ਉੱਤਰ ਦੀ ਰਿੱਟ ਪਾ ਆਇਆ। ਹੁਣ ਮਨ ਥੋੜਾ ਹਲਕਾ ਹੋਇਆ ਵੀ ਆਪਣਾ ਕੁੱਝ ਹੋ



ਸਕਦੈ। ਇੱਕ ਦੋ ਦਿਨ ਬਾਅਦ ਵਟਸਐਪ ਗਰੁੱਪਾਂ ਵਿੱਚ ਗੱਲਾਂ ਹੋਣ ਲੱਗ ਪਈਆਂ ਕਿ ਪੰਜਾਬ ਟੈੱਟ ਦਾ ਇੱਕ ਨੰਬਰ ਵੱਧ ਕੇ ਦੁਬਾਰਾ ਨਤੀਜਾ ਆਵੇਗਾ। ਕੁੱਝ ਦਿਨਾਂ ਬਾਅਦ ਦੁਬਾਰਾ ਨਤੀਜਾ ਆਇਆ ਤੇ ਮੇਰਾ ਵੀ ਇੱਕ ਨੰਬਰ ਵੱਧ ਗਿਆ। ਅਖੀਰ ਮੈਂ ਪੰਜਾਬ ਟੈੱਟ ਪਾਸ ਕਰ ਲਿਆ। ਯੂ ਜੀ ਸੀ ਨੈੱਟ ਨਾਲੋਂ ਜਿਆਦਾ ਖੁਸ਼ੀ ਮੈਨੂੰ ਟੈੱਟ ਪਾਸ ਦੀ ਸੀ। ਮੈਨੂੰ ਦੋਸਤਾਂ ਨੇ ਟੈੱਟ ਪਾਸ ਦੀਆਂ ਵਧਾਈਆਂ ਦਿੱਤੀਆਂ। ਮੈਂ ਫੁੱਲੇ ਨਹੀਂ ਸਮਾ ਰਿਹਾ ਸੀ।

ਕੁੱਝ ਦਿਨਾਂ ਬਾਅਦ ਪੰਜਾਬ ਸਰਕਾਰ ਨੇ 6060 ਅਧਿਆਪਕ ਭਰਤੀ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ। ਮੈਂ ਪਾਤੜਾਂ ਕਿਸੇ ਕੈਫੇ ਵਾਲੇ ਕੋਲ ਆਪਣੇ ਫਾਰਮ ਦੇ ਆਇਆ ਕਿ ਮੇਰਾ ਅਧਿਆਪਕ ਭਰਤੀ ਦਾ ਫਾਰਮ ਭਰ ਦੇਵੇ ਕਿਉਂਕਿ ਪਹਿਲਾਂ ਵੀ ਸਾਰੇ ਫਾਰਮ ਉਸੇ ਕੋਲੋਂ ਹੀ ਭਰਵਾਉਂਦੇ ਸੀ। ਕਈ ਦਿਨਾਂ ਬਾਅਦ ਜਦੋਂ ਮੈਂ ਉਸ ਕੋਲੋਂ ਪ੍ਰਿੰਟ ਲੈਣ ਗਿਆ ਤਾਂ ਉਹ ਕਦੇ ਆਥਣੇ ਕਦੇ ਸਵੇਰੇ ਲੈ ਜਾਵੀਂ, ਮੈਨੂੰ ਟਾਲ-ਮਟੋਲ ਹੀ ਕਰਦਾ ਰਿਹਾ। ਅਧਿਆਪਕ ਭਰਤੀ ਦੀ ਆਨਲਾਈਨ ਫਾਰਮ ਭਰਨ ਦੀ ਅੰਤਿਮ ਮਿਤੀ ਵੀ ਲੰਘ ਗਈ ਸੀ। ਅਖੀਰ ਕੈਫੇ ਵਾਲੇ ਨੇ ਮੈਨੂੰ ਜਾਅਲੀ ਜਾ ਪ੍ਰਿੰਟ ਤਿਆਰ ਕਰਕੇ ਦੇ ਦਿੱਤਾ। ਅਧਿਆਪਕ ਭਰਤੀ ਦੇ ਐਡਮਿਟ ਕਾਰਡ ਜਾਰੀ ਕਰ ਦਿੱਤੇ ਗਏ ਪਰ ਮੇਰਾ ਐਡਮਿਟ ਕਾਰਡ ਨਾ ਆਇਆ। ਮੈਂ ਚਿੰਤਾ ਵਿੱਚ ਫਸ ਗਿਆ ਕਿ ਹੁਣ ਕਿਵੇਂ ਕੀ ਕਰੀਏ? ਅਗਲੇ ਦਿਨ ਮੈਂ ਇਕੱਲਾ ਹੀ ਮੋਹਾਲੀ ਬੋਰਡ ਚਲਾ ਗਿਆ ਉਹਨਾਂ ਨੇ ਮੇਰੇ ਤੋਂ ਇੱਕ ਅਰਜੀ ਲਿਖਵਾ ਲਈ ਕਿ ਤੇਰਾ ਦੋ ਤਿੰਨ ਦਿਨਾਂ ਵਿੱਚ ਹੱਲ ਕਰ ਦੇਵਾਂਗੇ ਪਰ ਮੇਰਾ ਹੱਲ ਨਾ ਹੋਇਆ। ਫਿਰ ਮੈਂ ਤੇ ਮੇਰਾ ਭਰਾ ਪਿੰਡ ਵਿੱਚੋਂ ਦੋ ਮੋਹਤਵਰ ਬੰਦੇ ਨਾਲ ਲਿਜਾ ਕੇ ਗੱਡੀ ਰਾਹੀਂ ਮੋਹਾਲੀ ਬੋਰਡ ਪਹੁੰਚੇ। ਉੱਥੇ ਕਰਮਚਾਰੀਆਂ ਨਾਲ ਗੱਲ ਕੀਤੀ ਤਾਂ ਮੇਰਾ ਫੇਰ ਵੀ ਕੋਈ ਹੱਲ ਨਾ ਨਿਕਲਿਆ। ਉਹ ਕਹਿੰਦੇ ਤੇਰਾ ਤਾਂ ਕੋਈ ਫਾਰਮ ਹੀ ਨਹੀਂ ਭਰਿਆ ਗਿਆ। ਅਸੀਂ ਨਿਰਾਸ ਕਰ ਪਹੁੰਚੇ। ਮੈਂ ਚਿੰਤਾ ਵਿੱਚ ਰਹਿਣ ਲੱਗਾ ਇਹੀ ਸੋਚਦਾ ਰਿਹਾ ਕਿ ਹੁਣ ਕੀ ਬਣੇਗਾ? ਪਿਛਲੇ ਵੀਹ ਸਾਲਾਂ ਦੀ ਮਿਹਨਤ ਖਰਾਬ ਹੋ ਗਈ।ਅੱਗੇ ਮੌਕਾ ਮਿਲੇ ਜਾਂ ਨਾ ਮਿਲੇ। ਦਿਨੋਂ-ਦਿਨ ਚਿੰਤਾ ਵੱਧਦੀ ਜਾ ਰਹੀ ਸੀ। ਕਿਸੇ ਨਾਲ ਵੀ ਬੋਲਣ-ਚੱਲਣ ਅਤੇ ਖਾਣ-ਪੀਣ ਨੂੰ ਮਨ ਨਹੀਂ ਕਰਦਾ ਸੀ। ਬੱਸ ਵਾਰ-ਵਾਰ ਇੱਕ ਹੀ ਗੱਲ ਅੰਦਰ ਘੁੰਮ ਰਹੀ ਸੀ ਕਿ ਮੇਰੀ ਮਿਹਨਤ ਖਰਾਬ ਹੋ ਗਈ ਮੇਰੀ ਪੜ੍ਹਾਈ ਖਰਾਬ ਹੋ ਗਈ ਹੁਣ ਮੈਂ ਕੀ ਕਰਾਂਗਾ? ਨੌਕਰੀ ਹੱਥੋਂ ਨਿੱਕਲ ਗਈ। ਕੋਠੇ ਤੇ ਪਏ ਨੂੰ ਸਾਰੀ ਰਾਤ ਨੀਂਦ ਨਾ ਆਉਂਦੀ।ਕਈ ਦਿਨਾਂ ਦੇ ਉਨੀਂਦਰੇਪਨ ਕਾਰਣ ਮੇਰੀਆਂ ਅੱਖਾਂ ਸੁੱਜ ਗਈਆਂ ਸਨ।

ਇੱਕ ਦਿਨ ਸਾਰੀ ਰਾਤ ਨਾ ਨੀਂਦ ਆਉਣ ਕਾਰਨ ਜਦੋਂ ਮੈਂ ਸਵੇਰੇ ਕੋਠੇ ਤੋਂ ਥੱਲੇ ਉਤਰਿਆ ਤਾਂ ਥੱਲੇ ਮੰਜੇ ਤੇ ਬੈਠੇ ਮੇਰੇ ਭਰਾ-ਭਰਜਾਈ ਚਾਹ ਪੀ ਰਹੇ ਸਨ। ਮੈਂ ਉਹਨਾਂ ਦੇ ਮੰਜੇ ਦੀਆਂ ਪੈਂਦਾਂ ਵਾਲੇ ਪਾਸੇ ਬੈਠ ਕੇ ਰੋਣ ਲੱਗ ਪਿਆ। ਮੇਰੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਗ ਰਹੇ ਸਨ। ਉਹਨਾਂ ਨੇ ਮੈਨੂੰ ਬੜਾ ਹੌਸਲਾ ਦਿੱਤਾ। ਜਿਸ ਨਾਲ ਮੇਰੇ ਮਨ ਨੂੰ ਥੋੜਾ ਧਰਵਾਸ ਮਿਲਿਆ। ਮੇਰੇ ਭਰਜਾਈ ਦਿੜ੍ਹਬੇ ਹਸਪਤਾਲ ਵਿੱਚ ਨੌਕਰੀ ਕਰਦੇ ਹਨ। ਉਸੇ ਦਿਨ ਸਵੇਰੇ ਦਸ ਕੁ ਵਜੇ ਭਰਜਾਈ ਨੇ ਮੈਨੂੰ ਹਸਪਤਾਲ ਵਿੱਚ ਬੁਲਾਇਆ। ਮੈਂ ਮੇਰੇ ਦੋਸਤ ਸੁਖਵੀਰ ਸਿੰਘ ਨੂੰ ਨਾਲ ਲੈ ਕੇ ਹਸਪਤਾਲ ਪਹੁੰਚ ਗਿਆ। ਉੱਥੇ ਭਰਜਾਈ ਤੇ ਉਸਦਾ ਸਟਾਫ ਬੈਠਾ ਸੀ। ਭਰਜਾਈ ਨੇ ਪਹਿਲਾਂ ਹੀ ਉਹਨਾਂ ਨੂੰ ਮੇਰੀ ਹਾਲਤ ਵਾਰੇ ਦੱਸ ਦਿੱਤਾ ਸੀ। ਮੇਰੀ ਸਾਰੇ ਸਟਾਫ ਨੇ ਕਾਉਂਸਲਿੰਗ ਕੀਤੀ। ਉਹਨਾਂ ਆਪਣੀਆਂ ਨਿੱਜੀ ਔਕੜਾਂ ਭਰੇ ਜੀਵਨ ਦੀਆਂ ਕਹਾਣੀਆਂ ਜਾਂ ਗੱਲਾਂ ਬਾਤਾਂ ਨਾਲ ਮੈਨੂੰ ਪੂਰਾ ਹੌਸਲਾ ਦਿੱਤਾ। ਡੇਢ ਦੋ ਘੰਟੇ ਦੀ ਮੁਲਾਕਾਤ ਨੇ ਮੇਰੇ ਟੁੱਟੇ ਹੋਏ ਹੌਸਲੇ ਦੇ ਖੰਭਾਂ ਵਿੱਚ ਜਾਨ ਪਾ ਦਿੱਤੀ ਸੀ। ਮੈਂ ਘਰ ਆ ਕੇ ਜੋ ਹੋਇਆ ਸਭ ਭੁੱਲ ਭੁਲਾ ਕੇ ਦੁਬਾਰਾ ਕਿਤਾਬ ਚੁੱਕੀ। ਕੁੱਝ ਮਹੀਨਿਆਂ ਦੀ ਮਿਹਨਤ ਨੇ ਮੇਰੀ ਯੂ ਜੀ ਸੀ ਨੈੱਟ ਪੰਜਾਬੀ ਵਿੱਚ ਜੇ ਆਰ ਐੱਫ ਲਵਾ ਦਿੱਤੀ। ਪਰਮਾਤਮਾ ਨੇ ਦੁਬਾਰਾ ਖੁਸ਼ੀ ਬਖਸ਼ੀ। ਮਨ ਵਿੱਚ ਡਾਕਟਰ ਬਣਨ ਦਾ ਸੁਪਨਾ ਉਬਾਲੇ ਮਾਰਨ ਲੱਗਿਆ। ਕੁੱਝ ਮਹੀਨਿਆਂ ਬਾਅਦ ਕੁਰੂਕਸ਼ੇਤਰਾ ਯੂਨੀਵਰਸਿਟੀ ਵਿਖੇ ਪੀਐਚ ਡੀ ਵਿੱਚ ਦਾਖਲਾ ਮਿਲ ਗਿਆ। ਮੈਂ ਕੁਰੂਕਸ਼ੇਤਰਾ ਯੂਨੀਵਰਸਿਟੀ ਵਿੱਚ ਫੈਲੋਸ਼ਿਪ ਨਾਲ ਪੀਐਚ ਡੀ ਦਾ ਅਨੰਦ ਮਾਣ ਰਿਹਾ ਸੀ।

ਤਕਰੀਬਨ ਇੱਕ ਸਾਲ ਬਾਅਦ 3582 ਅਧਿਆਪਕ ਭਰਤੀ ਦਾ ਨੋਟੀਫਿਕੇਸ਼ਨ ਜਾਰੀ ਹੋ ਗਿਆ। ਹੁਣ ਮੈਂ ਕਿਸੇ ਹੋਰ ਕੈਫੇ ਵਾਲੇ ਕੋਲ ਬਹਿ ਕੇ ਆਪਣਾ ਫਾਰਮ ਭਰਵਾਇਆ ਤਾਂ ਕੇ ਪਿਛਲੀ ਵਾਰ ਵਾਲੀ ਕੋਈ ਵੀ ਗਲਤੀ ਰਹਿ ਨਾ ਜਾਵੇ। ਪੇਪਰ ਦੀ ਤਿਆਰੀ ਮੇਰੀ ਪੂਰੀ ਸੀ। ਐਡਮਿਟ ਕਾਰਡ ਆ ਗਏ। ਅੰਮ੍ਰਿਤਸਰ ਸਾਹਿਬ ਵਿਖੇ ਪੇਪਰ ਸੈਂਟਰ ਆਇਆ। ਮੈਂ ਮੇਰੇ ਦੋਸਤ ਨਾਲ ਅੰਮ੍ਰਿਤਸਰ ਚਲਾ ਗਿਆ। ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਪੰਜਾਬੀ ਦਾ ਪੇਪਰ ਦੇ ਆਏ। ਕੁੱਝ ਦਿਨਾਂ ਬਾਅਦ ਨਤੀਜਾ ਆਇਆ ਤਾਂ ਮੈਂ ਡੇਢ ਸੌ ਅੰਕਾਂ ਵਿੱਚੋਂ ਇੱਕ ਸੌ ਤਰਤਾਲੀ ਅੰਕ ਪ੍ਰਾਪਤ ਕੀਤੇ। ਹੁਣ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਮੇਰੇ ਨਾਲ ਪਿੱਛੇ ਜੋ ਹੋਇਆ ਸਭ ਭੁੱਲ ਗਿਆ ਸੀ, ਕਿਉਂਕਿ ਮੇਰਾ ਮਾਸਟਰ ਜੀ ਬਣਨ ਦਾ ਸੁਪਨਾ ਪੂਰਾ ਹੋ ਚੁੱਕਿਆ ਸੀ।ਪੰਜਾਬੀ ਅਧਿਆਪਕ ਵਜੋਂ ਮੇਰੀ ਨਿਯੁਕਤੀ ਜਲੰਧਰ ਜ਼ਿਲ੍ਹੇ ਦੇ ਸ. ਸ. ਸ. ਸਕੂਲ ਵਿਖੇ ਹੋ ਗਈ। ਜਿੱਥੇ ਮੇਰੇ ਨਾਲ ਮੇਰਾ ਭਰਾ ਕਰਮਜੀਤ ਸਿੰਘ ਜੁਆਇੰਨ ਕਰਵਾਉਣ ਲਈ ਗਿਆ ਸੀ। ਇਸ ਸਕੂਲ ਵਿੱਚ ਮੈਂ ਪੂਰੇ ਤਿੰਨ ਸਾਲ ਸੇਵਾਵਾਂ ਨਿਭਾਈਆਂ। ਹੁਣ ਮੈਂ ਸੰਗਰੂਰ ਜ਼ਿਲੇ ਦੇ ਸ. ਸ. ਸ. ਸ. ਲਾਡਬੰਨਜਾਰਾ ਕਲਾਂ ਵਿਖੇ ਪੰਜਾਬੀ ਅਧਿਆਪਕ ਵਜੋਂ ਸੇਵਾ ਨਿਭਾਅ ਰਿਹਾ ਹਾਂ।

## ਅਫਸੋਸ (ਕਹਾਣੀ)

ਐਮ.ਏ., ਬੀ. ਐਡ. ਆਦਿ ਬਹੁਤ ਸਾਰੀ ਪੜ੍ਹਾਈ ਕਰਨ ਤੋਂ ਬਾਅਦ ਵੀ ਜਦੋਂ ਸਰਕਾਰੀ ਨੌਕਰੀ ਨਾਂ ਮਿਲੀ ਤਾਂ ਮੈਂ ਪ੍ਰਾਈਵੇਟ ਨੌਕਰੀ ਕਰਨ ਦਾ ਫੈਸਲਾ ਕਰ ਲਿਆ। ਇਸੇ ਮਿਸਨ ਦੇ ਲਈ ਮੈਂ ਆਪਣੀ ਪੜ੍ਹਾਈ ਅਤੇ ਹੋਰ ਪ੍ਰਾਪਤੀਆਂ ਦਾ ਵੇਰਵਾ ਤਿਆਰ ਕਰਕੇ ਕਈ ਵਧੀਆ ਸਕੂਲਾਂ ਵਿੱਚ ਦੇ ਦਿੱਤਾ।

ਪਰ ਹੈਰਾਨੀ ਦੀ ਗੱਲ ਇਹ ਸੀ ਕਿ ਮੈਂ ਜਿਹੜੇ ਵੀ ਸਕੂਲ ਜਾਂਦੀ ਉਹ ਇੱਕ ਫਾਰਮ ਦੇ ਦਿੰਦੇ ਕਿ ਪਹਿਲਾਂ ਇਹ ਫਾਰਮ ਭਰਨਾ ਪਵੇਗਾ ਤੇ ਇਸ ਫਾਰਮ ਦੀ ਕੀਮਤ ਸੌ ਤੋਂ ਲੈ ਕੇ ਅੱਠ ਸੌ ਤੱਕ ਸੀ। ਦੂਜੀ ਗੱਲ ਇਹ ਕਿ ਫਾਰਮ ਭਰ ਕੇ ਨੌਕਰੀ ਮਿਲੇ ਜਾਂ ਨਾਂ ਮਿਲੇ, ਕੋਈ ਪੱਕੀ ਗੱਲ ਨਹੀਂ ਸੀ।

ਖੈਰ ਮਰਦਾ ਕੀ ਨਾਂ ਕਰਦਾ! ਅਨੁਸਾਰ ਮੈਂ ਕਈ ਜਗ੍ਹਾ ਫਾਰਮ ਭਰ ਆਈ। ਇੰਝ ਲੱਗਦਾ ਸੀ ਜਿਵੇਂ ਕੋਈ ਡੰਨ ਭਰ ਰਹੀ ਹੋਵਾਂ।

ਜਦੋਂ ਕਿਸੇ ਪੰਜਾਬ ਬੋਰਡ ਦੇ ਸਕੂਲ ਵਿੱਚ ਜਾਂਦੀ ਤਾਂ ਉੱਥੇ ਤਨਖਾਹ ਦੇ ਨਾਂ ਤੇ ਮਜਾਕ ਹੀ ਹੋ ਰਿਹਾ ਲੱਗਦਾ ਸੀ। ਥੱਕ ਹਾਰ ਕੇ ਮੈਂ ਘਰ ਬੈਠ ਗਈ। ਕਦੇ ਕਦੇ ਅਫਸੋਸ ਹੁੰਦਾ ਕਿ ਇੰਨੀ ਮਿਹਨਤ ਕਰਕੇ ਤੇ ਦੂਰ ਦੂਰ ਧੱਕੇ ਖਾ ਕੇ ਕੀਤੀ ਪੜ੍ਹਾਈ ਦਾ ਕੋਈ ਮੁੱਲ ਨਹੀਂ ਹੈ। ਕਾਸ! ਨਾਂ ਪੜ੍ਹੀ ਹੁੰਦੀ ਤਾਂ ਹੀ ਚੰਗਾ ਸੀ।

ਅਖੀਰ ਇੱਕ ਦਿਨ ਇੱਕ ਸਕੂਲ ਤੋਂ ਫੋਨ ਆਇਆ ਤਾਂ ਬਹੁਤ ਖੁਸੀ ਹੋਈ।

ਮੈਂ ਸੱਭ ਤੋਂ ਪਹਿਲਾਂ ਆਪਣੇ ਵਿਸੇ ਦੀ ਚੰਗੀ ਤਰ੍ਹਾਂ ਤਿਆਰੀ ਕੀਤੀ ਤੇ ਫੇਰ ਵਧੀਆ ਤਿਆਰ ਹੋ ਕੇ ਸਕੂਲ ਪਹੁੰਚੀ। ਜਦੋਂ ਮੈਂ ਰਿਸੈਪਸਨ ਤੇ ਜਾ ਕੇ ਆਪਣਾ ਨਾਂ ਦੱਸਿਆ ਤਾਂ ਉਹਨਾਂ ਮੈਨੂੰ ਗੌਰ ਨਾਲ ਦੇਖਿਆ ਤੇ ਇੱਕ ਪਾਸੇ ਬੈਠਣ ਦਾ ਇਸਾਰਾ ਕੀਤਾ।

ਬਹੁਤ ਲੰਬੀ ਉਡੀਕ ਤੋਂ ਬਾਅਦ ਪ੍ਰਿੰਸੀਪਲ ਮੈਡਮ ਨੇ ਮੈਨੂੰ ਅੰਦਰ ਬੁਲਾਇਆ। ਮੈਂ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਹਨਾਂ ਵੀ ਮੇਰੇ ਵੱਲ ਚੰਗੀ ਤਰ੍ਹਾਂ ਦੇਖਿਆ। ਮੈਂ ਪੰਜਾਬੀ ਸੂਟ ਪਾਇਆ ਹੋਇਆ ਸੀ।

ਮੈਨੂੰ ਬੈਠਣ ਲਈ ਕਹਿ ਕੇ ਉਹਨਾਂ ਅੰਗਰੇਜੀ ਵਿੱਚ ਕਈ ਸਵਾਲ ਪੁੱਛੇ ਤੇ ਮੈਂ ਪੰਜਾਬੀ ਵਿਚ ਜਵਾਬ ਦਿੰਦੀ ਰਹੀ।

ਤੁਸੀਂ ਅੰਗਰੇਜੀ 'ਚ ਜਵਾਬ ਦਿਓ, ਇੱਥੇ ਪੰਜਾਬੀ ਬੋਲਣ ਦੀ ਇਜਾਜਤ ਨਹੀਂ ਹੈ, ਉਹਨਾਂ ਨੇ ਮੈਨੂੰ ਅੰਗਰੇਜੀ ਵਿੱਚ ਕਿਹਾ। ਪਰ ਮੈਡਮ ਜੀ, ਮੈਂ ਤਾਂ ਪੰਜਾਬੀ ਵਿਸਾ ਹੀ ਪੜਾਉਣ ਲਈ ਆਈ ਹਾਂ, ਮੈਂ ਸੰਖੇਪ ਜਵਾਬ ਦਿੱਤਾ। ਉਹ ਮੈਨੂੰ ਨਹੀਂ ਪਤਾ, ਪਰ ਤੁਸੀਂ ਅੰਗਰੇਜੀ ਹੀ ਬੋਲਣੀ ਹੈ, ਨਹੀਂ ਤਾਂ ਤੁਸੀਂ ਜਾ ਸਕਦੇ ਹੋ, ਮੈਡਮ ਨੇ ਅੰਗਰੇਜੀ ਵਿੱਚ ਹੀ ਦੁਬਾਰਾ ਕਿਹਾ ਤੇ ਹੱਥ ਦੇ ਇਸਾਰੇ ਨਾਲ ਮੈਨੂੰ ਦਰਵਾਜਾ ਦਿਖਾਇਆ।

ਮੈਨੂੰ ਅੰਗਰੇਜੀ ਬਹੁਤ ਚੰਗੀ ਤਰ੍ਹਾਂ ਆਉਂਦੀ ਹੈ ਪਰ ਮੈਂ ਇਸ ਲਈ ਪੰਜਾਬੀ ਬੋਲ ਰਹੀ ਸੀ ਕਿ ਮੈਂ ਪੰਜਾਬ ਦੇ ਇੱਕ ਸਕੂਲ ਵਿੱਚ ਆਈ ਹਾਂ ਨਾਂ ਕਿ ਅੰਗਰੇਜਾਂ ਦੇ ਇੰਗਲੈਂਡ ਵਿੱਚ। ਮੈਂ ਇਸ ਵਾਰ ਅੰਗਰੇਜੀ ਵਿੱਚ ਕਿਹਾ ਤੇ ਬਾਹਰ ਆ ਗਈ। ਪਰ ਹੁਣ ਇਹ ਅਫਸੋਸ ਹੋ ਰਿਹਾ ਸੀ ਕਿ ਪੰਜਾਬ ਵਿੱਚ ਪੰਜਾਬੀਆਂ ਨੇ ਹੀ ਮਾਂ ਬੋਲੀ ਨੂੰ ਪਰਾਇਆ ਕਰ ਦਿੱਤਾ ਤੇ ਅੰਗਰੇਜੀ ਦਾ ਤਾਜ ਸਿਰ ਤੇ ਚੁੱਕੀ ਬੈਠੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਜੇ ਜਰੂਰੀ ਨਾਂ ਹੁੰਦਾ ਤਾਂ ਇਹਨਾਂ ਨੇ ਪੰਜਾਬੀ ਵਿਸਾ ਪੜ੍ਹਾਉਣਾ ਹੀ ਬੰਦ ਕਰ ਦੇਣਾ ਸੀ। ਵਾਹਿਗੁਰੂ ਇਨ੍ਹਾਂ ਪੰਜਾਬੀਆਂ ਨੂੰ ਸੁਮੱਤ ਬਖਸੇ! ਅਰਦਾਸ ਕਰਦਿਆਂ ਮੈਂ ਘਰ ਪਹੁੰਚ ਗਈ।

**ਮਨਜੀਤ ਕੌਰ ਧੀਮਾਨ,**
**ਸੰ:9464633059**

## ਹਾਏ ! ਮਹਿੰਗਾਈ

ਭਾਰਤ ਪਹਿਲੇ ਹੀ ਆਰਥਿਕ ਮੰਦੀ ਦੇ ਦੌਰ ਵਿਚੋਂ ਗੁਜਰ ਰਿਹਾ ਸੀ ।ਫਿਰ ਇਹ ਨਾਮੁਰਾਦ ਬਿਮਾਰੀ ਕਰੋਨਾ ਵਾਇਰਸ ਨੇ ਪੂਰੇ ਵਿਸਵ ਨੂੰ ਆਪਣੀ ਚਪੇਟ ਵਿਚ ਲੈ ਲਿਆ। ਆਪਣੇ-ਆਪ ਨੂੰ ਖੱਬੀ ਖਾਨ ਕੁਹਾਉਣ ਵਾਲੇ ਅਮਰੀਕਾ ਵਰਗੇ ਦੇਸਾਂ ਦੀ ਅਰਥ-ਵਿਵਸਥਾ ਬਹੁਤ ਪ੍ਰਭਾਵਿਤ ਹੋਈ ਹੈ। ਮਹਿੰਗਾਈ ਨੇ ਆਮ ਬੰਦੇ ਦਾ ਲੱਕ ਤੋੜ ਦਿੱਤਾ ਹੈ। ਕਰੋਨਾ ਕਾਰਨ ਸਾਰੇ ਕੰਮਕਾਜ ਠੱਪ ਹੋ ਚੁੱਕੇ ਸਨ ।ਜੇ ਥੋੜੇ ਬਹੁਤ ਕੰਮ ਕਾਜ ਚਲੇ ਵੀ ਹਨ, ਉਥੇ ਦਿਹਾੜੀਦਾਰ ਨੂੰ ਤਿੰਨ ਸੋ ਰੁਪਏ ਦਿਹਾੜੀ ਬੜੀ ਮੁਸੱਕਤ ਨਾਲ ਮਿਲ ਰਹੀ ਹੈ। ਕਾਫੀ ਲੰਮੇ ਸਮੇਂ ਤੋਂ ਖਾਣ-ਪੀਣ ਦੀਆਂ ਚੀਜਾਂ ਆਮ ਲੋਕਾਂ ਲਈ ਚੁਣੌਤੀ ਬਣ ਰਹੀਆਂ ਹਨ। ਮਹਿੰਗਾਈ ਆਸਮਾਨ ਛੂਹ ਰਹੀ ਹੈ। ਪਿਛਲੇ ਦਿਨਾਂ ਜਾਰੀ ਆਂਕੜਿਆਂ ਦੇ ਮੁਤਾਬਕ ਸੂਚਕ ਅੰਕ ਅਧਾਰਿਤ ਮਹਿੰਗਾਈ ਦਰ ਅਕਤੂਬਰ ਮਹੀਨੇ 1.48 ਸੀ। ਪਿਛਲੇ ਸਾਲ ਅਕਤੂਬਰ ਮਹੀਨੇ ਵਿੱਚ ਹੀ ਜੀਰੋ ਫੀਸਦੀ ਸੀ। ਨਵੰਬਰ ਮਹੀਨੇ ਮਾਰਕੀਟ ਵਿੱਚ ਆਲੂ ਚਾਲੀ- ਪੰਜਾਹ ਰੁਪਏ ਕਿੱਲੋ ਵਿਕਿਆ। ਪਿਆਜ ਤਾਂ ਹਮੇਸਾ ਹੀ ਹੰਝੂ ਕਢਵਾਉਂਦਾ ਰਹਿੰਦਾ ਹੈ। ਕਿਸੇ ਵੀ ਹਰੀ ਸਬਜੀ ਤੇ ਹੱਥ ਨਹੀਂ ਟਿਕਦਾ। ਫਲ ਫਰੂਟਾਂ ਦੀ ਤਾਂ ਗੱਲ ਹੀ ਨਾ ਕਰੋ ।ਫਰਵਰੀ ਮਹੀਨੇ ਰਸੋਈ ਵਿੱਚ ਵਰਤੇ ਜਾਣ ਵਾਲੇ ਗੈਸ ਸਿਲੰਡਰ ਦੀ ਤਿੰਨ ਵਾਰ ਕੀਮਤਾਂ ਵਧੀਆਂ ।ਪੈਟਰੋਲ ਤੇ ਡੀਜਲ ਦਾ ਤਾਂ ਪੁੱਛੋ ਹੀ ਨਾ ।ਤਕਰੀਬਨ 20 ਦਿਨਾਂ ਤੋਂ ਲਗਾਤਾਰ ਕੀਮਤਾਂ ਵੱਧ ਰਹੀਆਂ ਹਨ ।100 ਰੁਪਏ ਦੇ ਨੇੜੇ ਪੈਟਰੋਲ ਹੋਣ ਵਾਲਾ ਹੈ ।ਗੁਆਂਢੀ ਦੇਸਾਂ ਵਿਚ ਆਪਣੇ ਦੇਸ ਨਾਲੋਂ ਤੇਲ ਦੀਆਂ ਕੀਮਤਾਂ ਬਹੁਤ ਹੀ ਘੱਟ ਹਨ ।ਵਧ ਰਹੀਆਂ ਲਗਾਤਾਰ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ 'ਚ ਕਮੀ ਲਈ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਸੀ ਤਾਲਮੇਲ ਕਰਨਾ ਚਾਹੀਦਾ ਹੈ ।ਇੱਕ ਆਮ ਪਰਿਵਾਰ ਲਈ ਢਾਈ ਸੌ ਰੁਪਏ ਦੀ ਸਬਜੀ ਰੋਜਾਨਾ ਆਉਂਦੀ ਹੈ ।ਜੇ ਗਰੀਬ ਸਬਜੀਆਂ ਦਾਲਾਂ ਤੇ ਪੂਰੀ ਦਿਹਾੜੀ ਖਰਚ ਕਰ ਦੇਵੇਗਾ ਤਾਂ ਘਰ ਦੇ ਬਾਕੀ ਖਰਚੇ ਕਿਵੇਂ ਪੂਰੇ ਹੋਣਗੇ ।ਰੋਟੀ ,ਕੱਪੜਾ ਅਤੇ ਮਕਾਨ ਆਮ ਆਦਮੀ ਦੀਆਂ ਅਹਿਮ ਜਰੂਰਤਾਂ ਹਨ ।ਸਰਕਾਰ ਦੀ ਜੀਂਮਿਵਾਰੀ ਵੀ ਬਣਦੀ ਹੈ ਕਿ ਆਮ ਆਦਮੀ ਦੀਆਂ ਲੋੜੀਂਦੀ ਜਰੂਰਤਾਂ ਪੂਰੀਆਂ ਹੋਣ ।ਘਰ ਵਿੱਚ ਬਿਜਲੀ ਦਾ ਖਰਚ ਤੇ ਰਾਸਨ ਵੀ ਚਾਹੀਦਾ ਹੈ। ਸਰੋਂ ਦੇ ਤੇਲ,ਰਾਜਮਾ, ਦਾਲਾਂ ਦੀ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਖਾਣ ਪੀਣ ਨੂੰ ਤਾਂ ਸਭ ਦਾ ਹੀ ਦਿਲ ਕਰਦਾ ਹੈ ।ਬਦਕਿਸਮਤ ਜੇ ਘਰ ਵਿੱਚ ਕੋਈ ਬਿਮਾਰੀ ਆ ਜਾਵੇ, ਫਿਰ ਡਾਕਟਰ ਦੀ ਫੀਸ ਕੌਣ ਭਰੇਗਾ। ਮਹਿੰਗਾਈ ਵਿਚ ਬੀਮਾਰੀ ਦਾ ਖਰਚਾ ਕਿਥੋਂ ਆਵੇਗਾ। ਬੱਚਿਆਂ ਦੀ ਸਕੂਲ ਦੀ ਫੀਸ ਵੀ ਭਰਨੀ ਹੈ। ਮਹਿੰਗਾਈ ਨੇ ਹਰੇਕ ਵਰਗ ਦਾ ਲੱਕ ਤੋੜ ਦਿੱਤਾ ਹੈ ।ਸਰਕਾਰ ਦਾਵਾ ਕਰ ਰਹੀ ਹੈ ਕਿ ਮਹਿੰਗਾਈ ਤੇ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ। ਪਰ ਅਫਸੋਸ ਇਸ ਗੱਲ ਦਾ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਲੋਕਾਂ ਨੂੰ ਭਰੋਸਾ ਹੀ ਦੇ ਰਹੀ ਹੈ। ਤਾਲਾਬੰਦੀ ਕਾਰਨ ਲੋਕਾਂ ਦੀ ਰੋਜੀ-ਰੋਟੀ ਤੇ ਅਸਰ ਪਿਆ ਹੈ। ਸਬਜੀਆਂ ਤੇ ਦਾਲਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਪ੍ਰਚੂਨ ਮਹਿੰਗਾਈ ਪਿਛਲੇ 6 ਸਾਲਾਂ ਵਿਚ ਸਭ ਤੋਂ ਵੱਧ ਹੋ ਗਈ ਹੈ। ਸਰਕਾਰ ਨੂੰ ਜਲਦੀ ਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਸੋਚ ਵਿਚਾਰਨਾ ਚਾਹੀਦਾ ਹੈ। ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਕੁਝ ਨਿਜਾਤ ਮਿਲ ਸਕੇ।

**ਸੰਜੀਵ ਸਿੰਘ ਸੈਣੀ, ਮੋਹਾਲੀ**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 273

Website: www.preetnama.com Email preetnamausa@gmail.com

11 OCT TO 17 OCT , 2024




# ਪ੍ਰੀਤ ਫੁਲਵਾੜੀ

## 'ਸਰਮਸਾਰ ਹਾਂ ਮੈਂ.....

ਬੜਾ ਚੰਗਾ ਹੁੰਦਾ,
ਜੇ ਮੈਂ ਗੁਲਾਮ ਹੁੰਦਾ,
ਕਿਸੇ ਹੋਰ ਦੇਸ ਦਾ...!
ਘੱਟੋ ਘੱਟ,
ਮੈਨੂੰ ਦੁੱਖ ਨਾ ਹੁੰਦਾ,
ਕਿ ਮੈਂ ਆਪਣੇ ਹੀ ਦੇਸ ਵਿੱਚ,
ਆਪਣੇ ਹੀ ਲੋਕਾਂ ਦਾ ਗੁਲਾਮ ਹਾਂ...!
ਮੈਨੂੰ ਸਰਮ ਨਾ ਆਉਂਦੀ,
ਕਿ ਮੇਰੇ ਦੇਸ ਦੇ ਰਖਵਾਲੇ, ਜੋ,
ਅੱਜ ਲੋਭੀ ਬਣੇ ਬੈਠੇ ਨੇ,
ਉਹਨਾਂ ਦਾ,
ਕੁਰਸੀ ਪ੍ਰਤੀ ਅੰਨ੍ਹੇਵਾਹ ਮੋਹ,
ਖਿੱਲੀ ਉਡਾ ਰਿਹਾ,
ਮੇਰੇ ਦੇਸ ਦੇ ਸਹੀਦਾਂ ਦੀ...!
ਮਿੱਟੀ ਵਿੱਚ ਮਿਲ ਗਈ,
ਓਹਨਾਂ ਸਹੀਦਾਂ ਦੀ ਕੁਰਬਾਨੀ,
ਜੋ ਜਵਾਨੀ ਪਹਿਰੇ,
ਮੌਤ ਨਾਲ ਇਸਕ ਕਰ,
ਵਫਾਦਾਰ ਰਹੇ ਆਪਣੇ ਦੇਸ ਪ੍ਰਤੀ...!
ਹਿੱਕ ਤੇ ਗੋਲੀਆਂ ਖਾਂਦੇ,
ਫਾਂਸੀ ਦੇ ਰੱਸੇ ਚੁੰਮਦੇ,
ਅੱਖਾਂ ਵਿੱਚ ਅਣਮੁੱਲੀ ਚਮਕ,
ਆਪਣੇ ਦੇਸ ਨੂੰ ਆਜਾਦ ਦੇਖਣ ਦਾ ਸੁਫਨਾ,
ਅੱਖਾਂ 'ਚ ਲੈਕੇ,
ਖੁਸੀ ਖੁਸੀ ਸੌਂ ਗਏ,
ਧਰਤ ਦੀ ਬੁੱਕਲ ਵਿੱਚ...!
ਲੱਖਾਂ ਹੀ ਔਕੜਾਂ ਪਿੱਛੋਂ,
15 ਅਗਸਤ ਦਾ ਦਿਨ,
ਸੁਤੰਤਰਤਾ ਦਿਵਸ ਵਜੋਂ,
ਕੁੱਝ ਪਲਾਂ ਦੀਆਂ ,
ਉਧਾਰੀਆਂ ਖੁਸੀਆਂ ਬਦਲੇ,
ਆਪਣਿਆ ਦੇ ਹੱਥੋਂ,
ਗੁਲਾਮੀ ਦੀ ਸਜਾ ਸੁਣਾ ਗਿਆ...!
ਸਰਮਸਾਰ ਹਾਂ ਮੈਂ,
ਕਿ,
ਆਜਾਦੀ ਦੀ ਆੜ ਵਿੱਚ,
ਆਪਣੇ ਹੀ ਦੇਸ ਨੂੰ ਲੁੱਟਣ ਦਾ ਧੰਦਾ,
ਬੜੇ ਜੋਰਾਂ ਤੇ ਹੈ...!
ਸਰਮਸਾਰ ਹਾਂ ਮੈਂ, ਕਿ,
ਆਪਣੇ ਹੀ ਦੇਸ ਵਿੱਚ,
ਆਪਣੇ ਹੀ ਲੋਕਾਂ ਨਾਲ,
ਆਪਣੇ ਹੱਕਾਂ ਦੇ ਲਈ,
ਆਜਾਦੀ ਦੀ ਜੰਗ ਲੜ ਰਿਹਾ ਹਾਂ ਮੈਂ...!
ਇਸ ਲਈ,
ਚੰਗਾ ਹੁੰਦਾ,
ਜੇ ਮੈਂ ਗੁਲਾਮ ਹੁੰਦਾ,
ਕਿਸੇ ਹੋਰ ਦੇਸ ਦਾ,
ਘੱਟੋ ਘੱਟ ਮੈਨੂੰ ਸਰਮ ਨਾ ਆਉਂਦੀ,
ਕਿ ਮੈਂ ਆਪਣੇ ਹੀ ਦੇਸ ਵਿੱਚ,
ਆਪਣੇ ਹੀ ਲੋਕਾਂ ਦਾ ਗੁਲਾਮ ਹਾਂ...!

**'ਮਨਦੀਪ ਕੌਰ ਤੰਬੂਵਾਲਾ'**

## ਕਾਲਾ ਕਾਂ

ਇੱਕ ਦਿਨ ਪੰਛੀ ਕੱਠੇ ਹੋ ਕੇ,
ਕੋਲ ਕਾਂ ਦੇ ਆਏ।
ਸਾਡੇ ਬੋਟ ਕਿਉਂ ਨੋਚਦਾ,
ਆਪਣੇ ਦੁੱਖ ਸੁਣਾਏ।
ਕਾਂ ਕਾਂ ਕਰਕੇ ਰੋਲਾ ਪਾਉਨੈਂ,
ਭੋਲ਼ਿਆ ਤਾਈਂ ਡਰਾਵੇਂ।
ਅਸੀਂ ਜਾਈਏ ਚੋਗ ਚੁਗਣ ਲਈ,
ਤੂੰ ਬੱਚੇ ਖਾ ਜਾਵੇਂ।
ਰੰਗ ਦਾ ਕਾਲਾ ਮਨ ਦਾ ਕਾਲਾ,
ਚਿੱਟਾ ਨਾ ਕੁਝ ਤੇਰਾ,
ਸਭ ਤੋਂ ਚਲਾਕ ਸਿਆਣਾਂ ਬਣਦੈਂ,
ਕੀ ਇੱਜਤ ਟੁੱਕ ਟੇਰਾ।
ਆਲ੍ਹਣਿਆਂ ਵਿੱਚ ਆਂਡੇ ਪੀਵੇਂ,
ਟਿਕਣ ਮੂਲ ਨਾ ਦੇਸਾਂ,
ਕੋਇਲ ਹੁਣ ਤੱਕ ਰੁਲਦੀ ਫਿਰਦੀ,
ਫਿਰਦੀ ਵਿੱਚ ਪ੍ਰਦੇਸਾਂ।
ਗੁੱਸੇ ਦੇ ਵਿੱਚ ਆਏ ਪੰਛੀਆਂ,
ਬਹੁ ਕੁਝ ਆਖ ਸੁਣਾਇਆ,
ਪੱਤੋ, ਕਾਂ ਬੇਸਰਮ ਹੋਗਿਆ,
ਜਾ ਪਹਾੜੀ ਡੇਰਾ ਲਾਇਆ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ**
94658-21417

## ਗਜਲ

ਲਹਿਰਾਂ ਲੈਣ ਹੁਲਾਰੇ ਬਾਬਾ ਬੱਚ ਕੇ।
ਟੁਟਦੇ ਜਾਣ ਕਿਨਾਰੇ ਬਾਬਾ ਬੱਚ ਕੇ।
ਭੁੱਲ ਭੁਲੇਖੇ ਹੱਥ ਨਾ ਕਿਧਰੇ ਲਾ ਬੈਠੀਂ,
ਕੱਖਾਂ ਵਿੱਚ ਸਰਾਰੇ ਬਾਬਾ ਬੱਚ ਕੇ।
ਐਵੇਂ ਡੂੰਘੇ ਪਾਣੀ ਹੁਣ ਨਾ ਤਰਿਆ ਕਰ,
ਦਿੰਦਾ ਕੌਣ ਸਹਾਰੇ ਬਾਬਾ ਬੱਚ ਕੇ।
ਕਾਲੀ ਚੁੰਨੀ ਦੇ ਵਿੱਚ ਉਡਦੇ ਜਾਂਦੇ ਨੇ,
ਸੂਰਜ ਚੰਨ ਸਿਤਾਰੇ ਬਾਬਾ ਬੱਚ ਕੇ।
ਏਨੀਂ ਜਾਂ ?ਦ ਨਾ ਕਰ ਇੰਝ ਹੋ ਸਕਦਾ
ਨਈਂ,
ਪੱਥਰ ਕੌਣ ਨਿਤਾਰੇ ਬਾਬਾ ਬੱਚ ਕੇ।
ਸੁੰਦਰਤਾ ਦੇ ਕਿੰਨੇ ਰੰਗ ਨਿਰਾਲੇ ਨੇ,
ਸੱਪਣੀ ਕੁੰਜ ਉਤਾਰੇ ਬਾਬਾ ਬੱਚ ਕੇ।
ਖੁਸਬੂਆਂ ਦੀ ਆਫਤ ਆਵਣ ਵਾਲੀ ਏ,
ਮੌਸਮ ਜੁਲਫ ਸੰਵਾਰੇ ਬਾਬਾ ਬੱਚ ਕੇ।
ਪੋਟੇ ਜਖਮੀ ਹੋ ਜਾਵਣਗੇ ਵੇਖ ਲਵੀਂ,
ਤੋੜੀਂ ਫੁੱਲ ਪਿਆਰੇ ਬਾਬਾ ਬੱਚ ਕੇ।
ਨੀਝ ਲਗਾਕੇ ਝਾਕ ਨਾ ਐਵੇਂ ਵਰਮੀ ਵਿਚ,
ਸੱਪਣੀ ਦੇ ਫੁੰਕਾਰੇ ਬਾਬਾ ਬੱਚ ਕੇ।
ਚਿੱਟੇ ਰੰਗ ਦੀ ਬਰਫ ਚ ਧੋਖੇ ਹੁੰਦੇ ਨੇ,
ਪਰਬਤ ਦੇਣ ਨਜਾਰੇ ਬਾਬਾ ਬੱਚ ਕੇ।
ਗਜਲ ਸੁਣਾ ਕੇ ਸਭ ਕੁੱਝ ਹੀ ਲੁੱਟ ਲੈਂਦੇ ਨੇ,
ਬਾਲਮ, ਦੇ ਵਣਜਾਰੇ ਬਾਬਾ ਬੱਚ ਕੇ।

**ਬਲਵਿੰਦਰ ਬਾਲਮ**
919815625409

## ਇੱਕ ਲੱਤ

ਤੇਰੀ ਮਾਰੀ ਹੋਈ ਇੱਕ ਲੱਤ
ਮੇਰੀ ਟਿਕਾਣੇ ਲਾ ਗਈ ਮੱਤ
ਜੇ ਤੂੰ ਛੱਡ ਦਿੰਦਾ ਗੱਲੀ ਬਾਤੀ
ਮੈਨੂੰ ਪੈ ਜਾਣੀ ਸੀ ਮਾੜੀ ਅੱਤ
ਮੈਨੂੰ ਇੱਕ ਵਾਰ ਵੀ ਬੁਰਾ ਨਹੀਂ ਲੱਗਾ
ਕਿ ਤੂੰ ਕਿਉਂ ਮਾਰੀ ਏ ਮੇਰੇ ਲੱਤ
ਮੈ ਉਸ ਸਮੇਂ ਅਣਜਾਣ ਸੀ
ਮੈਨੂੰ ਨਹੀਂ ਸੀ ਪਤਾ ਦੁਨੀਆਂ ਦਾ
ਕਿ ਦੁਨੀਆ ਕੀ ਹੈ
ਪਰ ਤੈਨੂੰ ਪਤਾ ਸੀ ਤੂੰ ਹੰਢਿਆ
ਵਰਤਿਆ ਸੀ ਦੁਨੀਆਂ ਵਿੱਚ
ਮੈਨੂੰ ਹੁਣ ਪਤਾ ਪਿਆ ਲਗਦਾ ਏ
ਕਿ ਮੈ ਤਾਂ ਰੁੱਲ ਜਾਣਾ ਸੀ
ਜੇ ਨਾ ਤੂੰ ਮੇਰੇ ਮਾਰਦਾ ਲੱਤ
ਅੱਜ ਤੋਂ ਬੜੇ ਸਾਲ ਪਹਿਲਾਂ
ਜਸਵਿੰਦਰਾ ਲੋਕਾਂ ਨੇ ਤੇਰੀ
ਨਿਚੋੜ ਦੇਣੀ ਸੀ ਰੱਤ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
7589155501

## ਦੁਨੀਆਂ/ ਕਵਿਤਾ

ਡੁੱਬਦੇ ਨੂੰ ਵੇਖ ਕੇ ਹੱਸੇ ਦੁਨੀਆਂ,
ਡਿੱਗਦੇ ਨੂੰ ਵੇਖ ਕੇ ਨੱਸੇ ਦੁਨੀਆਂ।
ਕਿਸੇ ਕੋਲ ਜੇ ਹੋਵਣ ਖੁਸ਼ੀਆਂ,
ਉਸ ਤੋਂ ਖੁਸ਼ੀਆਂ ਖੱਸੇ ਦੁਨੀਆਂ।
ਕੋਲ ਹੋਵੇ ਜਿੰਨਾ ਮਰਜ਼ੀ ਧਨ,
ਖ਼ੁਦ ਨੂੰ ਧਨਹੀਣ ਦੱਸੇ ਦੁਨੀਆਂ।
ਕੋਈ ਇਸ ਤੋਂ ਅੱਗੇ ਨਾ ਲੰਘੇ,
ਉਸ ਨੂੰ ਸੱਪ ਬਣ ਡੱਸੇ ਦੁਨੀਆਂ।
ਆਪਣੇ ਬਾਰੇ ਚੁੱਪ ਹੈ ਰਹਿੰਦੀ,
ਦਿਲ ਦੀ ਗੱਲ ਨਾ ਦੱਸੇ ਦੁਨੀਆਂ।
ਠੀਕ ਰਾਹ ਤੇ ਤੁਰਨ ਵਾਲੇ ਨੂੰ,
ਪਾਗਲ ਕਹਿ ਕੇ ਹੱਸੇ ਦੁਨੀਆਂ।
ਜਿਸ ਦੇ ਹੱਥ @ਚ ਹੋਵੇ ਡਾਂਗ,
ਉਸ ਤੋਂ ਡਰ ਕੇ ਨੱਸੇ ਦੁਨੀਆਂ।

**ਮਹਿੰਦਰ ਸਿੰਘ ਮਾਨ**
**ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ**
**ਕੈਨਾਲ ਰੋਡ**
**ਨਵਾਂ ਸ਼ਹਿਰ**-144514
**ਫੋਨ** 9915803554

## ਸੋਚ ਲੈ ਬੰਦਿਆ ਆਪੇ

ਸੋਚ ਲੈ ਬੰਦਿਆ ਆਪੇ
ਮੈਂ ਮੋੜ ਵਾਲਾ ਸ਼ੀਸ਼ਾ,
ਇੱਥੇ ਪਿੰਡ ਵਾਲਿਆਂ ਲਾਇਆ ਸੀ।
ਮੇਰੇ ਵਰਗੇ ਤਿੰਨ ਹੋਰ ਖਰੀਦਣ ਲਈ
ਪੈਸਾ ਬਦੇਸ਼ ਤੋਂ ਆਇਆ ਸੀ।
ਇਕ ਸਾਲ ਮੈਂ ਵਾਹਨ ਚਾਲਕਾਂ ਨੂੰ
ਸਾਫ ਰਸਤਾ ਦਰਸਾਇਆ ਸੀ।
ਐਕਸੀਡੈਂਟ ਨਾਲ ਮਰਨ ਤੋਂ
ਮੈਂ ਬਹੁਤਿਆਂ ਨੂੰ ਬਚਾਇਆ ਸੀ
ਫੇਰ ਇਕ ਦਿਨ ਮੇਰੇ ਵਿੱਚ
ਟਰਾਲੀ ਦਾ ਕਿਨਾਰਾ ਲੱਗਿਆ ਸੀ।
ਮੈਂ ਖ਼ੁਦ ਨੂੰ ਬਚਾ ਨਾ ਸਕਿਆ
ਧਰਤੀ ਤੇ ਆ ਡਿੱਗਿਆ ਸੀ।
ਮੈਨੂੰ ਕਿਸੇ ਨਾ ਚੁੱਕਿਆ
ਮੇਰੇ ਉੱਤੋਂ ਗੁਜ਼ਰੀ ਵਾਹਨ ਗਏ।
ਬਰੀਕ, ਬਰੀਕ ਹੋ ਕੇ
ਮੇਰੇ ਟੁਕੜੇ ਮਿੱਟੀ @ਚ ਹੀ ਰਲ ਗਏ।
ਕਿਸੇ ਦਾ ਭਲਾ ਕਰਨ ਵਾਲੇ ਦਾ
ਜੱਗ @ਚ ਜੇ ਇਹ ਹਾਲ ਹੋਵੇ।
ਬੁਰਾ ਕਰਨ ਵਾਲੇ ਦਾ ਕੀ ਹਾਲ ਹੋਊ
ਸੋਚ ਲੈ ਬੰਦਿਆ ਆਪੇ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਤੂੰ ਨਾ ਭੁੱਲਦੀ

ਤਾਰਿਆਂ ਨਾਲ ਮੈਂ ਬਾਤਾਂ ਪਾਵਾਂ
ਜਾਗ ਜਾਗ ਕੇ ਰਾਤ ਲੰਘਾਵਾਂ
ਉੱਠਦਾ ਬਹਿੰਦਾ ਤੇਰਾ ਨਾਮ ਧਿਆਵਾਂ
ਤਸਵੀਰ ਤੇਰੀ ਮੈਂ ਦਿਲ ਨਾਲ ਲਾਵਾਂ
ਝੂਠੀ ਸੌਂਹ ਤੇਰੀ ਮੈਂ ਕਦੇ ਨਾਂ ਖਾਵਾਂ
ਤੂੰ ਤਾਂ ਗੈਰਾਂ ਸੰਗ ਤੁਰ ਗਈ ਲੈ ਕੇ ਲਾਵਾਂ
ਤੂੰ ਨਾ ਭੁੱਲਦੀ ਜਿੰਦੇ ਮੈਂ ਕਿੰਝ ਭੁਲਾਵਾਂ
ਨਾ ਤੂੰ ਦਿਲ ਚ ਵਿਸਰੇ ਦਿਲ ਦੇਵੇ ਦੁਆਵਾਂ
ਤੂੰ ਭੁੱਲ ਗਈ ਮੈਂ ਤਾਂ ਲੱਗੀਆਂ ਤੋੜ ਪੁਗਾਵਾ
ਖੁਦ ਰੋ ਕੇ ਅੜੀਏ ਨੀ ਮੈਂ ਜੱਗ ਹਸਾਵਾਂ
ਤੇਰੇ ਨੈਣਾਂ ਵਰਗੇ ਨੈਣ ਮੈਂ ਕਿਥੋਂ ਲੱਭ ਲਿਆਵਾਂ
ਸੁਫ਼ਨੇ ਵਿੱਚ ਆਉਣ ਤੋਂ ਸੰਧੂਆਂ ਕਿੰਝ ਹਟਾਵਾਂ
ਤਾਰਿਆਂ ਨਾਲ ਮੈਂ ਬਾਤਾਂ ਪਾਵਾਂ
ਜਾਗ ਜਾਗ ਕੇ ਰਾਤ ਲੰਘਾਵਾਂ
ਉੱਠਦਾ ਬਹਿੰਦਾ ਤੇਰਾ ਨਾਮ ਧਿਆਵਾਂ॥

**ਬਲਤੇਜ ਸੰਧੂ** 9465818158

## ਦਿੱਲੀ,ਲਾਹੌਰ

ਅੱਜ ਢਾਹ ਦਿਓ ਕੰਧਾਂ ਕੂੜ ਦੀਆਂ,
ਮੇਟ ਦਿਓ ਲਕੀਰਾਂ ਨੂੰ।
ਕਰੋ ਨੇੜ ਪੰਜੇ ਨਨਕਾਣੇ ਨੂੰ,
ਦੂਰ ਦੀਆਂ ਤਸਵੀਰਾਂ ਨੂੰ।
ਹੁਣ ਵਿੱਛੜੇ ਭਾਈ ਮੇਲ ਦਿਓ,
ਦੇਵੋ ਜੋੜ ਤਕਦੀਰਾਂ ਨੂੰ।
ਕਈ ਜੋਗ ਟਿੱਲੇ ਤੋਂ ਲੈ ਜਾਵਣ,
ਵਰ ਲੈਣ ਰਾਂਝੇ ਹੀਰਾਂ ਨੂੰ।
ਮਿਲ ਲੈਣ ਗੱਲ ਲੱਗ ਕਈ,
ਆਪਣੇ ਵਿਛੜੇ ਵੀਰਾਂ ਨੂੰ।
ਕੱਟ ਦੇਵੋ ਤਾਰਾਂ ਲੱਗੀਆਂ ਨੂੰ,
ਪੈਰੀਂ ਪਈਆਂ ਜੰਜੀਰਾਂ ਨੂੰ।
ਅੱਜ ਦਿੱਲੀ ਲਾਹੌਰ ਮਿਲਾ ਦੇਵੋ,
ਹੈ ਅਰਜ ਸਾਡੀ ਵਜੀਰਾਂ ਨੂੰ।
ਅੱਜ ਧਰਤੀ ਧਾਹਾਂ ਮਾਰਦੀ,
ਤੱਕ ਬੈਠੇ ਮੀਰ ਸ਼ਮੀਰਾਂ ਨੂੰ।
ਕੋਈ ਅੱਲ੍ਹਾ ਕਹੇ ਕੋਈ ਰਾਮ ਕਹੇ,
ਗੁਰੂ ਕਹੇ ਕੋਈ ਪੀਰਾਂ ਨੂੰ।
ਜਖਮ ਅੱਲੇ ਢੱਕ ਲੈਣ ਦਿਓ,
ਅਰਾਮ ਆਵੇ ਦਿੱਤੇ ਚੀਰਾਂ ਨੂੰ।
ਪੱਤੋ, ਮਾਂ ਧਰਤੀ ਹਾਉਂਕੇ ਭਰਦੀ ਏ,
ਤੱਕ ਇੱਜਤ ਹੋਈ ਲੀਰਾਂ ਨੂੰ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ**
94658-21417

## ਛੱਲਾ ਮੁੜਕੇ ਨਹੀਂ ਆਇਆ

ਜਦੋਂ ਦਾ ਪੈਰ ਪ੍ਰਦੇਸ ਚ, ਪਾਇਆਂ
ਸੱਤ ਸਮੁੰਦਰ ਪਾਰ ਦੂਰੀਆਂ ਨੇ
ਕੀ ਕਰੀਏ ਪਈਆ ਮਜਬੂਰੀਆਂ ਨੇ।

ਕੁੱਝ ਹਲਾਤ ਮਾੜੇ ਕਰੇ ਸਰਕਾਰਾਂ ਨੇ
ਦੇਸ ਮੇਰੇ ਦੇ ਵੱਡੇ ਪਹਿਰੇਦਾਰਾ ਨੇ
ਇੱਕ ਦੂਜੇ ਨੂੰ ਵੱਟਦੇ ਘੂਰੀਆਂ ਨੇ
ਕੀ ਕਰੀਏ ਪਈਆ ਮਜਬੂਰੀਆਂ ਨੇ।

ਕੁੱਝ ਆਪੇ ਆਪਾਂ ਖਰਚ ਵਧਾਏ ਨੇ
ਮੋਬਾਈਲ ਜਦੋਂ ਦੇ ਹੋਂਦ ਵਿੱਚ ਆਏ ਨੇ
ਪੈਂਦੀਆਂ ਦੇਸ ਰਹਿ ਕੇ ਨਾ ਪੂਰੀਆਂ ਨੇ
ਕੀ ਕਰੀਏ ਪਈਆ ਮਜਬੂਰੀਆਂ ਨੇ।

ਚਿਹਰਿਆਂ ਤੋਂ ਉੱਡਗੀ ਲਾਲੀ ਏ
ਏਥੇ ਔਖੀ ਕਮਾਈ ਬਾਹਲੀ ਏ
ਸੁਖਚੈਨ,ਘਰੇ ਜਾਣ ਨੂੰ ਉੱਠਦੀਆਂ ਲੂਰੀਆ ਨੇ
ਕੀ ਕਰੀਏ ਪਈਆ ਮਜਬੂਰੀਆਂ ਨੇ।

**ਸੁਖਚੈਨ ਸਿੰਘ,ਠੱਠੀ ਭਾਈ,**
0097152763924

**ਮੈਂ ਭੀ ਮਿੱਟੀ ਤੂੰ ਭੀ ਮਿੱਟੀ ਮਿੱਟੀ ਦਾ ਹੀ ਘੜਾ ਬਣਾਇਆ**

ਮਿੱਟੀ ਪੁੱਛਦੀ ਮਿੱਟੀ ਨੂੰ ਦਸ ਕਿਮੇ ਹੱਥ ਘੜੇ ਨੂੰ ਲਾਇਆ
ਵੇਖੋ ਕਿਮੇ ਝੂਠੀ ਸ਼ਾਨ ਝੂਠੀ ਅਣਖ ਦੀ ਖਾਤਿਰ ਮਿੱਟੀ ਨੇ
ਅਛੂਤ ਦਸਕੇ ਮਿੱਟੀ ਨੂੰ ਮਿੱਟੀ ਖ਼ਾਤਿਰ ਮਾਰ ਮੁਕਾਈਆ ।।
ਮਿੱਟੀ ਕਹਿੰਦੀ ਦਫ਼ਨ ਹੋਕੇ ਮਿੱਟੀ ਚ ਮਿੱਟੀ ਬਣ ਜਾਣਾ ਏ
ਜਿਸ ਮਿੱਟੀ ਵਿਚ ਕਲ ਹੱਲ ਜੋਤਕੇ ਤੂੰ ਅੰਨ ਉਗਾਣਾ ਏ
ਫੇਰ ਕਿਥੇ ਗਯਾ ਤੇਰਾ ਘਮੰਡ ਉੱਚ ਨੀਚ ਜਾਤੀਵਾਦ ਦਾ
ਯੇ ਅੰਨ ਮੇਰੇ ਜਿਸਮ ਦੀ ਮਿੱਟੀ ਚੋਂ ਉਗਿਆ ਹੀ ਖਾਣਾ ਏ ।।
ਇਹ ਮੇਰੇ ਜਿਸਮ ਨੂੰ ਛੂਕੇ ਜੋ ਤੇਰੇ ਨਾਲ ਟਕਰਾਉਂਦੀ ਏ
ਤੂੰ ਅਪਵਿੱਤਰ ਹੋ ਜਾਣਾ ਕਯੋਂ ਸਮਝ ਨ ਤੈਨੂੰ ਆਉਂਦੀ ਏ
ਸਾਹ ਲੈਣਾ ਹੀ ਛੱਡ ਦੇ ਬੰਦਿਆਂ ਏ ਹਵਾ ਭੀ ਅਛੂਤ ਹੈ
ਜੋ ਮੇਰੇ ਸਾਹਾਂ ਚੋ ਨਿੱਕਲਕੇ ਤੇਰੇ ਸਾਹਾਂ ਚ ਸਮੋਉਂਦੀ ਏ ।।
ਮੀਂਹ ਪੈਣ ਤੇ ਮਿੱਟੀ ਜਿਸਮ ਦੀ ਪਾਣੀ ਚ ਘੁੱਲ ਜਾਏਗੀ
ਕਿਮੇਂ ਕਰੇਂਗਾ ਵੱਖ ਪਾਣੀ ਚੋਂ ਜੋ ਪਾਣੀ ਹੀ ਬਣ ਜਾਏਗੀ
ਤੈਨੂੰ ਬੂ ਪਾਣੀ ਚੋਂ ਆਊਗੀ ਜਦ ਘੁਟ ਭਰੇਂਗਾ ਪਾਣੀ ਦਾ
ਫੇਰ ਦੱਸ ਕਿਮੇ ਪਿਏਂਗਾ ਪਾਣੀ ਤੇਰੀ ਜਾਤਿ ਕਿੱਥੇ ਜਾਏਗੀ ।।
ਖੂਹ ਵੱਖਰੇ ਸ਼ਮਸ਼ਾਨ ਵੱਖਰੇ ਵੱਖਰੇ ਪੰਡਿਤ ਭੋਗ ਸ਼ਰਾਧ ਹੈ
ਦਲਿਤ ਦਾ ਪਰਸ਼ਾਵਾਂ ਭੀ ਅਛੂਤ ਤੇ ਗੌ ਮੂਤਰ ਪ੍ਰਸ਼ਾਦ ਹੈ
ਪਾਣੀ ਪਿੱਛੇ ਜਾਨ ਕੱਡ ਲਈ ਇਹ ਕੈਸਾ ਸੱਭਿਆ ਸਮਾਜ ਹੈ
ਅਮਿਤ ਹਰ ਘਰ ਲਹਿਰਾ ਤਿਰੰਗਾ ਬੇਸ਼ਕ ਜਸ਼ਨ ਮਨਾ
ਪਰ ਏ ਦੱਸ ਕਿ ਬਹਮ ਹੈ ਤੇਰਾ ਯਾ ਸੱਚੀ ਤੂੰ ਆਜ਼ਾਦ ਹੈ ।।

**ਅਮਿਤ ਰੱਤਾ**
**ਅੰਬ ਉਨਾ ਹਿਮਾਚਲ ਪ੍ਰਦੇਸ਼**

## ਗਜਲ

ਛੰਨ ਦੇ ਬਾਹਰ ਬਣਨ ਪਕੌੜੇ ਨਹਿਰ ਕਿਨਾਰਾ ਚੇਤੇ ਆ।
ਲਾਲ ਅੰਗੂਰੀ ਗੱਪਾਂ ਛੱਪਾਂ ਵਿੱਚ ਨਜਾਰਾ ਚੇਤੇ ਆ।
ਪਿੰਡ ਦੀਆਂ ਕੱਚੀਆਂ ਸੜਕਾਂ ਉੱਤੇ ਮਸਤੀ ਦੇ ਨਾਲ ਜਾਣਾ,
ਇੱਕ ਪੁਰਾਣੇਂ ਸਾਈਕਲ ਦਾ ਉਹ ਨਾਲ ਸਹਾਰਾ ਚੇਤੇ ਆ।
ਚੁੱਲ੍ਹੇ ਦੀ ਅੱਗ ਉੱਤੇ ਫੁਲਕਾ ਦਾਦੀ ਮਾਂ ਜਦ ਸੇਕ ਦਵੇ,
ਮੱਖਣ ਟੋਟਾ ਸਾਗ ਸਰੋਂ ਦਾ ਨਾਲ ਗੁਜਾਰਾ ਚੇਤੇ ਆ।
ਉਸ ਨੂੰ ਤਕ ਕੇ ਅਜ ਵੀ ਮੇਰਾ ਬਚਪਨ ਚੇਤੇ ਆਉਂਦਾ ਹੈ,
ਨੁੱਕਰ ਦੇ ਵਿਚ ਸਾਮ ਢਲੇ ਨੂੰ ਚੜ੍ਹਦਾ ਤਾਰਾ ਚੇਤੇ ਆ।
ਪਹਿਲੀ ਵਾਰੀ ਮਿਲਿਆ ਸੀ ਉਹ ਚੌਰਾਹੇ ਦੀ ਨੁੱਕਰ ਤੇ,
ਬੁੱਲ੍ਹਾਂ ਚੋਂ ਮੁਸਕਾਅ ਕੇ ਉਸ ਨੇ ਲਾਇਆ ਲਾਰਾ ਚੇਤੇ ਆ।
ਬਾਪੂ ਦੇ ਨਾਲ ਪੱਠੇ ਪਾਉਣੇ ਨਾਲ ਰੇਡੀਓ ਸੁਣਨਾ,
ਡੰਗਰਾਂ ਵਾਲਾ, ਤੂੜੀ ਵਾਲਾ, ਕੱਚਾ ਢਾਰਾ ਚੇਤੇ ਆ।
ਹਰੀਆਂ ਮਿਰਚਾਂ ਨਾਲ ਅਚਾਰ ਲਸੂੜਾ,ਢੇਉ, ਗਾਜਰ ਦਾ,
ਭੂਕਾਂ ਵਾਲਾ ਪਿਆਜ ਸਵਾਦੀ ਦਾਰੂ,ਖਾਰਾ ਚੇਤੇ ਆ।
ਕਿਥੋਂ ਲਭਣੀ ਜੁੰਡਲੀ ਐਸੀ ਰੱਬ ਤੋਂ ਵੱਧ ਪਿਆਰੀ,
ਭੋਲਾ,ਤੇਜਾ,ਮੇਦਨ, ਆਸਿਮ,ਪੰਕਜ ਪਿਆਰਾ ਚੇਤੇ ਆ।
ਜੁਲਫਾਂ ਦੇ ਵਿਚ ਨਥਣੀ ਵਾਲਾ ਸੁੰਦਰ ਮੁਖੜਾ ਨਜਰ ਪਵੇ,
ਅੱਧੀ ਰਾਤੀਂ ਜਗਮਗ ਜਗਦਾ ਇੱਕ ਚੁਬਾਰਾ ਚੇਤੇ ਆ।
ਢਿੱਡੀਂ ਪੀੜਾਂ ਪਾ ਦਿੰਦਾ ਸੀ ਐਸੀ ਯੁਕਤ ਬਣਾਉਂਦਾ ਸੀ,
ਚਾਚੇ ਵਾਲੀ ਹਾਸ ਠਿਠੋਲੀ ਵਿੱਚ ਫੁਵਾਰਾ ਚੇਤੇ ਆ।
ਤੇਰਾ ਮੇਰਾ ਸਾਰਾ ਅੰਬਰ ਗਹਿਰਾਈ ਵਿੱਚ ਲੀਨ ਰਿਹਾ,
ਅੱਧੀ ਰਾਤੀਂ ਝੀਲ ਚ ਤਰਦਾ ਤਾਰਾ ਤਾਰਾ ਚੇਤੇ ਆ।
ਬੀਤੇ ਵਕਤਾਂ ਵਾਲਾ ਉਹ ਯੁੱਗ ਸੋਨ ਸੁਨਹਿਰੀ ਰੰਗਾਂ ਦਾ,
ਗਜਲਾਂ ਦੇ ਵਿਚ ਅਜ ਵੀ ਮੈਨੂੰ ,ਬਾਲਮ ਯਾਰਾਂ ਚੇਤੇ ਆ।

**ਬਲਵਿੰਦਰ ਬਾਲਮ**
919815625409

ਕਮਜ਼ੋਰ ਉਹ ਨਹੀਂ
ਜੋ ਲੜ ਰਹੇ ਨੇ ਚਿਰਾਂ ਤੋਂ
ਆਪਣੇ ਹੱਕਾਂ ਲਈ
ਅਤੇ ਜਿਨ੍ਹਾਂ ਨੂੰ ਹਾਲੇ
ਕੋਈ ਸਫਲਤਾ ਨਹੀਂ ਮਿਲੀ।
ਕਮਜ਼ੋਰ ਉਹ ਨਹੀਂ
ਜੋ ਰਹਿੰਦੇ ਨੇ ਕੱਚੇ ਕੋਠਿਆਂ 'ਚ
ਤੇ ਜਿਨ੍ਹਾਂ ਨੂੰ ਮਿਲਦੀ ਨਹੀਂ
ਢਿੱਡ ਭਰਨ ਲਈ ਦੋ ਵੇਲੇ ਦੀ ਰੋਟੀ
ਤੇ ਤਨ ਢਕਣ ਲਈ ਕਪੜਾ।
ਕਮਜ਼ੋਰ ਤਾਂ ਉਹ ਹਨ
ਜੋ ਇਹ ਕਹਿੰਦੇ ਨੇ
"ਸਾਡੇ ਲੇਖਾਂ 'ਚ ਹੀ ਲਿਖਿਆ ਹੈ
ਕੱਚੇ ਕੋਠਿਆਂ 'ਚ ਰਹਿਣਾ,
ਢਿੱਡੋਂ ਭੁੱਖੇ ਰਹਿਣਾ
ਤੇ ਤਨਾਂ ਤੋਂ ਨੰਗੇ ਰਹਿਣਾ।"

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ**-9915803554

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 274

Website: www.preetnama.com Email preetnamausa@gmail.com

18 OCT TO 24 OCT , 2024


